



# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 151 Wednesday, August 07, 2019 Tel: 905-793-2202 | Fax: 905-793-2282 | news@punjabipost.ca

To view our online newspaper visit **punjabipost.ca/epaper** ***THE ONLY DAILY PUNJABI NEWS*** *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*








*Terms and conditions apply. Issued by HSBC Bank Canada and HSBC Investment Funds (Canada) Inc. [1]Waived fee for transfers valued under $10K CAD from HSBC Bank Canada personal accounts. Currency of wire must differ from account currency. CAD equivalent is determined at time the transfer is processed. Exchange rate will apply, additional agency/beneficiary bank fees may apply.

# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
DENTISTRY
Squire Ellis Dr
Countryside Dr

# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

## KITCHEN CABINET

Special Discount for Contractors
ਵਾਜਿਬ ਦਾਮ ਤੇ ਸਮੇਂ ਸਿਰ ਕੰਮ

Free Estimate

100% Satisfaction

We Specialize in granite, quartz & marble countertops



KITCHEN CABINET



WASHROOM

- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
**416-200-0931**

# APEX

CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com



Laddi



# TCMPLUS

**10 YEARS' FAMOUS TRADITIONAL CHINESE MEDICINE CLINIC**

Herbal and Acupuncture.
Treat your roots, Real Result "NO FAKE".

## WE TREAT:

- Diabetes
- Low Energy
- Depression
- Anxiety
- Gout
- Disc Pain
- Prostatitis
- High Blood Pressure
- Cron's Disease
- Colitis
- Stress
- Acid Reflux
- Digestive
- Sleep Disorder

1st Month Discount

**FREE CONSULTATION:** **905-415-6999**
30 Wertheim court, Unit 11, Richmond Hill

# SASH FLEET HOLDING LTD

Established since 2007

## NOW HIRING!!!

AZ DRIVERS FOR US

- 3 or more years' experience
- Good pay 6,000 to 7,000/month
- Pay Bi-weekly.
- No waiting for freight.
- Direct customers
- Good new Equipment



**HIRING!!! Operations Manager**
- Pay as per the experience plus benefits after 3 month.
- Must have (4) or more years' experience working with freight brokers in the freight business or Sound links or network for Canadian & US freight.

Send all resume to recuit@sashts.com





# Data everywhere. No surprise charges anywhere.

chatr
AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਮੁੱਦਾ ਬਰਗਾੜੀ ਦਾ ਲੱਗਾ ਨਾ ਤਣ-ਪੱਤਣ,
ਇਸ ਦੀ ਤੇਜ਼ ਹੋ ਗਈ ਬਹਿਸ ਫੇਰ ਬੇਲੀ।
ਭੜਕੀ ਭਾਸ਼ਾ ਵਿੱਚ ਬੋਲਦੇ ਫਿਰਨ ਲੀਡਰ,
ਭਾਜੀ ਪਾਉਣ ਲਈ ਹੋਵੇ ਨਹੀਂ ਦੇਰ ਬੇਲੀ।
ਪਾਉਣੀ ਮੋੜਵੀਂ ਭਾਜੀ ਆ ਜਿਹੜਿਆਂ ਨੇ,
ਉਹ ਵੀ ਲੈਂਦੇ ਕਈ ਮੂਹਰਿਓਂ ਘੇਰ ਬੇਲੀ।
ਸਮੁੱਚੇ ਪਾਪਾਂ ਦਾ ਜਿਨ੍ਹਾਂ ਸਿਰ ਦੋਸ਼ ਲੱਗਦਾ,
ਉਹ ਵੀ ਭੁੜਕਣ ਨੂੰ ਬਣੇ ਪਏ ਸ਼ੇਰ ਬੇਲੀ।
ਸਾਲਾਂ ਚਹੁੰਆਂ ਦੀ ਪੈਂਦੀ ਪਈ ਖੱਪ ਸੁਣਦੀ,
ਲੱਗਿਆ ਕਿਸੇ ਨਹੀਂ ਸਿਰੇ ਪਰ ਕੇਸ ਬੇਲੀ।
ਵਿਗੜਨਾ ਜਾਪਦਾ ਕੱਖ ਨਹੀਂ ਦੋਸ਼ੀਆਂ ਦਾ,
ਸਿਆਸਤ ਕਰਨ ਦੀ ਲੱਗੀ ਆ ਰੇਸ ਬੇਲੀ।

**ਤੀਸ ਮਾਰ ਖਾਂ**

# ਜੰਮੂ-ਕਸ਼ਮੀਰ ਪੁਨਰ ਗਠਨ: ਧਾਰਾ 370 ਦਾ ਖਾਤਮਾ ਕਰਨ ਦਾ ਬਿੱਲ ਲੋਕ ਸਭਾ ਵੱਲੋਂ ਵੀ ਵੱਡੇ ਬਹੁ-ਮਤ ਨਾਲ ਪਾਸ

ਨਵੀਂ ਦਿੱਲੀ, 6 ਅਗਸਤ, (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਧਾਰਾ 370 ਨੂੰ ਖਤਮ ਕਰ ਦੇਣ ਤੇ ਇਸ ਰਾਜ ਨੂੰ ਤੋੜ ਕੇ ਜੰਮੂ-ਕਸ਼ਮੀਰ ਅਤੇ ਲੱਦਾਖ ਦੀਆਂ ਦੋ ਯੂਨੀਅਨ ਟੈਰੀਟਰੀਜ਼ ਬਣਾਉਣ ਦਾ ਜੰਮੂ-ਕਸ਼ਮੀਰ ਰਾਜ ਪੁਨਰ ਗਠਨ ਬਿੱਲ ਅੱਜ ਲੋਕ ਸਭਾਨੇ ਵੋਟਾਂ ਨਾਲ ਪਾਸ ਕਰ ਦਿੱਤਾ ਹੈ। ਇਸ ਦੇ ਪੱਖ ਵਿੱਚ 366 ਵੋਟਾਂਤੇ ਵਿਰੋਧ ਵਿੱਚ ਸਿਰਫ 66 ਵੋਟਾਂ ਪਈਆਂ। ਸਮਾਜਵਾਦੀ ਪਾਰਟੀ ਨੇ ਸਦਨਤੋਂ ਵਾਕਆਊਟ ਕਰ ਦਿਤਾ।

ਇਹ ਬਿੱਲ ਪਾਸ ਕੀਤੇ ਜਾਣਤੋਂ ਪਹਿਲਾਂ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਲੋਕ ਸਭਾ ਵਿੱਚ ਕਿਹਾ ਕਿ ਮੈਂ ਧਾਰਾ 370 ਨੂੰ ਖਤਮ ਕਰਨ ਲਈ ਪ੍ਰਧਾਨ ਮੰਤਰੀ ਮੋਦੀ ਨੂੰ ਪ੍ਰਣਾਮ ਕਰਦਾ ਹਾਂ, ਕਿਉਂਕਿ ਧਾਰਾ 370 ਨੇ ਸ਼ੰਕਿਆਂ ਨੂੰ ਜਨਮ ਦਿੱਤਾ ਸੀ ਤੇ ਇਹੋ ਧਾਰਾ 370 ਕਸ਼ਮੀਰ ਨੂੰ ਦੇਸ਼ ਨਾਲ ਜੋੜਨ ਦੇ ਰਾਹ ਵਿੱਚ ਰੁਕਾਵਟ ਸੀ, ਜਿਸ ਨੂੰ ਨਰਿੰਦਰ ਮੋਦੀ ਦੀ ਅਗਵਾਈ ਹੇਠ ਦੂਰ ਕੀਤਾ ਗਿਆ ਹੈ। ਉਨ੍ਹਾਂ ਕਾਂਗਰਸ ਪਾਰਟੀ ਦੇ ਨੇਤਾ ਅਧੀਰਰੰਜਨ ਚੌਧਰੀ ਦੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਕਿ ਪੀਓਕੇ (ਪਾਕਿਸਤਾਨੀ ਕਬਜ਼ੇ ਵਾਲਾ ਕਸ਼ਮੀਰ) ਵੀ ਸਾਡੇ ਜੰਮੂ-ਕਸ਼ਮੀਰ ਦਾ ਅਨਿੱਖੜਵਾਂ ਅੰਗ ਹੈ। ਉਨ੍ਹਾਂ ਕਿਹਾ ਕਿ ਭਾਰਤ ਦਾ ਬੱਚਾ-ਬੱਚਾ ਬੋਲ ਰਿਹਾ ਹੈ ਕਿ ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਹੈ,ਪਰ ਅਸੀਂ ਇਹ ਕਿਉਂਨਹੀਂ ਬੋਲਦੇ ਕਿ ਉੱਤਰ ਪ੍ਰਦੇਸ਼ ਦੇਸ਼ ਦਾ ਅਨਿੱਖੜਵਾਂ ਅੰਗ ਹੈ ਜਾਂ ਤਾਮਿਲਨਾਡੂ ਦੇਸ਼ ਦਾ ਅਨਿੱਖੜਵਾਂ ਅੰਗ ਹੈ। ਇਹ ਇਸਲਈ ਕਿ ਧਾਰਾ 370 ਨੇ ਦੇਸ਼ ਤੇ ਦੁਨੀਆ ਵਿੱਚ ਸ਼ੱਕ ਪੈਦਾ ਕਰ ਦਿੱਤਾ ਸੀ ਕਿ ਕਸ਼ਮੀਰ ਭਾਰਤ ਦਾ ਅਨਿੱਖੜਵਾਂ ਅੰਗ ਹੈ ਜਾਂ ਨਹੀਂ।ਗ੍ਰਹਿ ਮੰਤਰੀ ਨੇ ਕਿਹਾ ਕਿ ਏਥੇ ਬੈਠੇ ਇਕ-ਦੋ ਜਣਿਆਂਤੋਂ ਬਿਨਾ ਕਿਸੇ ਨੇ ਧਾਰਾ 370 ਖਤਮ ਕਰਨ ਦਾ ਵਿਰੋਧ ਨਹੀਂ ਕੀਤਾ। ਇਹ ਲੋਕ ਵੀ ਚਾਹੁੰਦੇ ਹਨ ਕਿ 370 ਹਟ ਜਾਵੇ, ਪਰ ਉਨ੍ਹਾਂ ਅੱਗੇ ਵੋਟ ਬੈਂਕ ਦਾ ਸਵਾਲ ਆ ਜਾਂਦਾ ਹੈ। ਦੇਸ਼ ਦੀਆਂ ਹੱਦਾਂ ਅੰਦਰ ਕੋਈ ਵੀ ਫ਼ੈਸਲਾ ਲੈਣ ਦਾ ਸਾਡੀ ਪਾਰਲੀਮੈਂਟ ਦਾ ਪੂਰਾ ਸੰਵਿਧਾਨਿਕ ਅਧਿਕਾਰ ਹੈ। ਅਮਿਤ ਸ਼ਾਹ ਨੇ ਕਿਹਾ ਕਿ ਕੇਂਦਰ ਸ਼ਾਸਿਤ ਰਾਜ ਬਾਰੇ ਮੈਂ ਦੇਸ਼ ਅਤੇ ਮੁੱਖ ਤੌਰਓਥੇਕਸ਼ਮੀਰ ਘਾਟੀ ਦੇ ਲੋਕਾਂ ਨੂੰ ਭਰੋਸਾ ਦੇਂਦਾ ਹਾਂ ਕਿ ਸਥਿਤੀ ਸਾਧਾਰਨ ਹੁੰਦੇ ਸਾਰ ਪੂਰੇ ਰਾਜ ਦਾ ਦਰਜਾ ਦੇਣਤੋਂ ਸਾਨੂੰ ਸੰਕੋਚ ਨਹੀਂ ਹੋਵੇਗਾ।

ਗ੍ਰਹਿ ਮੰਤਰੀ ਨੇ ਕਿਹਾ ਕਿ ਜਦੋਂ ਭਾਰਤ-ਪਾਕਿਸਤਾਨ ਨੇ ਯੂ ਐੱਨ ਦੇ ਮਤੇ ਨੂੰ ਮੰਨਿਆ ਸੀ, ਓਦੋਂ ਕਿਸੇ ਵੀ ਦੇਸ਼ ਦੀ ਫ਼ੌਜ ਨੂੰ ਸਰਹੱਦਾਂ ਦੇ ਉਲੰਘਣ ਦਾ ਅਧਿਕਾਰ ਨਹੀਂ ਸੀ ਰਿਹਾ, ਪਰ 1965 ਵਿੱਚ ਪਾਕਿਸਤਾਨ ਨੇ ਸਰਹੱਦ ਉਲੰਘੀ ਤਾਂ ਉਹ ਮਤਾ ਆਪਣੇ ਆਪ ਰੱਦ ਹੋ ਗਿਆ ਸੀ। ਉਨ੍ਹਾਂ ਕਿਹਾ ਕਿ 370 ਧਾਰਾ ਹਟਾਉਣਾ ਇਸ ਲਈ ਜ਼ਰੂਰੀ ਹੈ ਕਿਇਹ ਧਾਰਾ ਸਾਰੇ ਦੇਸ਼ ਦੀ ਪਾਰਲੀਮੈਂਟ ਦੇ ਮਹੱਤਵ ਨੂੰ ਘੱਟ ਕਰਦੀ ਹੈ, ਦੇਸ਼ ਦਾ ਕਾਨੂੰਨ ਉਥੋਂ ਤੱਕ ਨਹੀਂ ਪਹੁੰਚਦਾ ਅਤੇ ਇਸ ਕਾਰਨ ਪਾਕਿਸਤਾਨ ਓਥੋਂ ਦੇ ਲੋਕਾਂ ਦੇ ਮਨਾਂ ਵਿੱਚ ਵੱਖਵਾਦ ਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਧਾਰਾ 371 ਮਹਾਰਾਸ਼ਟਰ ਦੇ ਵਿਕਾਸ ਨਾਲ ਜੁੜੀ ਹੈ, ਉਸ ਨੂੰ ਅਸੀਂਕਿਉਂ ਹਟਾਵਾਂਗੇ, ਇਸ ਨਾਲ ਦੇਸ਼ ਦੀ ਅਖੰਡਤਾ ਤੇ ਏਕਤਾ ਵਿੱਚ ਰੁਕਾਵਟ ਨਹੀਂ ਆਉਂਦੀ, ਇਸ ਲਈ ਇਸ ਦੀ ਤੁਲਨਾ 370 ਨਾਲ ਨਹੀਂਹੋ ਸਕਦੀ। ਵੱਖ-ਵੱਖ ਰਾਜਾਂ ਦੀਆਂ ਕੁਝ ਸਮੱਸਿਆਵਾਂ ਨੂੰ ਧਾਰਾ 371 ਵਿੱਚ ਰੱਖਿਆ ਗਿਆ ਹੈ,ਅਸੀਂ ਇਸ ਧਾਰਾ ਨੂੰ ਕਦੇ ਨਹੀਂ ਹਟਾਵਾਂਗੇ।

ਮੁਸਲਿਮ ਆਗੂ ਅਸਦੁਦੀਨ ਓਵੇਸੀ ਦਾ ਜਵਾਬ ਦਿੰਦੇ ਹੋਏ ਅਮਿਤ ਸ਼ਾਹ ਨੇ ਕਿਹਾ ਕਿ ਅਸੀਂ ਇਤਿਹਾਸਕ ਭੁੱਲ ਨਹੀਂਕਰ ਰਗੇ, ਇਤਿਹਾਸਕ ਭੁੱਲ ਸੁਧਾਰਨ ਲੱਗੇ ਹਾਂ,ਅਸੀਂ ਫ਼ੈਸਲਾ ਚੋਣਾਂ ਵੇਖ ਕੇ ਨਹੀਂ, ਦੇਸ਼ ਦੇ ਹਿੱਤ ਵੇਖ ਕੇ ਕਰਦੇ ਹਾਂ। ਅਜੇ ਤੱਕ ਕਿਸੇ ਨੇ ਇਹ ਗੱਲ ਨਹੀਂਦੱਸੀ ਕਿ ਧਾਰਾ 370 ਕਸ਼ਮੀਰ ਲਈ ਲਾਭਦਾਇਕਕਿਵੇਂ ਹੈ। ਅਸੀਂ ਹੁਰੀਅਤ ਕਾਨਫਰੰਸ ਦੇ ਆਗੂਆਂ ਨਾਲ ਗੱਲਨਹੀਂ ਕਰਨਾ ਚਾਹੁੰਦੇ, ਕਸ਼ਮੀਰ ਘਾਟੀ ਦੇ ਲੋਕ ਸਾਡੇ ਹਨ, ਅਸੀਂ ਉਨ੍ਹਾਂ ਨੂੰ ਛਾਤੀ ਨਾਲ ਲਾਵਾਂਗੇ, ਉਨ੍ਹਾਂ ਨੂੰ ਪਿਆਰ ਕਰਾਂਗੇ, ਪੂਰਾ ਦੇਸ਼ ਉਨ੍ਹਾਂ ਨੂੰ ਪਿਆਰ ਕਰੇਗਾ। ਉਨ੍ਹਾਂਦੇ ਮਨ ਵਿੱਚ ਕੋਈ ਸ਼ੱਕ ਹੋਵੇ ਤਾਂ ਚਰਚਾ ਕਰਾਂਗੇ, ਸਾਨੂੰ ਕੋਈ ਇਤਰਾਜ਼ ਨਹੀਂ ਹੈ। ਪੰਡਿਤ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ ਕਿ ਧਾਰਾ 370 ਆਰਜ਼ੀ ਹੈ, ਯੋਗ ਸਮਾਂ ਆਉਣਉੱਤੇ ਹਟਾ ਦੇਵਾਂਗੇ, ਪਰ 70 ਸਾਲ ਵਿੱਚ ਕਾਂਗਰਸ ਵਾਲੇਨਹੀਂ ਹਟਾ ਸਕੇ।

ਅਮਿਤ ਸ਼ਾਹ ਨੇ ਕਿਹਾ ਕਿ 370 ਹਟਾਉਣਾ ਫਿਰਕੂ ਏਜੰਡਾ ਕਿਵੇਂ ਬਣਦਾ ਹੈ? ਕੀ ਓਥੇ ਹਿੰਦੂ, ਸਿੱਖ ਤੇ ਜੈਨ ਸਾਰੇ ਨਹੀਂ ਰਹਿੰਦੇ? ਅੱਜ ਤੱਕ ਓਥੇ ਘੱਟ ਗਿਣਤੀ ਕਮਿਸ਼ਨ ਨਹੀਂ ਬਣਾਇਆ ਗਿਆ। ਇਸ ਰਾਜ ਦੇ ਸਫਾਈ ਕਾਮਿਆਂਲਈਕੋਈ ਕਮਿਸ਼ਨ ਨਹੀਂ ਬਣਿਆ। ਇਹ ਸਿਰਫ਼ ਧਾਰਾ 370 ਕਾਰਨ ਹੋਇਆ ਹੈ। ਸਿੱਖਿਆ ਅਧਿਕਾਰ ਦਾ ਕਾਨੂੰਨ ਓਥੇ ਅਜੇ ਤੱਕ ਨਹੀਂਬਣਿਆ। ਇਸ ਧਾਰਾ ਕਾਰਨ ਲੋਕ ਚੰਗੀਆਂ ਸਿਹਤ ਸਹੂਲਤਾਂ ਤੋਂ ਵਾਂਝੇ ਹਨ। ਜੰਮੂ-ਕਸ਼ਮੀਰਵਿੱਚ ਲੰਮਾ ਸਮਾਂ ਤਿੰਨ ਪਰਿਵਾਰਾਂ ਦਾ ਰਾਜ ਰਿਹਾ ਹੈ। 1989 ਤੋਂਅੱਜ ਤੱਕ 41 ਹਜ਼ਾਰ ਲੋਕ ਮਾਰੇ ਗਏ, ਕੀ ਅਸੀਂ ਉਸੇ ਰਸਤੇ-ਚੱਲਣਾ ਚਾਹੁੰਦੇ ਹਾਂ। 70 ਸਾਲ ਇਸੇ ਰਸਤੇਚੱਲੇ ਹਾਂ, ਕੀ ਇਹ ਰਾਹ ਬਦਲਣਾ ਨਹੀਂ ਚਾਹੀਦਾ। ਉਨ੍ਹਾ ਨੇ ਕਿਹਾ ਕਿ ਕਾਂਗਰਸ ਧਾਰਾ 370 ਨੂੰ ਬਚਾਉਣਾ ਚਾਹੁੰਦੀ ਹੈ। ਮੈਨੂੰ ਭਰੋਸਾ ਹੈ ਕਿ ਪੰਜ ਸਾਲਾਂ ਬਾਅਦ ਜੰਮੂ-ਕਸ਼ਮੀਰ ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਜੋ ਵਿਕਾਸ ਹੋਣ ਵਾਲਾ ਹੈ, ਉਹ ਦੇਖ ਕੇ ਘਾਟੀ ਦੀ ਜਨਤਾ ਵੀ ਆਖੇਗੀ ਕਿ 370 ਦਾ ਜਿਹੜਾ ਛਣਕਣਾ ਸਾਨੂੰ ਫੜਾਇਆ ਗਿਆ ਸੀ, ਉਸ ਨਾਲ ਸਾਡਾ ਬਹੁਤ ਨੁਕਸਾਨ ਹੋਇਆ ਹੈ।



## ਪੰਜਾਬੀ ਪੋਸਟ ਤੇ ਗਰੇਵਾਲ ਪਰਿਵਾਰ ਵੱਲੋਂ ਬਾਰਬੀਕਿਊ 10 ਅਗਸਤ ਨੂੰ

YOU'RE INVITED TO
The Grewal Family's
COMMUNITY BACKYARD BBQ
SATURDAY
AUG 10th 2019
@ 4PM
31 Fenton Way, Brampton
(MCVEAN & COUNTRYSIDE)
R.S.V.P (416) 877-6464

ਪੰਜਾਬੀ ਪੋਸਟ ਨੂੰ ਚੜ੍ਹਿਆ 18ਵਾਂ ਸਾਲ
ਕੈਨੇਡੀਅਨ ਪੰਜਾਬੀ ਪੋਸਟ

ਪੰਜਾਬੀ ਪੋਸਟ ਦੇ ਪਾਠਕਾਂ ਤੇ ਸਹਿਯੋਗੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੈਨੇਡੀਅਨ ਪੰਜਾਬੀ ਪੋਸਟ ਦੇ 18ਵੇ ਸਾਲ ਵਿਚ ਪ੍ਰਵੇਸ਼ ਕਰਨ ਦੀ ਖੁਸ਼ੀ ਵਿਚ ਅਤੇ ਗਰੇਵਾਲ ਪਰਿਵਾਰ ਵਲੋਂ ਹਰ ਪੱਖੋ ਭਾਈਚਾਰੇ ਵਿਚੋਂ ਮਿਲੇ ਸਹਿਯੋਗ ਲਈ ਧੰਨਵਾਦ ਹਿਤ ਬਾਰਬੀਕਿਊ ਪ੍ਰੋਗਰਾਮ ਆਪਣੇ ਗ੍ਰਹਿ ਵਿਖੇ 10 ਅਗਸਤ ਨੂੰ ਰੱਖਿਆ ਗਿਆ ਹੈ। ਇਸ ਦਾ ਸਮਾਂ 4 ਵਜੇ ਤੋਂ ਲੈ ਕੇ 8 ਵਜੇ ਤੱਕ ਹੋਵੇਗਾ। ਜਗਦੀਸ਼ ਗਰੇਵਾਲ ਨੇ ਸਮੂਹ ਭਾਈਚਾਰੇ ਦੀਆਂ ਉਨ੍ਹਾਂ ਸੰਸਥਾਵਾਂ ਨੂੰ ਅਪੀਲ ਕੀਤੀ ਹੈ ਕਿ ਜੋ ਵੀ ਪੰਜਾਬੀ ਪੋਸਟ ਦੇ ਤੇ ਗਰੇਵਾਲ ਪਰਿਵਾਰ ਦੇ ਸਹਿਯੋਗੀ ਰਹੇ ਹਨ, ਉਹ ਜਰੂਰ ਇਸ ਦਿਨ ਆਪਣੀ ਹਾਜਰੀ ਲਗਵਾਉਣ। ਉਨ੍ਹਾਂ ਕਿਹਾ ਕਿ ਇਸ ਈਵੈਂਟ ਵਿਚ ਸ਼ਮੂਲੀਅਤ ਲਈ ਇਕ ਵਾਰ ਪੰਜਾਬੀ ਪੋਸਟ ਦੇ ਦਫਤਰ ਜਾਂ ਫੇਰ ਜਗਦੀਸ਼ ਗਰੇਵਾਲ ਦੇ ਨਿੱਜੀ ਫੋਨ ਉਤੇ ਸੰਪਰਕ ਕਰਕੇ ਆਪਣਾ ਨਾਮ ਜਰੂਰ ਲਿਖਵਾ ਦੇਣ।

## ਛੁਰੇਬਾਜ਼ੀ ਦੀ ਘਟਨਾ ਵਿੱਚ ਇੱਕ ਵਿਅਕਤੀ ਦੀ ਹਾਲਤ ਨਾਜ਼ੁਕ

ਬਰੈਂਪਟਨ, 6 ਅਗਸਤ (ਪੋਸਟ ਬਿਊਰੋ) : ਬਰੈਂਪਟਨ ਵਿੱਚ ਵਾਪਰੀ ਛੁਰੇਬਾਜ਼ੀ ਦੀ ਘਟਨਾ ਤੋਂ ਬਾਅਦ ਇੱਕ ਵਿਅਕਤੀ ਦੀ ਤਬੀਅਤ ਨਾਜ਼ੁਕ ਦੱਸੀ ਜਾ ਰਹੀ ਹੈ ਜਦਕਿ ਇੱਕ ਹੋਰ ਵਿਅਕਤੀ ਵੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਹੈ।

ਇਹ ਘਟਨਾ ਰਾਤੀਂ 11:00 ਵਜੇ ਕ੍ਰਾਈਸਲਰ ਡਰਾਈਵ ਤੇ ਕੁਈਨ ਸਟਰੀਟ ਈਸਟ ਨੇੜੇ ਵਾਪਰੀ। ਸੋਮਵਾਰ ਰਾਤ ਨੂੰ ਕੀਤੇ ਗਏ ਟਵੀਟ ਵਿੱਚ ਪੁਲਿਸ ਨੇ ਲਿਖਿਆ ਕਿ ਇਸ ਇਲਾਕੇ ਵਿੱਚ ਕਈ ਲੋਕਾਂ ਨੂੰ ਲੜਦਿਆਂ ਵੇਖਿਆ ਗਿਆ ਤੇ ਚਾਰ ਵਿਅਕਤੀਆਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਮੰਗਲਵਾਰ ਸਵੇਰੇ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਦੋ ਵਿਅਕਤੀਆਂ ਨੂੰ ਛੁਰੇਬਾਜ਼ੀ ਕਾਰਨ ਜ਼ਖ਼ਮ ਹੋਏ ਤੇ ਦੋ ਵਿੱਚੋਂ ਇੱਕ ਦੀ ਹਾਲਤ ਨਾਜ਼ੁਕ ਹੈ। ਇਸ ਘਟਨਾ ਦੇ ਸਬੰਧ ਵਿੱਚ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ ਪਰ ਪੁਲਿਸ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਉੱਤੇ ਕੀ ਚਾਰਜਿਜ਼ ਲਾਏ ਗਏ ਹਨ। ਇਸ ਮਾਮਲੇ ਦੀ ਜਾਂਚ ਅਜੇ ਚੱਲ ਰਹੀ ਹੈ।

## ਬੱਚਿਆਂ ਦੇ ਆਨਲਾਈਨ ਹੋਣ ਵਾਲੇ ਸ਼ੋਸ਼ਣ ਨੂੰ ਰੋਕਣ ਲਈ ਸਖ਼ਤ ਰੁਖ਼ ਅਪਣਾਵਾਂਗੇ : ਗੁਡੇਲ

ਓਟਵਾ, 6 ਅਗਸਤ (ਪੋਸਟ ਬਿਊਰੋ) : ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਨੇ ਮੰਗਲਵਾਰ ਨੂੰ ਆਖਿਆ ਕਿ ਬੱਚਿਆਂ ਦੇ ਆਨਲਾਈਨ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਇੰਟਰਨੈੱਟ ਦਿੱਗਜ ਕੰਪਨੀਆਂ ਨੂੰ ਬਿਹਤਰ ਢੰਗ ਤੇ ਤੇਜ਼ੀ ਨਾਲ ਕੰਮ ਕਰਨਾ ਹੋਵੇਗਾ। ਇਸ ਤੋਂ ਇਲਾਵਾ ਜਾਂ ਇਹ ਕੀਤਾ ਜਾ ਸਕਦਾ ਹੈ ਕਿ ਸਰਕਾਰਾਂ ਇਸ ਤਰ੍ਹਾਂ ਦੇ ਹੋਣ ਵਾਲੇ ਨੁਕਸਾਨ ਲਈ ਕੰਪਨੀਆਂ ਨੂੰ ਜੁਰਮਾਨੇ ਲਾਉਣ।



ਓਟਵਾ ਵਿੱਚ ਮੰਗਲਵਾਰ ਨੂੰ ਇਹ ਵਿਚਾਰ ਪ੍ਰਗਟਾਉਂਦਿਆਂ ਗੁਡੇਲ ਨੇ ਆਖਿਆ ਕਿ ਜੇ ਕਿਸੇ ਤਰ੍ਹਾਂ ਦਾ ਮਨੁੱਖੀ ਨੁਕਸਾਨ ਹੁੰਦਾ ਹੈ, ਜੇ ਇੰਟਰਨੈੱਟ ਉੱਤੇ ਵਾਪਰਨ ਵਾਲੀ ਕਿਸੇ ਵੀ ਤਰ੍ਹਾਂ ਦੀ ਘਟਨਾ ਕਾਰਨ ਬੱਚਾ ਆਪਣੀ ਬਾਕੀ ਦੀ ਜ਼ਿੰਦਗੀ ਲਈ ਦਹਿਲ ਜਾਂਦਾ ਹੈ ਜਾਂ ਖੌਫਜ਼ਦਾ ਰਹਿੰਦਾ ਹੈ, ਜੇ ਉਸ ਨੂੰ ਕਿਸੇ ਵੀ ਤਰ੍ਹਾਂ ਦਾ ਹੋਰ ਨੁਕਸਾਨ ਹੁੰਦਾ ਹੈ ਤਾਂ ਇਹ ਸੱਭ ਕਾਸੇ ਲਈ ਮੰਚ ਮੁਹੱਈਆ ਕਰਵਾਉਣ ਵਾਲੀ ਧਿਰ ਨੂੰ ਵਿੱਤੀ ਨਤੀਜੇ ਭੁਗਤਣੇ ਚਾਹੀਦੇ ਹਨ।

ਆਨਲਾਈਨ ਬੱਚਿਆਂ ਦੇ ਹੋ ਰਹੇ ਸ਼ੋਸ਼ਣ ਨੂੰ ਠੱਲ੍ਹ ਪਾਉਣ ਲਈ ਤਿਆਰ ਕੀਤੀ ਗਈ ਰਣਨੀਤੀ ਦਾ ਗੁਡੇਲ ਵੱਲੋਂ ਖੁਲਾਸਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਲਿਬਰਲ ਸਰਕਾਰ ਨੇ ਇਸ ਮਕਸਦ ਲਈ ਤਿੰਨ ਸਾਲਾਂ ਵਿੱਚ 22 ਮਿਲੀਅਨ ਡਾਲਰ ਖਰਚ ਕਰਨ ਦਾ ਤਹੱਈਆ ਪ੍ਰਗਟਾਇਆ ਸੀ। ਇਸ ਰਣਨੀਤੀ ਤਹਿਤ 2.1 ਮਿਲੀਅਨ ਡਾਲਰ ਅਜਿਹੀਆਂ ਆਨਲਾਈਨ ਕੰਪਨੀਆਂ ਨੂੰ ਇਹ ਯਕੀਨੀ ਬਣਾਉਣ ਉੱਤੇ ਖਰਚ ਕੀਤੇ ਜਾਣਗੇ ਕਿ ਉਹ ਚਾਈਲਡ ਪੌਰਨੋਗ੍ਰਾਫੀ ਤੇ ਇਸ ਦੇ ਨਾਲ ਜੁੜੇ ਮਸੌਦੇ ਦੀ ਪਛਾਣ ਕਰਨ ਉਪਰੰਤ ਉਸ ਨੂੰ ਨਾਲ ਦੀ ਨਾਲ ਹਟਾ ਸਕਣ। ਇਸ ਤੋਂ ਵੀ ਪਹਿਲਾਂ ਇਸ ਤਰ੍ਹਾਂ ਦੀ ਸਮੱਗਰੀ ਨੂੰ ਪੋਸਟ ਹੀ ਨਾ ਕੀਤਾ ਜਾਣ ਦਿੱਤਾ ਜਾਵੇ।

ਇਸ ਰਣਨੀਤੀ ਦਾ ਇੱਕ ਹੋਰ ਟੀਚਾ ਇਹ ਹੈ ਕਿ ਵੱਡੀਆ ਕੰਪਨੀਆਂ ਅਜਿਹੀਆਂ ਨਿੱਕੀਆਂ ਫਰਮਜ਼ ਦੀ ਮਦਦ ਕਰਨ ਜਿਹੜੀ ਇਸ ਤਰ੍ਹਾਂ ਦੀ ਸਮੱਸਿਆ ਤੋਂ ਨਿਜਾਤ ਪਾਉਣਾ ਚਾਹੁੰਦੀਆਂ ਹਨ ਪਰ ਉਨ੍ਹਾਂ ਕੋਲ ਲੋੜੀਂਦਾ ਪੈਸਾ ਜਾਂ ਅਜਿਹਾ ਕਰਨ ਦੀ ਮਹਾਰਤ ਹਾਸਲ ਨਹੀਂ ਹੈ। ਇਸ ਦੇ ਨਾਲ ਹੀ ਕੰਪਨੀਆਂ ਵੱਲੋਂ ਯੂਜ਼ਰਜ਼ ਨੂੰ ਆਕਰਸ਼ਿਤ ਕਰਨ ਲਈ ਜਿਹੜੇ ਢੰਗ ਤਰੀਕੇ ਅਪਣਾਏ ਜਾਂਦੇ ਹਨ ਉਨ੍ਹਾਂ ਵਿੱਚ ਪਾਰਦਰਸ਼ਤਾ ਵੀ ਲਿਆਂਦੀ ਜਾਵੇ।

ਪਿਛਲੇ ਮਹੀਨੇ ਗੁਡੇਲ ਤੇ ਉਨ੍ਹਾਂ ਦੇ ਅਮਰੀਕਾ, ਬ੍ਰਿਟੇਨ, ਆਸਟਰੇਲੀਆ ਤੇ ਨਿਊਜ਼ੀਲੈਂਡ, ਜਿਨ੍ਹਾਂ ਨੂੰ ਫਾਈਵ ਆਈਜ਼ ਇੰਟੈਲੀਜੈਂਸ ਗਰੁੱਪ ਵਜੋਂ ਜਾਣਿਆ ਜਾਂਦਾ ਹੈ, ਤੋਂ ਹਮਰੁਤਬਾ ਅਧਿਕਾਰੀਆਂ ਨਾਲ ਹੋਈ ਮੀਟਿੰਗ ਤੋਂ ਬਾਅਦ ਇਹ ਐਲਾਨ ਕੀਤਾ ਗਿਆ ਹੈ। ਇਸ ਮੌਕੇ ਫੇਸਬੁੱਕ, ਗੂਗਲ ਤੇ ਮਾਈਕ੍ਰੋਸਾਫਟ ਵਰਗੀਆਂ ਵੱਡੀਆਂ ਇੰਟਰਨੈੱਟ ਕੰਪਨੀਆਂ ਦੇ ਨੁਮਾਇੰਦੇ ਵੀ ਮੀਟਿੰਗ ਵਿੱਚ ਹਾਜ਼ਰ ਸਨ। ਚਾਈਲਡ ਪੌਰਨੋਗ੍ਰਾਫੀ ਨੂੰ ਜਲਦ ਤੋਂ ਜਲਦ ਇੰਟਰਨੈੱਟ ਤੋਂ ਹਟਾਉਣ ਲਈ ਸਰਕਾਰਾਂ ਵੱਲੋਂ ਪ੍ਰਸਤਾਵਿਤ ਨਿਯਮਾਂ ਉੱਤੇ ਮੀਟਿੰਗ ਵਿੱਚ ਸਹਿਮਤੀ ਵੀ ਬਣੀ। ਗੁਡੇਲ ਦੇ ਬੁਲਾਰੇ ਵੱਲੋਂ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਗਈ ਕਿ ਮੀਟਿੰਗ ਦੌਰਾਨ ਕੰਪਨੀਆਂ ਨੂੰ ਇਹ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਇਸ ਪਾਸੇ ਵੱਲ ਠੋਸ ਕਾਰਵਾਈ ਨਾ ਕੀਤੇ ਜਾਣ ਵਾਲਿਆਂ ਨੂੰ ਇਸ ਦੇ ਸਖ਼ਤ ਨਤੀਜੇ ਭੁਗਤਣੇ ਪੈਣਗੇ। ਪਰ ਇਸ ਮੁੱਦੇ ਉੱਤੇ ਫੇਸਬੁੱਕ, ਗੂਗਲ ਤੇ ਮਾਈਕ੍ਰੋਸਾਫਟ ਵੱਲੋਂ ਫੌਰੀ ਕੋਈ ਟਿੱਪਣੀ ਨਹੀਂ ਕੀਤੀ ਗਈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

ukttc
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
○1:1 Training
Air Brake Classes Sat-Sun 8am to 4pm
Forklift Training
Counterbalance
Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਵਾਤਾਵਰਣ ਅਤੇ ਸਿਹਤ ਸਬੰਧੀ ਸਮੱਸਿਆਵਾਂ ਨੂੰ ਦੂਰ ਕਰਨ 'ਚ ਲਿਬਰਲ ਅਸਫ਼ਲ ਰਹੇ : ਐੱਨ.ਡੀ.ਪੀ.

## ਮੰਤਰੀ ਮੈਕਾਨਾ ਦੀ ਬਰੈਂਪਟਨ ਫੇਰੀ ਸਬੰਧੀ ਐੱਨ.ਡੀ.ਪੀ. ਦਾ ਮੋੜਵਾਂ ਜੁਆਬ

ਬਰੈਂਪਟਨ: ਐੱਨ.ਡੀ.ਪੀ. ਮੁਖੀ ਜਗਮੀਤ ਸਿੰਘ ਅਤੇ ਬਰੈਂਪਟਨ ਵੈੱਸਟ ਤੋਂ ਐੱਮ.ਪੀ. ਲਈ ਐੱਨ.ਡੀ.ਪੀ. ਦੀ ਉਮੀਦਵਾਰ ਨਵਜੀਤ ਕੌਰ ਲਿਬਰਲਾਂ ਵੱਲੋਂ ਬਰੈਂਪਟਨ ਵਿੱਚ ਪੂੰਜੀ ਨਿਵੇਸ਼ ਬਾਰੇ ਪਿਛਲੇ ਹਫ਼ਤੇ ਕੀਤੇ ਐਲਾਨ ਤੋਂ ਕਾਫ਼ੀ ਨਿਰਾਸ਼ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬਰੈਂਪਟਨ ਦੇ ਵਾਤਾਵਰਣ ਦੀਆਂ ਸਮੱਸਿਆਵਾਂ ਦੇ ਹੱਲ ਲਈ ਲਿਬਰਲ ਸਰਕਾਰ ਵੱਲੋਂ ਮਾਮੂਲੀ ਜਿਹੀ ਰਕਮ ਬਾਰੇ ਕੀਤਾ ਗਿਆ ਇਹ ਐਲਾਨ ਬਰੈਂਪਟਨ ਲਈ ਨਾਕਾਫ਼ੀ ਹੈ ਅਤੇ ਬਰੈਂਪਟਨ ਦੀਆਂ ਜ਼ਰੂਰਤਾਂ ਨੂੰ ਪੂਰੀਆਂ ਕਰਨ ਲਈ ਇੱਥੇ ਵਧੇਰੇ ਪੂੰਜੀ-ਨਿਵੇਸ਼ ਦੀ ਲੋੜ ਹੈ।

ਇਸ ਸਬੰਧੀ ਬੋਲਦਿਆਂ ਹੋਇਆਂ ਜਗਮੀਤ ਸਿੰਘ ਨੇ ਕਿਹਾ,"ਬਰੈਂਪਟਨ ਦੇ ਵਸਨੀਕ ਵਾਤਾਵਰਣ ਅਤੇ ਸਿਹਤ ਬਾਰੇ ਬਹੁਤ ਸਾਰੀਆਂ ਸਮੱਸਿਆਵਾਂ ਵਿੱਚੋਂ ਗੁਜ਼ਰ ਰਹੇ ਹਨ। ਚੋਣਾਂ ਤੋਂ ਪਹਿਲਾਂ ਮੰਤਰੀ ਮੈੱਕਾਨਾ ਦਾ ਬਰੈਂਪਟਨ ਆਉਣਾ ਅਤੇ ਇਸ ਦੇ ਲਈ ਕੁਝ ਵੀ ਸਾਰਥਿਕ ਐਲਾਨ ਨਾ ਕਰਨਾ ਲਿਬਰਲ ਪਾਰਟੀ ਦੀ ਬਰੈਂਪਟਨ ਲਈ ਅਣਦੇਖੀ ਨੂੰ ਭਲੀ-ਭਾਂਤ ਦਰਸਾਉਂਦਾ ਹੈ। ਕਈ ਸਾਲਾਂ ਦੀ ਨਾਕਾਮੀ ਤੋਂ ਬਾਅਦ ਇਸ ਸ਼ਹਿਰ ਵਿੱਚ ਆ ਕੇ ਇਸ ਮਾਮੂਲੀ ਜਿਹੀ ਰਕਮ ਬਾਰੇ ਐਲਾਨ ਕਰਕੇ ਉਹ ਬਰੈਂਪਟਨ-ਵਾਸੀਆਂ ਨੂੰ ਉਨ੍ਹਾਂ ਦੀਆਂ ਵੱਡੀਆਂ ਸਮੱਸਿਆਵਾਂ ਦੇ ਹੱਲ ਲਈ ਭਰਮਾ ਨਹੀਂ ਸਕਣਗੇ। ਅਸੀਂ ਪਿਛਲੇ ਸਮੇਂ ਵਿੱਚ ਲਿਬਰਲਾਂ ਨੂੰ ਵੱਡੇ-ਵੱਡੇ ਵਾਅਦੇ ਕਰਦਿਆਂ ਵੇਖਿਆ ਹੈ। ਚੋਣਾਂ ਦੇ ਨਜ਼ਦੀਕ ਆ ਕੇ ਉਹ ਇਨ੍ਹਾਂ ਸਮੱਸਿਆਵਾਂ ਪ੍ਰਤੀ ਚਿੰਤਾ ਜ਼ਰੂਰ ਜ਼ਾਹਿਰ ਕਰਦੇ ਹਨ, ਪਰੰਤੂ ਚਾਰ ਸਾਲਾਂ ਦੇ ਆਪਣੀ ਨਿਕੰਮੀ ਕਾਰਗੁਜ਼ਾਰੀ ਬਾਰੇ ਕੁਝ ਨਹੀਂ ਦੱਸਦੇ।

ਵਾਤਾਵਰਣ ਵਿੱਚ ਹੋ ਰਹੀਆਂ ਤਬਦੀਲੀਆਂ ਨੂੰ ਨਜਿੱਠਣ ਦੀ ਗੱਲ ਤਾਂ ਦੂਰ ਦੀ ਰਹੀ, ਲਿਬਰਲ ਅਤੇ ਕਨਜ਼ਰਵੇਟਿਵ ਸਰਕਾਰਾਂ ਦੇ ਦੌਰਾਨ ਕੈਨੇਡਾ ਆਪਣੇ ਮਾਮੂਲੀ ਜਿਹੇ ਟਾਰਗਿਟ ਪੂਰੇ ਕਰਨ ਵਿੱਚ ਸਫ਼ਲ ਨਹੀਂ ਹੋਇਆ। ਜਗਮੀਤ ਸਿੰਘ ਦੀ ਨਿਊ ਡੀਲ ਫੋਰ ਪੀਪਲ ਵਾਤਾਵਰਨ ਅਤੇ ਆਵਾਜਾਈ ਲਈ ਮਹੱਤਵਪੂਰਨ ਅਤੇ ਸਕਾਰਾਤਮਿਕ ਤਬਦੀਲੀ ਦੀ ਗੱਲ ਕਰਦੀ ਹੈ ਅਤੇ ਇਸ ਦੇ ਨਾਲ ਹੀ ਇਹ 300,000 ਨਵੀਆਂ ਨੌਕਰੀਆਂ ਪੈਦਾ ਕਰਨ ਬਾਰੇ ਵੀ ਇਸ਼ਾਰਾ ਕਰਦੀ ਹੈ।

ਇਸ ਮੌਕੇ ਬਰੈਂਪਟਨ ਵੈੱਸਟ ਤੋਂ ਐੱਨ.ਡੀ.ਪੀ. ਦੀ ਉਮੀਦਵਾਰ ਨਵਜੀਤ ਕੌਰ ਨੇ ਕਿਹਾ,"ਮੈਂ ਮਰੀਜ਼ਾਂ ਦੇ ਸਾਹ ਲੈਣ ਵਿੱਚ ਸਹਾਇਤਾ ਕਰਨ ਲਈ ਬਰੈਂਪਟਨ ਸਿਵਿਕ ਹਸਪਤਾਲ ਵਿੱਚ ਕਮਿਊਨਿਟੀ ਰਜਿਸਟਰਡ ਬ੍ਰੀਦਿੰਗ ਥੈਰੇਪਿਸਟ ਵਜੋਂ ਕੰਮ ਕਰਦੀ ਹਾਂ। ਹਸਪਤਾਲਾਂ ਵਿੱਚ ਲਿਬਰਲ ਅਤੇ ਕਨਜ਼ਰਵੇਟਿਵ ਸਰਕਾਰਾਂ ਦੀ ਅਣਦੇਖੀ ਮੈਂ ਬੜੀ ਨੇੜਿਉਂ ਵੇਖੀ ਹੈ। ਵਾਤਾਵਰਣ ਵਿੱਚ ਤੇਜ਼ੀ ਨਾਲ ਹੋ ਰਹੀ ਤਬਦੀਲੀ ਨੇ ਸਾਹ ਵਾਲੇ ਰੋਗੀਆਂ ਲਈ ਸਮੱਸਿਆ ਹੋਰ ਵੀ ਵਧਾ ਦਿੱਤੀਆਂ ਹਨ। ਹਵਾ ਵਿੱਚ ਕਾਰਬਨ ਡਾਇਓਕਸਾਈਡ ਦੀ ਮਾਤਰਾ ਵੱਧਣ ਨਾਲ ਇਸ ਦੀ ਕਵਾਲਿਟੀ ਵਿੱਚ ਬਹੁਤ ਫ਼ਰਕ ਪੈ ਰਿਹਾ ਹੈ। ਦਮਾ (ਅਸਥਮਾ) ਅਤੇ ਫੇਫੜਿਆਂ ਦੇ ਕੈਂਸਰ ਵਰਗੀਆਂ ਬੀਮਾਰੀਆਂ ਜ਼ੋਰ ਫੜ੍ਹ ਰਹੀਆਂ ਹਨ। ਪਿਛਲੇ ਕਈ ਸਾਲਾਂ ਦੌਰਾਨ ਲਿਬਰਲ ਪਾਰਟੀ ਅਤੇ ਕਨਜ਼ਰਵੇਟਿਵ ਪਾਰਟੀ ਨੇ ਅਜਿਹੇ ਫ਼ੈਸਲੇ ਲਏ ਹਨ ਜਿਨ੍ਹਾਂ ਨਾਲ ਸਾਹ ਲੈਣ ਲਈ ਹਵਾ ਹੋਰ ਵੀ ਖ਼ਤਰਨਾਕ ਹੋ ਗਈ ਹੈ ਅਤੇ ਹੈੱਲਥਕੇਅਰ ਵੱਲ ਕੋਈ ਵਿਸ਼ੇਸ਼ ਧਿਆਨ ਨਾ ਹੋਣ ਕਾਰਨ ਲੋਕਾਂ ਦੀ ਸਿਹਤ ਦਾ ਹੋਰ ਵੀ ਮਾੜਾ ਹਾਲ ਹੋ ਗਿਆ ਹੈ। ਬਰੈਂਪਟਨ ਦੇ ਲੋਕਾਂ ਨੂੰ ਤਾਂ ਲਿਬਰਲ ਪਾਰਟੀ ਨੇ ਬਿਲਕੁਲ ਭੁਲਾ ਹੀ ਛੱਡਿਆ ਹੈ। ਵਾਤਾਵਰਣ ਦੀਆਂ ਸਮੱਸਿਆਵਾਂ ਦੇ ਹੱਲ ਅਤੇ ਆਪਣੀਆਂ ਕਮਿਊਨਿਟੀਆਂ ਦੇ ਬਿਹਤਰ ਭਵਿੱਖ ਲਈ ਅਸੀਂ ਨਵੀਆਂ ਯੋਜਨਾਵਾਂ ਲਿਆਵਾਂਗੇ। ਅਸੀਂ ਸਾਫ਼-ਸੁਥਰੀ ਊਰਜਾ ਤੇ ਕਾਰਬਨ-ਰਹਿਤ ਅਰਥਚਾਰਾ ਲਿਆਵਾਂਗੇ ਅਤੇ ਵਰਕਰਾਂ ਲਈ ਹੋਰ ਨਵੀਆਂ ਨੌਕਰੀਆਂ ਪੈਦਾ ਕਰਨ ਲਈ ਕੰਮ ਕਰਾਂਗੇ।

# ਦੀਪਕ ਓਬਰਾਏ ਦੇ ਸਦੀਵੀ ਵਿਛੋੜੇ ਉੱਤੇ ਸ਼ੀਅਰ ਵੱਲੋਂ ਦੁੱਖ ਦਾ ਪ੍ਰਗਟਾਵਾ



ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਕੈਲਗਰੀ ਫੌਰੈਸਟ ਲਾਅਨ ਤੋਂ ਮੈਂਬਰ ਪਾਰਲੀਆਮੈਂਟ ਦੀਪਕ ਓਬਰਾਏ ਦੇ ਸਦੀਵੀ ਵਿਛੋੜਾ ਦੇ ਜਾਣ ਉੱਤੇ ਕੰਜ਼ਰਵੇਟਿਵ ਪਾਰਟੀ ਦੇ ਆਗੂ ਐਂਡਰਿਊ ਸ਼ੀਅਰ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਇੱਕ ਬਿਆਨ ਜਾਰੀ ਕਰਕੇ ਸ਼ੀਅਰ ਨੇ ਆਖਿਆ ਕਿ ਜਿੱਲ ਤੇ ਉਨ੍ਹਾਂ ਨੂੰ ਜਦੋਂ ਅੱਜ ਸਵੇਰੇ ਇਹ ਪਤਾ ਲੱਗਿਆ ਕਿ ਦੀਪਕ ਸਾਡੇ ਵਿੱਚ ਨਹੀਂ ਰਹੇ ਤਾਂ ਸਾਨੂੰ ਵੱਡਾ ਝਟਕਾ ਲੱਗਿਆ। ਦੀਪਕ ਨੇ ਬੜੇ ਹੀ ਹੌਂਸਲੇ ਨਾਲ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਲੜਾਈ ਲੜੀ ਤੇ ਬੀਤੀ ਰਾਤ ਜਦੋਂ ਉਨ੍ਹਾਂ ਨੇ ਆਖਰੀ ਸਾਹ ਲਏ ਤਾਂ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੇ ਕੋਲ ਸੀ।

ਦੀਪਕ ਸੱਭ ਤੋਂ ਲੰਮੇਂ ਸਮੇਂ ਤੱਕ ਸੇਵਾ ਕਰਨ ਵਾਲੇ ਕੰਜ਼ਰਵੇਟਿਵ ਐਮਪੀ ਰਹੇ। 1997 ਦੀਆਂ ਚੋਣਾਂ ਵਿੱਚ ਉਹ ਸੱਭ ਤੋਂ ਪਹਿਲਾਂ ਰਿਫੌਰਮ ਐਮਪੀ ਵਜੋਂ ਕੈਲਗਰੀ ਈਸਟ ਤੋਂ ਚੁਣੇ ਗਏ ਤੇ ਫਿਰ ਉਨ੍ਹਾਂ ਸਰਕਾਰ ਤੇ ਵਿਰੋਧੀ ਧਿਰ ਵਿੱਚ ਰਹਿੰਦਿਆਂ ਕੈਨੇਡੀਅਨ ਅਲਾਇੰਸ ਤੇ ਕੰਜ਼ਰਵੇਟਿਵ ਐਮਪੀ ਵਜੋਂ ਵੱਖ ਵੱਖ ਭੂਮੀਕਾਵਾਂ ਬਾਖੂਬੀ ਨਿਭਾਈਆਂ। ਉਨ੍ਹਾਂ ਪੂਰੇ ਤਨ ਮਨ ਨਾਲ ਆਪਣੇ ਹਲਕੇ ਦੇ ਲੋਕਾਂ ਦੀ ਸੇਵਾ ਕੀਤੀ ਤੇ ਉਨ੍ਹਾਂ ਦੇ ਹਰ ਮੁੱਦੇ ਨੂੰ ਉੱਪਰ ਤੱਕ ਉਠਾਇਆ। ਦਹਾਕਿਆਂ ਤੱਕ ਕੰਜ਼ਰਵੇਟਿਵ ਲਹਿਰ ਨੂੰ ਅਗਾਂਹ ਵਧਾਉਣ ਲਈ ਕੀਤੇ ਗਏ ਉਨ੍ਹਾਂ ਦੇ ਯਤਨਾਂ ਦੇ ਨਾਲ ਨਾਲ ਕੈਨੇਡਾ ਨੂੰ ਮਜ਼ਬੂਤ ਬਣਾਉਣ ਲਈ ਕੀਤੀਆਂ ਕੋਸ਼ਿਸ਼ਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕੇਗਾ।

ਦੀਪਕ ਕੰਜ਼ਰਵੇਟਿਵ ਕਾਕਸ ਦੀ ਰੂਹੇ ਰਵਾਂ ਸਨ। ਉਨ੍ਹਾਂ ਨੂੰ ਜਿਹੜੀ ਵੀ ਜ਼ਿੰਮੇਵਾਰੀ ਸੌਂਪੀ ਗਈ ਉਨ੍ਹਾਂ ਬਾਖੂਬੀ ਨਿਭਾਈ। ਉਹ ਜਿੱਥੇ ਵੀ ਜਾਂਦੇ ਉੱਥੇ ਨਿੱਘ, ਦਿਆਲਤਾ ਭਰ ਦਿੰਦੇ ਤੇ ਆਪਣੇ ਮਜ਼ਾਕੀਆ ਅੰਦਾਜ਼ ਨਾਲ ਮਾਹੌਲ ਨੂੰ ਹੌਲਾ ਕਰ ਦਿੰਦੇ। ਸ਼ੀਅਰ ਨੇ ਆਖਿਆ ਕਿ ਉਹ ਆਪਣੇ ਕੰਜ਼ਰਵੇਟਿਵ ਸਾਥੀਆਂ ਦੇ ਪੱਖ ਉੱਤੇ ਵੀ ਇਹ ਆਖਣਾ ਚਾਹੁੰਦੇ ਹਨ ਕਿ ਦੀਪਕ ਨੂੰ ਅਸੀਂ ਕਦੇ ਭੁਲਾ ਨਹੀਂ ਸਕਾਂਗੇ।

ਸ਼ੀਅਰ ਨੇ ਆਖਿਆ ਕਿ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੀ ਲੀਡਰਸ਼ਿਪ ਦੌੜ ਸਮੇਂ ਦੀਪਕ ਨਾਲ ਗੁਜ਼ਾਰੇ ਵਕਤ ਦੀਆਂ ਮਿੱਠੀਆਂ ਯਾਦਾਂ ਸਦਾ ਉਨ੍ਹਾਂ ਦੇ ਨਾਲ ਰਹਿਣਗੀਆਂ। ਉਨ੍ਹਾਂ ਆਖਿਆ ਕਿ ਦੀਪਕ ਆਜ਼ਾਦੀ, ਖੁਸ਼ਹਾਲੀ ਤੇ ਸਾਂਝੀਵਾਲਤਾ ਦੇ ਹਮਾਇਤੀ ਸਨ। ਹਾਊਸ ਆਫ ਕਾਮਨਜ਼ ਵਿੱਚ ਚੁਣੇ ਜਾਣ ਵਾਲੇ ਉਹ ਪਹਿਲੇ ਹਿੰਦੂ ਸਨ। ਸ਼ੀਅਰ ਨੇ ਆਖਿਆ ਕਿ ਇਸ ਦੁੱਖ ਦੀ ਘੜੀ ਵਿੱਚ ਅਸੀਂ ਦੀਪਕ ਦੀ ਪਤਨੀ ਨੀਨਾ, ਉਨ੍ਹਾਂ ਦੇ ਬੱਚਿਆਂ ਤੇ ਗ੍ਰੈਂਡਚਿਲਡਰਨ ਦੇ ਨਾਲ ਹਾਂ।

## ਦੀਪਕ ਓਬਰਾਏ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਐਮਪੀ ਦੀਪਕ ਓਬਰਾਏ ਦੇ ਅਕਾਲ ਚਲਾਣਾ ਕਰ ਜਾਣ ਉੱਤੇ ਦ ਕੈਨੇਡਾ ਇੰਡੀਆ ਫਾਊਂਡੇਸ਼ਨ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਸਬੰਧ ਵਿੱਚ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਦੀਪਕ ਓਬਰਾਏ ਭਾਰਤ ਦੇ ਅਣਥੱਕ ਸਮਰਥਕ ਸਨ। ਉਨ੍ਹਾਂ ਕੈਨੇਡਾ ਇੰਡੀਆ ਫਾਊਂਡੇਸ਼ਨ ਲਈ ਨਿੱਠ ਕੇ ਕੰਮ ਕੀਤਾ। ਉਨ੍ਹਾਂ ਨੂੰ 2009 ਵਿੱਚ ਭਾਰਤ ਸਰਕਾਰ ਵੱਲੋਂ ਪਰਵਾਸੀ ਭਾਰਤੀ ਸਨਮਾਨ ਨਾਲ ਨਵਾਜਿਆ ਗਿਆ। ਭਾਰਤੀ ਮੂਲ ਦੇ ਕਿਸੇ ਵਿਅਕਤੀ ਨੂੰ ਦਿੱਤਾ ਜਾਣ ਵਾਲਾ ਇਹ ਸੱਭ ਤੋਂ ਵੱਡਾ ਸਨਮਾਨ ਹੈ। ਉਨ੍ਹਾਂ ਵੱਲੋਂ ਸਿਰੜ ਨਾਲ ਕੀਤੇ ਕੰਮ ਸਦਕਾ ਭਾਰਤ ਤੇ ਇੰਡੋ ਕੈਨੇਡੀਅਨਜ਼ ਨੂੰ ਕਾਫੀ ਫਾਇਦਾ ਹੋਇਆ। ਕੈਨੇਡਾ ਤੇ ਭਾਰਤ ਦਰਮਿਆਨ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਉਨ੍ਹਾਂ ਅਹਿਮ ਭੂਮਿਕਾ ਨਿਭਾਈ। ਦ ਕੈਨੇਡਾ ਇੰਡੀਆ ਫਾਊਂਡੇਸ਼ਨ ਉਨ੍ਹਾਂ ਵੱਲੋਂ ਪਾਏ ਯੋਗਦਾਨ ਤੇ ਦਿੱਤੀਆਂ ਸੇਵਾਵਾਂ ਲਈ ਉਨ੍ਹਾਂ ਦੀ ਦੇਣਦਾਰ ਰਹੇਗੀ। ਦੀਪਕ ਓਬਰਾਏ ਵੀਹ ਸਾਲ ਤੱਕ ਐਮਪੀ ਰਹੇ ਤੇ ਉਹ ਕੰਜ਼ਰਵੇਟਿਵ ਕਾਕਸ ਦੇ ਡੀਨ ਵੀ ਸਨ। ਦ ਕੈਨੇਡਾ ਇੰਡੀਆ ਫਾਊਂਡੇਸ਼ਨ ਵੱਲੋਂ ਅਸੀਂ ਇਸ ਔਖੀ ਘੜੀ ਵਿੱਚ ਉਨ੍ਹਾਂ ਦੇ ਪਰਿਵਾਰ ਤੇ ਰਿਸ਼ਤੇਦਾਰਾਂ ਨਾਲ ਦੁੱਖ ਸਾਂਝਾ ਕਰ ਰਹੇ ਹਾਂ।

# ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਦਿਲ ਦੇ ਦੌਰੇ ਕਾਰਨ ਦਿਹਾਂਤ






ਨਵੀਂ ਦਿੱਲੀ, 6 ਅਗਸਤ, (ਪੋਸਟ ਬਿਊਰੋ)- ਭਾਰਤ ਦੀ ਸਾਬਕਾ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਦਾ ਦੇਰ ਰਾਤ ਦਿਲ ਦਾ ਦੌਰਾ ਪੈਣ ਨਾਲ ਦਿਹਾਂਤ ਹੋ ਗਿਆ। ਉਹ 67 ਸਾਲਾਂ ਦੇ ਸਨ। ਦਿਲ ਦਾ ਦੌਰਾ ਪੈਣਉੱਤੇ ਉਨ੍ਹਾਂ ਨੂੰ ਰਾਤ 10.20 ਵਜੇ ਦਿੱਲੀ ਦੇ ਏਮਜ਼ ਹਸਪਤਾਲਦਾਖਲ ਕਰਾਇਆ ਗਿਆ, ਜਿਥੇ ਉਨ੍ਹਾਂ ਨੇ ਆਖਰੀ ਸਾਹ ਲਿਆ। ਸਾਲ 2016 ਵਿਚ ਸੁਸ਼ਮਾ ਸਵਰਾਜ ਨੇ ਕਿਡਨੀ ਟਰਾਂਸਪਲਾਂਟ ਕਰਵਾਈ ਸੀ। ਉਨ੍ਹਾਂ ਦਾ ਜਨਮ 14 ਫਰਵਰੀ 1952 ਨੂੰ ਹੋਇਆ ਸੀਤੇ ਪਿਛਲੀ ਲੋਕ ਸਭਾ ਚੋਣ ਤੱਕ ਰਾਜਨੀਤਕ ਪੱਖੋਂ ਸਰਗਰਮ ਰਹੇ ਸਨ।ਉਨ੍ਹਾ ਦੇ ਦਿਹਾਂਤ ਦੀ ਖਬਰ ਮਿਲਦੇ ਸਾਰ ਗ੍ਰਹਿ ਮੰਤਰੀ ਅਮਿਤ ਸ਼ਾਹ, ਸਿਹਤ ਮੰਤਰੀ ਡਾ. ਹਰਸ਼ਵਰਧਨ, ਰੱਖਿਆ ਮੰਤਰੀ ਰਾਜਨਾਥ ਸਿੰਘ, ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ, ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ, ਭਾਜਪਾ ਦੇ ਦਿੱਲੀ ਦੇ ਪ੍ਰਧਾਨ ਮਨੋਜ ਤਿਵਾੜੀ ਅਤੇ ਮੀਨਾਕਸ਼ੀ ਲੇਖੀ ਏਮਜ਼ ਹਸਪਤਾਲ ਪੁੱਜੇ ਸਨ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਉਨ੍ਹਾਂ ਦੇ ਦਿਹਾਂਤਦੁੱਖ ਪ੍ਰਗਟ ਕੀਤਾ ਹੈ।

ਸੁਸ਼ਮਾ ਸਵਰਾਜ ਦਸੰਬਰ 2016 ਤੋਂ ਬਿਮਾਰ ਚੱਲ ਰਹੀ ਸੀ। ਉਨ੍ਹਾਂ ਨੂੰ ਲੰਮੇ ਸਮੇਂ ਤੋਂ ਸ਼ੂਗਰ ਸੀ। ਫਿਰ ਉਨ੍ਹਾਂ ਦੀ ਕਿਡਨੀ ਫੇਲ੍ਹ ਹੋਣ ਕਾਰਨ ਕਿਡਨੀ ਟਰਾਂਸਪਲਾਂਟ ਕੀਤੀ ਗਈ ਸੀ। ਉਨ੍ਹਾ ਨੇ ਸਿਹਤ ਕਾਰਨਾਂ ਕਰਕੇ ਮੰਤਰੀ ਮੰਡਲ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਪਿਛਲੇ ਪੰਜ ਸਾਲਾਂ ਦੌਰਾਨ ਉਨ੍ਹਾਂ ਨੇ ਵਿਦੇਸ਼ ਮੰਤਰੀ ਵਜੋਂ ਵੱਡੀਆਂ ਭੂਮਿਕਾਵਾਂ ਨਿਭਾਈਆਂ ਸਨ ਤੇ ਵਿਦੇਸ਼ ਵਿੱਚ ਫਸੇ ਭਾਰਤੀ ਲੋਕਾਂ ਦੇ ਵਾਰਸਾਂ ਨੇ ਕਈ ਵਾਰ ਉਨ੍ਹਾਂ ਨੂੰ ਟਵੀਟ ਕਰਕੇ ਮਦਦ ਮੰਗੀ ਤਾਂ ਹਰ ਵਾਰ ਉਹ ਲੋਕਾਂ ਦੀ ਮਦਦ ਲਈ ਅੱਗੇ ਆਉਂਦੀ ਰਹੀ ਸੀ।

ਇੰਦਰਾ ਗਾਂਧੀ ਦੇ ਰਾਜ ਦੌਰਾਨ ਐਮਰਜੈਂਸੀ ਵਿੱਚ ਸਿਆਸੀ ਕੈਰੀਅਰ ਸ਼ੁਰੂ ਕਰਨ ਵਾਲੀ ਸੁਸ਼ਮਾ ਸਵਰਾਜ ਸੰਨ 1977 ਵਿੱਚ ਹਰਿਆਣਾ ਤੋਂਪਹਿਲੀ ਵਾਰ ਵਿਧਾਇਕ ਬਣੀ ਸੀ। ਉਹ ਨਰਿੰਦਰ ਮੋਦੀ ਸਰਕਾਰਦੇ ਪਹਿਲੇ ਰਾਜਦੌਰਾਨ ਵਿਦੇਸ਼ ਮੰਤਰੀ ਬਣਨ ਤੋਂ ਪਹਿਲਾਂ ਅਟਲ ਬਿਹਾਰੀ ਵਾਜਪਾਈ ਸਰਕਾਰ ਵਿੱਚ ਮੰਤਰੀ ਰਹੀ ਸੀ। ਪਿਛਲੀ ਲੋਕ ਸਭਾਚੋਣ ਉਸ ਨੇ ਮੱਧ ਪ੍ਰਦੇਸ਼ ਦੇ ਵਿਦਿਸ਼ਾ ਤੋਂਜਿੱਤੀ ਤੇ ਪਾਰਲੀਮੈਂਟ ਮੈਂਬਰ ਬਣੀ ਸੀ।ਸਿਆਸਤ ਵਿਚ ਆਉਣ ਤੋਂ ਪਹਿਲਾਂ ਸੁਸ਼ਮਾ ਸਵਾਰਜ ਨੇ ਸੁਪਰੀਮ ਕੋਰਟ ਵਿਚ ਵਕੀਲ ਦੇ ਤੌਰ ਉਤੇ ਵੀ ਕੰਮ ਕੀਤਾ ਸੀ।

ਵਿਦੇਸ਼ ਮੰਤਰੀ ਵਜੋਂ ਸੁਸ਼ਮਾ ਸਵਾਰਜ ਨੇ ਦੇਸ਼ ਤੋਂ ਬਾਹਰ ਰੋਜ਼ੀ ਦੀ ਭਾਲ ਵਿਚ ਗਏ ਕਈ ਭਾਰਤੀਆਂ ਦੀ ਮਦਦ ਕੀਤੀ ਸੀ। ਏਸੇ ਲਈ ਵੱਡੀ ਗਿਣਤੀ ਵਿਚ ਐੱਨ ਆਰ ਆਈ ਉਨ੍ਹਾਂ ਦੇ ਫੈਨ ਸਨ। ਵਿਦੇਸ਼ ਰਹਿੰਦੇ ਭਾਰਤੀਆਂ ਨੂੰ ਜਦ ਵੀ ਕੋਈ ਪ੍ਰੇਸ਼ਾਨੀ ਹੁੰਦੀ ਤਾਂ ਸੁਸ਼ਮਾ ਸਵਰਾਜ ਉਨ੍ਹਾਂ ਦੀ ਮਦਦ ਕਰਦੀ ਸੀ। ਉਨ੍ਹਾ ਨੇ ਵਿਦੇਸ਼ਾਂ ਵਿਚ ਫਸੇ ਕਈ ਭਾਰਤੀਆਂ ਦੀ ਸਹੀ-ਸਲਾਮਤ ਘਰ ਵਾਪਸੀ ਕਰਾਈ ਸੀ, ਜਿਨ੍ਹਾਂ ਵਿਚ ਪੰਜਾਬੀਆਂ ਦੀ ਵੱਡੀ ਗਿਣਤੀ ਸੀ। ਯਮਨ ਵਿਚ ਹਾਊਦੀ ਬਾਗੀਆਂਤੇ ਸਰਕਾਰ ਦੇ ਵਿਚਾਲੇਜਦੋਂ ਜੰਗ ਛਿੜੀ ਤਾਂ ਹਜ਼ਾਰਾਂ ਭਾਰਤੀ ਇਸ ਵਿਚ ਫਸ ਗਏ। ਲਗਾਤਾਰ ਵਧਦੀ ਜਾਂਦੀ ਜੰਗ ਵਿੱਚ ਸਾਊਦੀ ਅਰਬ ਦੀ ਫੌਜ ਯਮਨ ਵਿੱਚ ਬੰਬ ਸੁੱਟ ਰਹੀ ਸੀ ਤਾਂ ਓਥੇ ਫਸੇ ਭਾਰਤੀਆਂ ਨੇ ਸੁਸ਼ਮਾ ਸਵਰਾਜ ਨੂੰ ਅਪੀਲ ਕੀਤੀ ਅਤੇ ਸੁਸ਼ਮਾ ਨੇ ਓਥੇ ਫਸੇ ਭਾਰਤੀਆਂ ਲਈ ਵਿਸ਼ੇਸ਼ ਅਪ੍ਰੇਸ਼ਨ ਚਲਾ ਕੇ ਸਾਢੇ 5 ਹਜ਼ਾਰ ਤੋਂ ਵੱਧ ਲੋਕਾਂ ਨੂੰ ਬਚਾਇਆ ਸੀ, ਜਿਸਵਿੱਚ4640 ਭਾਰਤੀਆਂ ਦੇ ਨਾਲ 41 ਹੋਰ ਦੇਸ਼ਾਂ ਦੇ ਲੋਕ ਵੀ ਬਚਾਏ ਸਨ।ਦੱਖਣੀ ਸੁਡਾਨ ਸਿਵਲ ਵਾਰ ਛਿੜੀ ਤਾਂ ਓਥੇ ਫਸੇ ਭਾਰਤੀਆਂ ਦੀ ਵਾਪਸੀ ਦੇ ਅਪਰੇਸ਼ਨ ਵਿੱਚ 150 ਤੋਂ ਵੱਧ ਭਾਰਤੀਆਂ ਨੂੰ ਕੱਢ ਲਿਆਂਦਾ ਸੀ। ਲੀਬੀਆ ਵਿਚ ਸਰਕਾਰ ਤੇ ਬਾਗੀਆਂ ਦੀ ਸਿੱਧੀ ਟੱਕਰ ਦੌਰਾਨ ਵੀ ਉਥੋਂ 29 ਭਾਰਤੀਆਂ ਨੂੰ ਸੁਸ਼ਮਾ ਸਵਰਾਜ ਦੀ ਪਹਿਲ ਉੱਤੇ ਕੱਢ ਕੇ ਲਿਆਂਦਾ ਗਿਆ ਸੀ, ਜਿਸ ਦੌਰਾਨ ਇਕ ਭਾਰਤੀ ਨਰਸ ਤੇ ਉਸਦੇ ਪੁੱਤਰ ਦੀ ਮੌਤ ਵੀ ਹੋ ਗਈ ਸੀ।

ਕਰੀਬ 15 ਸਾਲ ਪਹਿਲਾਂ ਭਟਕ ਕੇ ਸਰਹੱਦ ਪਾਰ ਪਾਕਿਸਤਾਨ ਪਹੁੰਚ ਗਈ ਗੀਤਾ ਨੂੰਸੁਸ਼ਮਾ ਸਵਰਾਜ ਦੀਆਂ ਕੋਸ਼ਿਸ਼ਾਂ ਨਾਲਵਾਪਸ ਲਿਆਂਦਾ ਗਿਆ ਸੀ। ਏਸੇ ਤਰ੍ਹਾਂ ਕਾਬੁਲ ਤੋਂ ਅਗਵਾ ਕੀਤੇ ਗਏ ਜੁਡਿਥ ਦੀ ਰਿਹਾਈ ਲਈ ਸੁਸ਼ਮਾ ਸਵਰਾਜ ਦੀਆਂ ਕੋਸ਼ਿਸ਼ਾਂ ਪਿੱਛੋਂ ਅਫਗਾਨ ਅਧਿਕਾਰੀਆਂ ਨੇ ਉਸ ਨੂੰ ਛੁਡਵਾਇਆ ਸੀ।ਮੁੰਬਈ ਦਾ ਹਾਮਿਦ ਅੰਸਾਰੀ ਇਕ ਲੜਕੀ ਨਾਲ ਆਨਲਾਈਨ ਦੋਸਤੀ ਕਰਨ ਪਿੱਛੋਂ 2012 ਵਿੱਚ ਗੈਰ-ਕਾਨੂੰਨੀ ਤਰੀਕੇ ਨਾਲ ਪਾਕਿਸਤਾਨ ਚਲਾ ਗਿਆ ਤਾਂ ਉਸ ਨੂੰ ਗ੍ਰਿਫਤਾਰ ਕਰ ਕੇ ਪਾਕਿਸਤਾਨੀ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਸੀ। 15 ਦਸੰਬਰ 2015 ਨੂੰ ਫੌਜੀ ਅਦਾਲਤ ਨੇ ਉਸ ਨੂੰ 3 ਸਾਲ ਜੇਲ ਦੀ ਸਜ਼ਾ ਸੁਣਾਈ ਤੇ ਝੂਠੀ ਪਾਕਿਸਤਾਨੀ ਆਈ ਡੀ ਕਾਰਡ ਰੱਖਣ ਦਾ ਦੋਸ਼ ਲਾਇਆ ਸੀ। ਜਦੋਂ ਹਾਮਿਦ ਦਾ ਕੇਸ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਕੋਲ ਪੁੱਜਾ ਤਾਂ ਉਨ੍ਹਾਂ ਨੇ ਪਾਕਿਸਤਾਨ ਨਾਲ ਇਸ ਮੁੱਦੇ ਨੂੰ ਚੁੱਕਿਆ ਅਤੇ ਕਈ ਲੋਕਾਂ ਨਾਲ ਮਿਲ ਕੇ ਕੋਰਟ ਸਾਹਮਣੇ ਸਾਬਤ ਕਰਵਾਇਆ ਕਿ ਹਾਮਿਦ ਪਾਕਿਸਤਾਨ ਵਿਚ ਗੈਰ-ਕਾਨੂੰਨੀ ਢੰਗ ਨਾਲ ਦਾਖਲ ਜ਼ਰੂਰ ਹੋਇਆ ਸੀ ਪਰ ਉਹ ਜਾਸੂਸ ਨਹੀਂ ਹੈ।

# ਭਰਤੀ ਲਈ ਆਏ ਨੌਜਵਾਨਾਂ ਉੱਤੇ ਕੰਧ ਡਿੱਗਣ ਪਿੱਛੋਂ ਕਰੰਟ ਲੱਗਾ ਅਤੇ 23 ਜ਼ਖਮੀ

ਜਲੰਧਰ, 6 ਅਗਸਤ (ਪੋਸਟ ਬਿਊਰੋ)- ਗੁਰੂ ਨਾਨਕਪੁਰਾ ਫਾਟਕ ਤੋਂ ਲਾਡੋਵਾਲੀ ਰੋਡ ਵੱਲ ਜਾਂਦੀ ਸੜਕ ਨਾਲ ਲੱਗਦੀ ਪੀ ਏ ਪੀ ਗਰਾਊਂਡ ਦੀ ਕੰਧ ਡਿੱਗਣ ਕਾਰਨ ਏਅਰਫੋਰਸ ਦੀ ਭਰਤੀ ਲਈ ਆਏ 23 ਦੇ ਕਰੀਬ ਨੌਜਵਾਨ ਜ਼ਖਮੀ ਹੋ ਗਏ। ਇਸ ਦੌਰਾਨ ਕੁਝ ਨੌਜਵਾਨਾਂ ਨੂੰ ਕੰਧ ਨਾਲ ਲੱਗੀ ਕੰਡਿਆਲੀ ਤਾਰ ਤੋਂ ਕਰੰਟ ਵੀ ਲੱਗ ਗਿਆ।

ਪਤਾ ਲੱਗਾ ਹੈ ਕਿ ਸਵੇਰੇ 6.54 ਦੇ ਕਰੀਬ ਭਰਤੀ ਲਈ ਲਾਈਨ ਵਿੱਚ ਖੜ੍ਹੇ ਨੌਜਵਾਨਾਂ 'ਤੇ ਕੰਧ ਡਿੱਗ ਗਈ ਤਾਂ ਇਸ ਲਪੇਟ ਵਿੱਚ ਆਏ ਨੌਜਵਾਨ ਜ਼ਖਮੀ ਹੋ ਗਏ। ਉਨ੍ਹਾਂ ਨੂੰ ਪੁਲਸ ਵੱਲੋਂ ਹਸਪਤਾਲ ਲਿਜਾਇਆ ਗਿਆ। ਭਰਤੀ ਲਈ ਆਏ ਨੌਜਵਾਨਾਂ ਨੇ ਦੋਸ਼ ਲਾਇਆ ਕਿ ਪੁਲਸ ਨੇ ਉਨ੍ਹਾਂ ਦੀ ਮਦਦ ਦੀ ਥਾਂ ਉਨ੍ਹਾਂ 'ਤੇ ਲਾਠੀਚਾਰਜ ਕੀਤਾ ਹੈ। ਭਰਤੀ ਦੌਰਾਨ ਕੰਧ ਡਿੱਗਣ ਨਾਲ ਜ਼ਖਮੀ ਹੋਏ ਨੌਜਵਾਨਾਂ ਵਿੱਚੋਂ ਇੱਕ ਜਣੇ ਨੂੰ ਛੱਡ ਕੇ ਬਾਕੀ ਸਾਰੇ ਨੌਜਵਾਨਾਂ ਨੂੰ ਡਿਸਚਾਰਜ ਕਰ ਦਿੱਤਾ ਗਿਆ ਹੈ। ਇੱਕ ਸੁਖਵਿੰਦਰ ਵਾਸੀ ਪਠਾਨਕੋਟ ਅਜੇ ਵੀ ਹਸਪਤਾਲ ਵਿੱਚ ਭਰਤੀ ਹੈ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
WE DEAL WITH ALL INSURANCE COMPANIES
MINISTRY APPROVED SALVAGE INSPECTION STATION
Body Centre
Specializing in:
- Collision - Custom Painting
- Mechanical Service
- Frame & Unibody Repair
- Insurance Claims Welcome
Inderjit Singh Lic. Auto Body Technician/Lic. Mec.
Daljit Singh President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

Paramjit Deol Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

MISSISSAUGA $975
Tranmere Dr E.: Office Space For Lease, 2nd Floor Office, One Office W/ Huge Receptionist Area, Small Kitchen. All Utilities Are Included In Monthly Rent, Great Location, Close To All Major Hwys, Great Traffic Flow, Surrounded By Commercial & Industrial Area.

WOODSTOCK $2,000
Photo Not Available
27 Dundas St. : Unit For Lease In Prime Location In Woodstock, Approx 1500 Sq Ft, Very Busy Area, High Traffic Flow Street, Many Uses Available, Brand New Building, Recently Finished Construction, Parking Available, Close To Hwy 401 & More...

SOUTH DUNDAS $3,000
23 Plaza Dr: Commercial Unit For Lease, Former Bmo Bank For Past 50 Years. Approx 4500 Sq Ft. Many Uses Available, Located In A Huge Plaza W/ Great Anchor Tenants, Such As Lcbo, Rbc Bank, Circle K, Foodland & Tons More, Tons Of Parking, Very Low Rent.

MISSISSAUGA $59,000
1224 Dundas St W: Turn Key Operation, Be Your Own Boss Today, Well Established Hair Salon & Barber Shop Situated In A Very Busy Plaza Located In A Prestige Area Of Erindale Woodlands, Thousands Spent On Renovations, 6 Hair Stations, 2 Shampoo Station...

CHATHAM-KENT $65,000
Chittim/Blenheim: Excellent Opportunity For Investors & 1st Time Buyers, Excellent Location, Low Maintenance, Close To Downtown & New To Hwy 401, Currently Tenanted Property, Low Maintenance Fee. Tenants Willing To Stay To Leave, Very

TORONTO $79,000
Photo Not Available
1308 St Clair Ave W : Turn Key Operation. Be Your Own Boss Today!!! Excellent Dry Cleaning Business. Sales Are 15K-17K Per Month, Low Rent About $2,360/Mo. Including Base, Tmi, Hst. Long Lease 4+5. Well Established Dry Cleaning With Neighborhood/Triple

HAMILTON $99,000
Photo Not Available
77 James St N.: Deli & Lounge Available In Hamilton City Centre Mall Serving Breakfast, Lunch, Brunch & Dinner. Very Busy Mall And Excellent Location Takeaway. Rent $3766 Including Tmi With Daily Foot Traffic And Customers, Busy Location...

MISSISSAUGA $149,000
17 Tannery St : Well Established Franchise Pizzeria, Located In Downtown Of Mississauga (Streetsville) Fantastic Location, Great Clientele, Very Busy Area, Great Exposure, Lots Of Fast Traffic, High Volume Sales Of $8000 Per Week, Very Low Rent $2800

MISSISSAUGA $169,900
7215 Goreway Dr.: Attention Investors!! Great Opportunity To Own A Unit In A Very Busy Plaza, Fully Constructed For Barber Shop Or Hair Salon, 3 Stations, Great Exposure And High Traffic Flow Daily Right Beside Fit4Less, Walmart, Freshco, Shoppers

BRAMPTON $199,000
Photo Not Available
10970 Bramalea Rd: Fantastic Opportunity In The Heart Of Brampton, Very Busy Restaurant Available , Excellent Location And Repeat Clientele , You Will Not Be Disappointed . $30,000-35,000 Sale Per Month $4900 Including Tmi Flexible Business

BRAMPTON $259,000
Photo Not Available
470 cHrYSLER dr: Turn Key Operation. Fine Dine Indian Restaurant Located In A Very Busy & Well Established Plaza, Recently Fully Renovated, 80 Seats, Fully Equipped Kitchen. Sales Are 80K-90K Per Month, Very Low Rent Of $6000 Per Month

BRAMPTON $299,000
23 Plaza Dr.: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As

MISSISSAUGA $499,000
5100 Erin Mills Pkwy 2E220: Well-Established Franchise Location Of Trade Secrets Beauty Salon. In Business For Many Years, One Of The Best Franchises Around The World The Famous Trade Secrets Is Very Profitable, Turn Key Operation, Located

BRANTFORD $499,000
693 Colborne St W.: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash

MISSISSAUGA $615,000
7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.

BRAMPTON $655,000
32 Tollgate St: Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite. Minutes From 410, Mall, Transit, Schools &

*Canadian punjabi post assumes no responsibility for the accuracy of any information shown. Copyright Ppost 2019

## ਨਿਊਜ਼ੀਲੈਂਡ 'ਚ ਭਾਰਤੀ ਮੂਲ ਦੇ ਸਾਬਕਾ ਗਵਰਨਰ ਜਨਰਲ ਰਹੇ ਸਰ ਅਨੰਦ ਸਤਿਆਨੰਦ ਬਣੇ ਯੂਨੀਵਰਸਿਟੀ ਚਾਂਸਲਰ

ਔਕਲੈਂਡ, 6 ਅਗਸਤ (ਹਰਜਿੰਦਰ ਸਿੰਘ ਬਸਿਆਲਾ)-ਨਿਊਜ਼ੀਲੈਂਡ ਦੇ ਵਿਚ ਭਾਰਤੀਆਂ ਦੀ ਆਮਦ ਨੂੰ 130 ਸਾਲ ਢੁੱਕਣ ਲੱਗੇ ਹਨ ਇਸ ਦੌਰਾਨ ਇਨ੍ਹਾਂ ਦੀਆਂ ਪ੍ਰਾਪਤੀਆਂ ਦਾ ਢੇਰ ਵੀ ਐਨੀ ਉਚੀ ਟੀਸੀ ਕੱਢ ਗਿਆ ਹੈ ਕਿ ਦੇਸ਼ ਦੇ ਸਰਵ-ਉਚ ਅਹੁਦੇ ਗਵਰਨਰ ਜਨਰਲ ਉਤੇ ਫੀਜ਼ੀਅਨ ਭਾਰਤੀ ਮੂਲ ਦੇ ਸਰ ਅਨੰਦ ਸਤਿਆਨੰਦ ਅਗਸਤ 2006 ਤੋਂ ਅਗਸਤ 2011 ਤੱਕ ਇਥੇ 11ਵੇਂ ਗਵਰਨਰ ਜਨਰਲ ਵਜੋਂ ਸੇਵਾ ਨਿਭਾਅ ਚੁਕੇ ਹਨ। ਜੀਵਨ ਕਾਲ ਵਿਚ ਕਿੱਤੇ ਵਜੋਂ ਵਕੀਲ, ਜੱਜ ਅਤੇ ਲੋਕਪਾਲ ਰਹੇ ਸਰ ਅਨੰਦ ਸਤਿਆਨੰਦ ਨੂੰ ਭਾਰਤ ਸਰਕਾਰ ਨੇ ਜਨਵਰੀ 2011 ਦੇ ਵਿਚ 9ਵੇਂ ਪ੍ਰਵਾਸੀ ਦਿਵਸ ਮੌਕੇ 'ਪ੍ਰਵਾਸੀ ਭਾਰਤੀਆ ਸਨਮਾਨ ਐਵਾਰਡ' ਦੇ ਨਾਲ ਸਨਮਾਨਿਆ ਸੀ। ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਇਹ ਸਨਮਾਨ ਦਿੱਤਾ ਸੀ। ਅੱਜ 75 ਸਾਲਾ ਇਸ ਸਾਬਕਾ ਗਵਰਨਰ ਜਨਰਲ ਨੂੰ 'ਦਾ ਯੂਨੀਵਰਸਿਟੀ ਆਫ ਵਾਇਕਾਟੋ' ਦਾ ਅਗਲਾ ਚਾਂਸਲਰ ਚੁਣਿਆ ਗਿਆ ਹੈ। ਇਹ ਚੋਣ ਚਾਰ ਸਾਲ ਲਈ ਕੀਤੀ



ਗਈ ਹੈ। ਉਹ ਸਾਬਕਾ ਚਾਂਸਲਰ ਅਤੇ ਸਾਬਕਾ ਪ੍ਰਧਾਨ ਮੰਤਰੀ ਜਿਮ ਬੋਲਗਰ ਦੀ ਥਾਂ ਲੈਣਗੇ ਜੋ ਕਿ 12 ਸਾਲਾਂ ਤੋਂ ਚਾਂਸਲਰ ਚਲੇ ਆ ਰਹੇ ਸਨ। ਸਰ ਅਨੰਦ ਸਤਿਆਨੰਦ ਨੇ ਮੌਜੂਦਾ ਇਕ ਵਕਾਰੀ ਅਹੁਦੇ ਤੋਂ ਅੱਜ ਇਸੇ ਕਾਰਨ ਅਸਤੀਫਾ ਵੀ ਦਿੱਤਾ ਹੈ। ਯੂਨੀਵਰਸਿਟੀ ਅਧਿਕਾਰੀਆਂ ਨੂੰ ਸਰ ਅਨੰਦ ਸਤਿਆਨੰਦ ਦੇ ਤਜ਼ਰਬੇ ਅਤੇ ਜਾਣਕਾਰੀ ਤੋਂ ਬਹੁਤ ਸਾਰੀਆਂ ਆਸਾਂ ਹਨ। ਅਕਤੂਬਰ ਮਹੀਨੇ ਚਾਂਸਲਰ ਸਰ ਅਨੰਦ ਸਤਿਆਨੰਦ ਦਾ ਭਰਵਾਂ ਸਵਾਗਤ ਮਾਓਰੀ ਰੀਤ 'ਪੋਂਹੀਰੀ' ਨਾਲ ਕੀਤਾ ਜਾਵੇਗਾ ਤੇ ਉਹ ਆਪਣਾ ਕਾਰਜ ਭਾਰ ਸੰਭਾਲ ਲੈਣਗੇ। ਸਰ ਅਨੰਦ ਸਤਿਆਨੰਦ ਦੇ ਦਾਦਾ-ਦਾਦੀ 1911 ਦੇ ਵਿਚ ਭਾਰਤ ਤੋਂ ਫੀਜ਼ੀ ਚਲੇ ਗਏ ਸਨ। ਇਸਦੇ ਪਿਤਾ ਡਾ. ਮੁਤਿਆਲਾ 1927 ਦੇ ਵਿਚ ਨਿਊਜ਼ੀਲੈਂਡ ਆ ਗਏ ਸਨ ਅਤੇ ਉਨ੍ਹਾਂ ਦਾ ਵਿਆਹ ਤਾਰਾ ਤਿਲਕ ਦੇ ਨਾਲ 1940 ਦੇ ਵਿਚ ਨਿਊਜ਼ੀਲੈਂਡ ਹੀ ਹੋਇਆ ਸੀ।

ਵਰਨਣਯੋਗ ਹੈ ਕਿ 'ਦਾ ਯੂਨੀਵਰਸਿਟੀ ਆਫ ਵਾਇਕਾਟੋ' ਹਮਿਲਟਨ ਸ਼ਹਿਰ ਵਿਖੇ ਸਥਿਤ ਹੈ ਜਿੱਥੇ ਪੰਜਾਬੀਆਂ ਨੇ ਪਹਿਲਾ ਗੁਰਦੁਆਰਾ ਸਾਹਿਬ 1977 ਦੇ ਵਿਚ ਸਥਾਪਿਤ ਕੀਤਾ ਸੀ। ਇਹ ਉਹ ਯੂਨੀਵਰਸਿਟੀ ਹੈ ਜਿਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜੂਨ 2012 ਦੇ ਵਿਚ ਅੰਤਰਰਾਸ਼ਟਰੀ ਸਿਖਿਆ ਦੇ ਆਦਾਨ-ਪ੍ਰਦਾਨ ਦਾ ਇਕ ਸਮਝੌਤਾ ਵੀ ਕੀਤਾ ਗਿਆ ਸੀ। ਇਹ ਯੂਨੀਵਰਸਿਟੀ ਦੀ ਪੜ੍ਹਾਈ ਕਾਫੀ ਉਚ ਸਤਰ ਦੀ ਪਾਈ ਜਾਂਦੀ ਹੈ ਅਤੇ ਬਹੁਤ ਸਾਰੇ ਭਾਰਤੀ ਵਿਦਿਆਰਥੀ ਵੀ ਇਥੇ ਪੜ੍ਹਦੇ ਹਨ।

## ਸੁਰਜੀਤ ਪਾਤਰ 17 ਅਗਸਤ ਨੂੰ ਆਪਣੀਆਂ ਕਾਵਿ-ਰਚਨਾਵਾਂ ਦੀ ਛਹਿਬਰ ਲਗਾਉਣਗੇ

ਬਰੈਂਪਟਨ, (ਡਾ. ਝੰਡ): ਸਾਹਿਤਕ ਹਲਕਿਆਂ ਵਿਚ ਖ਼ਾਸ ਕਰਕੇ ਅਤੇ ਪੰਜਾਬੀ-ਬੋਲੀ ਨਾਲ ਮੋਹ ਰੱਖਣ ਵਾਲਿਆਂ ਲਈ ਵੀ ਇਹ ਖ਼ਾਸ ਖ਼ਬਰ ਹੈ ਕਿ ਪੰਜਾਬੀ ਦੇ ਸਿਰਮੌਰ ਕਵੀ ਸੁਰਜੀਤ ਪਾਤਰ 17 ਅਗੱਸਤ ਦਿਨ ਸ਼ਨੀਵਾਰ ਨੂੰ ਸ਼ਾਮ ਦੇ ਪੰਜ ਵਜੇ ਬਰੈਂਪਟਨ ਦੇ 'ਰੋਜ਼ ਥੀਏਟਰ' ਵਿਚ ਆਪਣੀਆਂ ਕਾਵਿ-ਰਚਨਾਵਾਂ ਦੀ ਛਹਿਬਰ ਲਗਾਉਣਗੇ। ਇਸ ਦੌਰਾਨ ਪ੍ਰਸਿੱਧ ਲੇਖਕ ਡਾ. ਵਰਿਆਮ ਸਿੰਘ ਸੰਧੂ ਸੁਰਜੀਤ ਪਾਤਰ ਨੂੰ ਆਪਣੇ ਹੀ ਅੰਦਾਜ਼ ਵਿਚ ਸਰੋਤਿਆਂ ਦੇ ਸਾਹਮਣੇ ਪੇਸ਼ ਕਰਨਗੇ ਅਤੇ ਉਨ੍ਹਾਂ ਬਾਰੇ ਆਪਣੇ ਵਿਚਾਰ ਵੀ ਪੇਸ਼ ਕਰਨਗੇ। ਇਸ ਸਮਾਗ਼ਮ ਵਿਚ ਉੱਘੇ-ਗਾਇਕ ਪ੍ਰੋ. ਉਪਕਾਰ ਸਿੰਘ, ਮੋਹਸਿਨ ਸ਼ੌਕਤ ਅਲੀ ਅਤੇ ਮਨਰਾਜ ਪਾਤਰ ਉਨ੍ਹਾਂ ਦੀਆਂ ਰਚਨਾਵਾਂ ਦਾ ਗਾਇਨ ਕਰਨਗੇ।



'ਪ੍ਰਾਈਮ ਏਸ਼ੀਆ ਟੀ.ਵੀ' ਅਤੇ 'ਸੀਰਤ ਐਂਟਰਟੇਨਮੈਂਟ' ਦੇ ਸਾਂਝੇ ਉੱਦਮ ਨਾਲ ਪੇਸ਼ ਕੀਤਾ ਜਾ ਰਿਹਾ ਇਹ ਸੰਗੀਤਮਈ-ਪ੍ਰੋਗਰਾਮ ਆਪਣੀ ਕਿਸਮ ਦਾ ਵਿਲੱਖਣ ਪ੍ਰੋਗਰਾਮ ਹੋਵੇਗਾ ਜਿਸ ਵਿਚ ਸਾਹਿਤਕ ਅਤੇ ਮਨੋਰੰਜਨ ਦੋਹਾਂ ਕਿਸਮਾਂ ਦੇ ਵੱਖ-ਵੱਖ ਰੰਗ ਮੌਜੂਦ ਹੋਣਗੇ। ਉਮੀਦ ਕੀਤੀ ਜਾਂਦੀ ਹੈ ਕਿ ਪੰਜਾਬੀ-ਸਰੋਤਿਆਂ ਨੂੰ ਇਹ ਰੰਗ ਜ਼ਰੂਰ ਪਸੰਦ ਆਉਣਗੇ।

ਇਸ ਮਿਆਰੀ ਪ੍ਰੋਗਰਾਮ ਦਾ ਆਨੰਦ ਮਾਣਨ ਲਈ ਅੱਜ ਹੀ ਆਪਣੀ ਟਿਕਟ ਬੁੱਕ ਕਰਾਓ। ਇਸ ਮੰਤਵ ਲਈ ਸੁਪਨ ਸੰਧੂ ਦੇ ਫੋਨ ਨੰਬਰ +1 (647)-620-6280 'ਤੇ ਕਾਲ ਕੀਤੀ ਜਾ ਸਕਦੀ ਹੈ।

## ਸਾਬਕਾ ਫੌਜੀ ਕਰਮਚਾਰੀਆਂ ਦੀ ਜਨਰਲ ਬਾਡੀ ਮੀਟਿੰਗ 7 ਸਤੰਬਰ ਨੂੰ

ਸਾਬਕਾ ਫੌਜੀ ਕਰਮਚਾਰੀਆਂ ਦੀ ਮੀਟਿੰਗ 7 ਸਤੰਬਰ ਸਨਿਚਰਵਾਰ ਨੂੰ 7355 ਟੌਰਬਰੰਮ ਰੋਡ ਮਿੱਸੀਸਾਗਾ ਵਿਖੇ ਨੈਸ਼ਨਲ ਬੈਂਕੁਏਟ ਹਾਲ ਵਿੱਚ ਹੋਵੇਗੀ ਜਿਸ ਵਿੱਚ ਨਵੀਂ ਕਮੇਟੀ ਦੀ ਚੋਣ ਕੀਤੀ ਜਾਵੇਗੀ।ਇਸ ਮੀਟਿੰਗ ਵਿੱਚ ਕੇਵਲ ਮੈਂਬਰ ਹੀ ਭਾਗ ਲੈ ਸਕਦੇ ਹਨ।ਮੀਟਿੰਗ ਸਵੇਰੇ 10 ਵਜੇ ਨਾਸ਼ਤਾ ਕਰਕੇ ਅਰੰਭ ਹੋਵੇਗੀ। ਜਿਸ ਵਿਯਕਤੀ ਨੇ ਕਮੇਟੀ ਦਾ ਮੈਂਬਰ ਬਨਣਾ ਹੈ ਉਸ ਤੇ ਦੋ ਸ਼ਰਤਾਂ ਲਾਗੂ ਹਨ।ਪਹਿਲੀ ਸ਼ਰਤ ਇਹ ਹੈ ਕਿ ਉਹ ਇੱਕ ਸਾਲ ਤੋਂ ਸਭਾ ਦਾ ਮੈਂਬਰ ਹੋਣਾ ਚਾਹੀਦਾ ਹੈ।ਦੂਸਰੀ ਸ਼ਰਤ ਹੈ ਕਿ ਉਸ ਨੇ ਘੱਟ ਤੋਂ ਘੱਟ ਚਾਰ ਮੀਟਿੰਗਾਂ ਵਿੱਚ ਹਾਜਰੀ ਲਗਵਾਈ ਹੋਵੇ।ਹੇਠ ਲਿੱਖੇ ਅਹੁਦਿਆਂ ਲਈ ਮੈਂਬਰ ਚੁਣੇ ਜਾਣਗੇ:-

1.ਪਰਧਾਨ 2.ਮੀਤ ਪਰਧਾਨ 3.ਜਨਰਲ ਸਕੱਤਰ 4.ਕੈਸ਼ੀਅਰ(ਅਕਾਉਂਟੈਂਟ)। ਮੈਂਬਰ ਬਨਣ ਦੇ ਚਾਹਵਾਨ ਵਿਯਕਤੀ ਅਪਣੇ ਨਾਮ ਵਰਤਮਾਨ ਪਰਧਾਨ ਯਾ ਮੀਤ ਪਰਧਾਨ ਨੂੰ 31 ਅਗਸਤ ਤਕ ਹੇਠ ਲਿਖੇ ਨੰਬਰਾਂ ਤੇ ਭੇਜ ਸਕਦੇ ਹਨ। ਲੇਡੀਜ਼ ਨੂੰ ਆਉਣ ਲਈ ਖੁੱਲਾ ਸੱਦਾ ਦਿੱਤਾ ਜਾਂਦਾ ਹੈ ਅਤੇ ਲੇਡੀਜ਼ ਦੇ ਮਨੋਰੰਜਨ ਦਾ ਖਾਸ ਖਿਆਲ ਰੱਖਿਆ ਜਾਵੇਗਾ।ਖਾਣੇ ਦੀ ਭੇਟਾ 25 ਡਾਲਰ ਹੈ ਜੋੜੇ ਲਈ 30 ਡਾਲਰ ਹੈ।ਜੇ ਕੋਈ ਨਵਾਂ ਵਿਯਕਤੀ ਮੈਂਬਰ ਬਨਣਾ ਚਾਹੁੰਦਾ ਹੈ ਉਹ 50 ਡਾਲਰ ਦੇਕੇ ਮੈਂਬਰ ਬਣ ਸਕਦਾ ਹੈ।

ਕਮੇਟੀ ਮੈਂਬਰ ਬਨਣ ਲਈ ਨਾਮ ਹੇਠ ਲਿਖੇ ਨੰਬਰਾਂ 'ਤੇ ਭੇਜੇ ਜਾ ਸਕਦੇ ਹਨ:-

ਕਰਨਲ ਗੁਰਮੇਲ ਸਿੰਘ ਸੋਹੀ (ਪਰਧਾਨ) 647-878-7644.

ਲੈ.ਕ.ਨਰਵੰਤ ਸਿੰਘ ਸੋਹੀ (ਮੀਤ ਪਰਧਾਨ)905-741-2666.

## ਸਿੱਖ ਐਸੋਸੀਏਸ਼ਨ ਦੇ ਸੀਨੀਅਰ ਗਰੁਪ ਦੀ ਪਿਕਨਿਕ

ਸਿਡਨੀ : ਸਿੱਖ ਐਸੋਸੀਏਸ਼ਨ ਦੇ ਸੀਨੀਅਰ ਗਰੁਪ ਨੂੰ, ਗੁਰਦੁਆਰਾ ਗਲੈਨਵੁੱਡ ਪ੍ਰਬੰਧਕ ਕਮੇਟੀ (ਏ.ਐਸ.ਏ.) ਦੇ ਸਹਿਯੋਗ ਅਤੇ ਸਹਾਇਤਾ ਨਾਲ, ਔਬਰਨ ਬੋਟੈਨੀਕਲ ਗਾਰਡਨ ਵਿੱਚ ਲਿਜਾਇਆ ਗਿਆ। ਸਾਰੇ ਹੀ ਸੀਨੀਅਰ ਸੱਜਣਾਂ ਨੇ ਇਸ ਯਾਤਰਾ ਦਾ ਭਰਪੂਰ ਆਨੰਦ ਮਾਣਿਆ। ਗੁਰਦੁਆਰਾ ਸਾਹਿਬ ਸਿੱਖ ਸੈਂਟਰ ਪਾਰਕਲੀ ਤੋਂ, ਬੱਸਾਂ ਰਾਹੀਂ ਸਵੇਰੇ ਦਸ ਕੁ ਵਜੇ ਚੱਲ ਕੇ, ਸੰਗਤਾਂ ਅਧੇ ਘੰਟੇ ਵਿੱਚ ਪਾਰਕ ਵਿੱਚ ਪਹੁੰਚ ਗਈਆਂ। ਇਹ ਪਾਰਕ ਬਹੁਤ ਹੀ ਵਿਸ਼ਾਲ ਅਤੇ ਰਮਣੀਕ ਹੈ। ਇਕ ਬਹੁਤ ਵੱਡੇ ਸ਼ੈਡ ਹੇਠ ਉਤਾਰਾ ਕੀਤਾ ਗਿਆ ਜਿਥੇ ਬੈਠਣ ਵਾਸਤੇ ਬੈਂਚਾਂ ਦਾ ਪੂਰਾ ਪੂਰਾ ਪ੍ਰਬੰਧ ਸੀ। ਸਭ ਤੋਂ ਪਹਿਲਾਂ ਸਾਰੀਆਂ ਸੰਗਤਾਂ ਨੇ ਪਾਰਕ ਦੀ ਖ਼ੂਬਸੂਰਤੀ ਨੂੰ ਹੋਰ ਵੀ ਨੇੜੇ ਹੋ ਕੇ ਵੇਖਣ ਦਾ ਭਰਪੂਰ ਆਨੰਦ ਮਾਣਿਆ। ਉਪ੍ਰੰਤ ਸਦਾ ਵਾਂਗ ਸ. ਜੀਵਨ ਸਿੰਘ ਦੁਸਾਂਝ ਦੇ ਗੀਤਾਂ ਅਤੇ ਅਗਵਾਈ ਹੇਠ, ਕਵੀ ਦਰਬਾਰ ਦੀ ਸ਼ੁਰੂਆਤ ਕੀਤੀ ਗਈ। ਸਟੇਜ ਸੰਚਾਲਨ ਦੀ ਸੇਵਾ ਮੋਹਨ ਸਿੰਘ ਵਿਰਕ ਨੇ ਨਿਭਾਈ।

ਸਭ ਤੋਂ ਪਹਿਲਾਂ ਸਾਡੇ ਹਰਮਨ ਪਿਆਰੇ ਗਿਆਨੀ ਸੰਤੋਖ ਸਿੰਘ ਜੀ ਨੂੰ ਸਟੇਜ ਤੇ ਆਉਣ ਲਈ ਬੇਨਤੀ ਕੀਤੀ ਗਈ। ਉਹਨਾਂ ਨੇ ਹਸਰਸੀ ਸੁਭਾ ਅਨੁਸਾਰ ਮਾਹੌਲ ਨੂੰ ਤਾਜਗੀ ਦੇ ਕੇ ਖ਼ੁਸ਼ਗਵਾਰ ਕੀਤਾ ਫਿਰ ਇਕ ਪ੍ਰਸਿਧ ਕਵਿਤਾ ਸੁਣਾ ਕੇ ਵਾਹ ਵਾਹ ਹਾਸਲ ਕੀਤੀ। ਇਸ ਤੋਂ ਬਾਅਦ ਸਾਡੇ ਮਾਨਯੋਗ ਵਿਦਵਾਨ ਗਿਆਨੀ ਮਿਹਰ ਸਿੰਘ ਜੀ ਨੇ ੧੯੮੪ ਦੇ ਘੱਲੂਘਾਰੇ ਅਤੇ ਦਰਬਾਰ ਸਾਹਿਬ 'ਤੇ ਕੀਤੇ ਗਏ ਹਮਲੇ ਵਿਸ਼ੇ ਉਤੇ ਵਿਸਥਾਰ ਸਹਿਤ ਜਾਣਕਾਰੀ ਦਿਤੀ। ਉਪ੍ਰੰਤ ਏਸੇ ਵਿਸ਼ੇ ਤੇ ਹੀ ਇਕ ਸੋਗ ਭਰੀ ਕਵਿਤਾ ਵੀ ਸੁਣਾਈ ਜਿਸ ਨੂੰ ਸੁਣਕੇ ਸਰੋਤਿਆਂ ਵਿਚ ਉਦਾਸੀ ਦੇ ਨਾਲ ਨਾਲ਼ ਰੋਹ ਵੀ ਪੈਦਾ ਹੋਇਆ। ਕਵਿਤਾ ਦੇ ਬੋਲ ਇਸ ਪਰਕਾਰ ਸਨ:

ਸੁਣ ਰਾਹੀਆ ਕਰਮਾਂ ਵਾਲਿਆ ਮੈਂ ਬੇਕਦਰੀ ਦੀ ਬਾਤ।

ਮੇਰਾ ਚੜ੍ਹਦਾ ਸੂਰਜ ਡੁੱਬਿਆ ਦਿਨ ਨੂੰ ਖਾ ਗਈ ਰਾਤ।

ਇਸ ਤੋਂ ਬਾਅਦ ਸ. ਊਧਮ ਸਿੰਘ ਸੁਹਾਣਾ ਜੀ ਨੇ ਸ਼ੇਰੇ ਪੰਜਾਬ ਮਹਾਂਰਾਜਾ ਰਨਜੀਤ ਸਿੰਘ ਜੀ ਦੇ ਜੀਵਨ ਅਤੇ ਉਹਨਾਂ ਦੀ ਦਰਿਆ ਦਿਲ ਬਹਾਦਰੀ ਦੇ ਕਾਰਨਾਮਿਆਂ ਤੇ ਭਰਪੂਰ ਜਾਣਕਾਰੀ ਦਿਤੀ ਅਤੇ ਏਸੇ ਵਿਸ਼ੇ ਤੇ ਇਕ ਕਵਿਤਾ ਸੁਣਾ ਕੇ ਸਰੋਤਿਆਂ ਦੇ ਲੂੰ ਕੰਢੇ ਖੜ੍ਹੇ ਕਰ ਦਿਤੇ।

ਉਪ੍ਰੰਤ ਸਮੂੰਹ ਸੰਗਤਾਂ ਨੂੰ ਲੰਗਰ ਵਰਤਾਇਆ ਗਿਆ ਜਿਸ ਦਾ ਸਾਰਿਆਂ ਨੇ ਭਰਪੂਰ ਆਨੰਦ ਮਾਣਿਅ। ਇਸ ਤੋਂ ਬਾਅਦ ਫਿਰ ਕਵੀ ਦਰਬਾਰ ਅਰੰਭ ਕੀਤਾ ਗਿਆ। ਜਿਸ ਦੀ ਸ਼ੁਰੂਆਤ ਦੁਸਾਂਝ ਜੀ ਦੇ ਗੀਤ ਛੱਲੇ ਨਾਲ ਹੋਈ ਜਿਸ ਨੂੰ ਸੁਣ ਕੇ ਸਰੋਤੇ ਵਾਹ ਵਾਹ ਕਰ ਉਠੇ।

ਲੇਖਕ: ਮੋਹਨ ਸਿੰਘ ਵਿਰਕ
ਸਿਡਨੀ, ਆਸਟ੍ਰੇਲੀਆ

## ਤਲਵੰਡੀ ਮੱਲੀਆਂ ਪਿਕਨਿਕ 10 ਅਗਸਤ ਨੂੰ

ਬਰੈਂਪਟਨ (ਹਰਿੰਦਰ ਸਿੰਘ ਮੱਲੀ) ਪਿਛਲੇ ਸਾਲ ਵਾਂਗ ਹੀ ਮੋਗੇ ਜਿਲਾ ਦੇ ਪਿੰਡ ਤਲਵੰਡੀ ਮੱਲੀਆਂ ਦੇ ਨਿਵਾਸੀਆਂ ਵਲੋਂ ਸਾਲਾਨਾ ਪਿਕਨਿਕ 10 ਅਗਸਤ ਦਿਨ ਸਨੀਵਾਰ ਨੂੰ ਐਲਡਾਰਾਡੋ ਪਾਰਕ, 8520 ਕਰੈਡਿਟ ਵਿਓ ਰੋਡ, ਬਰੈਪਟਨ ਵਿਖੇ 11 ਵਜੇ ਤੋਂ ਸਾਮ ਤਕ ਮਨਾਈ ਜਾ ਰਹੀ ਹੈ। ਮੌਸਮ ਮੁਤਾਬਕ ਠੰਡੇ-ਮਿੱਠੇ ਤੇ ਕਰਾਰੇ ਪਕਵਾਨ ਛਕਾਏ ਜਾਣਗੇ। ਵੱਡਿਆਂ ਛੋਟਿਆਂ ਤੇ ਨਿਆਣਿਆਂ ਸਿਆਣਿਆਂ ਲਈ ਦਿਲਚਸਪ ਖੇਡਾਂ ਅਤੇ ਰੌਣਕਾਂ ਹੋਣਗੀਆਂ । ਤਲਵੰਡੀ ਮੱਲੀਆਂ ਨਾਲ ਜੁੜੇ ਹਰ ਭੈਣ ਭਰਾ ਨੂੰ ਹੁੰਮ ਹੁੰਮਾ ਕੇ ਪੁੱਜਣ ਲਈ ਬੇਨਤੀ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ; ਗੁਰਪਰੀਤ ਸਿੰਘ ਮੱਲੀ 647-894-6470 ਜੀਤ ਸਿੰਘ ਮੱਲੀ 416-305-5759 ਹਰਿੰਦਰ ਸਿੰਘ ਮੱਲੀ 647- 704 -3828



### ਬੀਬੀਆਂ ਨੇ ਤੀਆਂ ਦਾ ਤਿਉਹਾਰ ਮਨਾਇਆ:

ਪਿਛਲੇ ਦਿਨੀਂ ਕੈਸੀ ਕੈਂਬਲ ਪਾਰਕ ਵਿਖੇ ਬੀਬੀ ਪ੍ਰੀਤਮ ਕੌਰ ਪਤਨੀ ਸੁਰਜਣ ਸਿੰਘ ਸੋਚੀ ਦੀ ਅਗਵਾਈ 'ਚ ਤੀਆਂ ਦਾ ਤਿਉਹਾਰ ਮਨਾਇਆ ਗਿਆ। ਬੀਬੀਆਂ ਨੇ ਖੂਬ ਬੋਲੀਆਂ ਪਾਕੇ ਗਿੱਧੇ ਦਾ ਆਨੰਦ ਮਾਣਿਆ। ਇਸ ਮੌਕੇ ਐੱਮ.ਪੀ. ਕਮਲ ਖਹਿਰਾ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਲਗਵਾਈ। ਉਨ੍ਹਾਂ ਨਾਲ ਕੈਸੀ ਕੈਂਬਲ ਦੇ ਪ੍ਰਧਾਨ ਸੁਭਾਸ਼ ਖੁਰਮੀ ਵੀ ਮੌਜੂਦ ਸਨ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ



ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



ਬੀਤੇ ਦਿਨੀਂ ਮੇਰੀਕੀਨਾ ਫਰੈਂਡਸ਼ਿਪ ਸੀਨੀਅਰ ਕਲੱਬ ਬਰੈਂਪਟਨ ਦੀ ਚੋਣ ਸਰਬਸੰਮਤੀ ਨਾਲ ਹੋਈ। ਇਸ ਵਿਚ ਚਤਰ ਸਿੰਘ ਕੈਂਥ ਚੇਅਰਮੈਨ, ਦਰਸ਼ਨ ਸਿੰਘ ਤਾਤਲਾ ਪ੍ਰਧਾਨ, ਹਰਬੰਸ ਸਿੰਘ ਮੀਤ ਪ੍ਰਧਾਨ, ਮਨਹੋਹਨ ਸਿੰਘ ਅਟਵਾਲ ਵਿੱਤ ਸਕੱਤਰ, ਕਰਤਾਰ ਸਿੰਘ ਮੰਡ ਸਕੱਤਰ ਚੁਣੇ ਗਏ। ਇਨ੍ਹਾਂ ਤੋਂ ਇਲਾਵਾ ਹਰਭਜਨ ਸਿੰਘ ਗਿੱਲ, ਸੰਤੋਖ ਸਿੰਘ ਜਵੰਧਾ, ਬਚਿੱਤ ਸਿੰਘ ਘੱਗ ਅਤੇ ਗੁਰਚਰਨ ਸਿੰਘ ਸੰਧੂ ਨੂੰ ਡਾਇਰੈਕਟਰ ਚੁਣ ਲਿਆ ਗਿਆ। ਇਸ ਉਪਰੰਤ 27 ਜੁਲਾਈ ਨੂੰ ਕੈਨੇਡਾ ਡੇਅ ਮਨਾਇਆ ਗਿਆ। ਇਸ ਦੌਰਾਨ ਬੱਚਿਆਂ ਦੀਆਂ ਖੇਡਾਂ, ਸੀਨੀਅਰਜ਼ ਦੇ ਤਾਸ਼ ਮੁਕਾਬਲੇ ਤੇ ਬੀਬੀਆਂ ਦੇ ਖੇਡ ਮੁਕਾਬਲੇ ਕਰਵਾਏ ਗਏ। ਜੇਤੂਆਂ ਨੂੰ ਹਰਕੀਰਤ ਸਿੰਘ ਸਿਟੀ ਕੌਂਸਲਰ ਨੇ ਇਨਾਮਾਂ ਦੀ ਵੰਡ ਕੀਤੀ। ਗੁਰਦੇਵ ਸਿੰਘ ਰੱਖੜਾ ਅਤੇ ਬੀਬੀ ਕੁਲਵਿੰਦਰ ਕੌਰ ਨੇ ਕਵਿਤਾਵਾਂ ਸੁਣਾਈਆਂ ਅਤੇ ਬੀਬੀ ਰੁਪਿੰਦਰ ਰਿੰਪੀ ਨੇ ਸੰਗੀਤਕ ਰੰਗ ਬੰਨ੍ਹਿਆ। ਇਸ ਮੌਕੇ ਗੁਰਪ੍ਰੀਤ ਸਿੰਘ ਢਿੱਲੋਂ ਰੀਜ਼ਨਲ ਕੌਂਸਲਰ, ਅਤੇ ਗੁਰਰਤਨ ਸਿੰਘ ਐੱਮ.ਪੀ.ਪੀ. ਨੇ ਸ਼ਮੂਲੀਅਤ ਕੀਤੀ। ਹੋਣ ਜਾਣਕਾਰੀ ਲਈ 647 550 6228, 647 741 6825 ਜਾਂ 647 473 4680 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

## ਡਾ. ਨੇਕੀ ਨੂੰ ਮਿਲਿਆ ਕੈਨੇਡਾ 'ਚ ਲੈਕਚਰ ਦੇਣ ਲਈ ਸੱਦਾ-ਪੱਤਰ

ਬਰੈਂਪਟਨ, (ਡਾ. ਝੰਡ): ਲਿਮਕਾ ਬੁੱਕ ਆਫ਼ ਵਰਲਡ ਰਿਕਾਰਡਜ਼ ਵਿਚ ਆਪਣਾ ਨਾਮ ਦਰਜ ਕਰਵਾ ਚੁੱਕੀ ਮੈਡੀਕਲ ਖੇਤਰ ਦੀ ਨਾਮਵਰ ਸ਼ਖ਼ਸੀਅਤ ਡਾ. ਨਿਰੰਕਾਰ ਸਿੰਘ ਨੇਕੀ, ਪ੍ਰੋਫ਼ੈਸਰ ਆਫ਼ ਮੈਡੀਸੀਨ ਸਰਕਾਰੀ ਮੈਡੀਕਲ ਕਾਲਜ ਅਤੇ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਨੂੰ ਛੇਵੀਂ ਵਿਸ਼ਵ ਕਾਂਗਰਸ ਅਤੇ ਐਕਸਪੋ ਆਨ ਪਬਲਿਕ ਹੈੱਲਥ ਐਪੀਡੀਮੌਲੌਜੀ ਐਂਡ ਨਿਊਟ੍ਰੀਸ਼ਨ (ਡਬਲਿਊ.ਸੀ.ਪੀ.ਈ.ਐੱਨ.) 2020 ਵਿਚ ਲੈੱਕਚਰ ਦੇਣ ਲਈ ਬਤੌਰ ਸਪੀਕਰ ਸੱਦਾ ਮਿਲਿਆ ਹੈ ਜਿਸ ਦੇ ਬਾਰੇ ਲਿਖਤੀ ਸੂਚਨਾ ਇਸ ਕਾਨਫ਼ਰੰਸ ਦੇ ਪ੍ਰੋਗਰਾਮ ਮੈਨੇਜਰ ਜੈਸੀਕਾ ਨੇ ਬਾਕਾਇਦਾ ਡਾ. ਨੇਕੀ ਨੂੰ ਭੇਜੀ ਹੈ।

ਇਹ ਕਾਨਫ਼ਰੰਸ ਕੈਨੇਡਾ ਦੇ ਸ਼ਹਿਰ



ਵੈਨਕੂਵਰ ਵਿਖੇ 17 ਅਤੇ 18 ਸਤੰਬਰ ਨੂੰ ਹੋ ਰਹੀ ਹੈ ਜਿਸ ਵਿਚ ਦੇਸ਼-ਵਿਦੇਸ਼ ਤੋਂ ਡਾਕਟਰ ਭਾਗ ਲੈ ਰਹੇ ਹਨ। ਇੱਥੇ ਇਹ ਜ਼ਿਕਰਯੋਗ ਹੈ ਕਿ ਡਾ. ਨੇਕੀ ਇਸ ਤੋਂ ਪਹਿਲਾਂ ਕਈ ਅੰਤਰਰਾਸ਼ਟਰੀ ਕਾਨਫ਼ਰੰਸਾਂ ਵਿਚ ਹਿੱਸਾ ਲੈ ਰਹੇ ਹਨ ਅਤੇ ਉਹ ਕਈ ਮੈਡੀਕਲ ਖੋਜ ਰਿਸਾਲਿਆਂ ਦੇ ਸੰਪਾਦਕ ਵੀ ਹਨ।

## ਬੈਂਸ ਦੇ ਸਟਿੰਗ ਦੇ ਦੌਰਾਨ ਰਿਸ਼ਵਤ ਲੈਂਦਾ ਫਸਿਆ ਫੈਕਟਰੀ ਅਫਸਰ ਬਰਖਾਸਤ

ਲੁਧਿਆਣਾ, 6 ਅਗਸਤ (ਪੋਸਟ ਬਿਊਰੋ)- ਫੈਕਟਰੀ ਦਾ ਨਕਸ਼ਾ ਪਾਸ ਕਰਾਉਣ ਦੇ ਬਦਲੇ 25,000 ਰੁਪਏ ਰਿਸ਼ਵਤ ਲੈਂਦੇ ਵਕਤ ਲੇਬਰ ਵਿਭਾਗ ਦਾ ਜਿਹੜਾ ਵਧੀਕ ਡਾਇਰੈਕਰ ਆਫ ਫੈਕਟਰੀਜ਼ ਐੱਮ ਪੀ ਬੇਰੀ ਇੱਕ ਦਿਨ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਸਟਿੰਗ ਆਪਰੇਸ਼ਨ ਵਿੱਚ ਫਸ ਗਿਆ ਸੀ, ਉਸ ਦਾ ਸਰਕਾਰ ਨੇ ਸਖਤ ਨੋਟਿਸ ਲਿਆ ਤੇ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਆਰ ਵੈਂਕਟਰਤਨਮ ਨੇ ਉਸ ਨੂੰ ਨੌਕਰੀ ਤੋਂ ਬਰਖਾਸਤ ਕਰਨ ਦੇ ਆਰਡਰ ਜਾਰੀ ਕਰ ਦਿੱਤੇ ਹਨ। ਇੱਕ ਸਾਲ ਦੀ ਐਕਸਟੈਂਸ਼ਨ ਉੱਤੇ ਚਲ ਰਹੇ ਬੇਰੀ ਸਟਿੰਗ ਆਪਰੇਸ਼ਨ ਦੇ ਸਾਹਮਣੇ ਆਉਣ ਦੇ ਬਾਅਦ ਤੋਂ ਸਸਪੈਂਡ ਸਨ ਅਤੇ ਸਰਕਾਰ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਸੀ।

ਮਿਲੀ ਜਾਣਕਾਰੀ ਅਨੁਸਾਰ ਜਾਂਚ ਦੌਰਾਨ ਵਿਭਾਗ ਨੇ ਐੱਮ ਪੀ ਬੇਰੀ ਤੋਂ ਇਸ ਦਾ ਜਵਾਬ ਮੰਗਿਆ ਤਾਂ ਬੇਰੀ ਨੇ 22 ਮਈ 2019 ਨੂੰ ਆਪਣਾ ਜਵਾਬ ਦਾਖਲ ਕਰ ਦਿੱਤਾ ਸੀ, ਪ੍ਰੰਤੂ ਵਿਭਾਗ ਉਨ੍ਹਾਂ ਦੇ ਜਵਾਬ ਤੋਂ ਸੰਤੁਸ਼ਟ ਨਹੀਂ ਹੋਇਆ। ਪ੍ਰਿੰਸੀਪਲ ਸੈਕਟਰੀ ਨੇ ਬਰਖਾਸਤਗੀ ਦੇ ਹੁਕਮਾਂ ਵਿੱਚ ਸਾਫ ਲਿਖਿਆ ਹੈ ਕਿ ਵੀਡੀਓ ਵਿੱਚ ਬੇਰੀ ਪੈਸੇ ਮੰਗਦਾ ਤੇ ਫੜ ਰਿਹਾ ਸਾਫ ਤੌਰ 'ਤੇ ਦਿੱਸ ਰਿਹਾ ਹੈ। ਵੀਡੀਓ ਵਿੱਚ ਉਹ ਆਪਣੇ ਕੀਤੇ ਦੀ ਮੁਆਫੀ ਵੀ ਮੰਗਦਾ ਹੈ। ਜਾਂਚ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਬੇਰੀ ਸਰਕਾਰੀ ਡਿਊਟੀ ਕਰਦਿਆਂ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਹੋ ਕੇ ਸਰਕਾਰ ਦੇ ਅਕਸ ਨੂੰ ਨੁਕਸਾਨ ਪਹੁੰਚਾਉਂਦਾ ਹੈ, ਇਸ ਲਈ ਉਸ ਉੱਤੇ ਪੰਜਾਬ ਸਿਵਲ ਸਰਵਿਸਿਜ਼ (ਸਜ਼ਾ ਤੇ ਅਪੀਲ) ਰੂਲਜ਼ 1970 ਦੇ ਹੇਠ ਕਾਰਵਾਈ ਦੀ ਸਿਫਾਰਸ਼ ਕੀਤੀ ਗਈ, ਜਿਸ 'ਤੇ ਉਨ੍ਹਾਂ ਨੂੰ ਨੌਕਰੀ ਤੋਂ ਡਿਸਮਿਸ ਕਰ ਦਿੱਤਾ ਗਿਆ ਹੈ।

# ਮਨਿੰਦਰ ਸਿੱਧੂ ਬਰੈਂਪਟਨ ਈਸਟ ਤੋਂ ਲਿਬਰਲ ਦੇ ਐਮਪੀ ਲਈ ਉਮੀਦਵਾਰ ਨਾਮਜ਼ਦ





ਬਰੈਂਪਟਨ, 6 ਅਗਸਤ (ਪੋਸਟ ਬਿਊਰੋ)- ਕੈਨੇਡੀਅਨ ਸਿਆਸਤ ਵਿਚ ਪੰਜਾਬੀਆਂ ਦੀ ਰਾਜਧਾਨੀ ਵਜੋਂ ਜਾਣੇ ਜਾਂਦੇ ਬਰੈਂਪਟਨ ਈਸਟ ਹਲਕੇ ਤੋਂ ਕੱਲ੍ਹ ਲਿਬਰਲ ਪਾਰਟੀ ਨੇ ਮਨਿੰਦਰ ਸਿੱਧੂ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ। ਪਾਰਟੀ ਦੇ ਪ੍ਰਤੀਨਿਧ ਹਰਦਮ ਮਾਂਗਟ ਨੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਹਲਕੇ ਤੋਂ ਨਾਮੀਨੇਸ਼ਨ ਲੜਨ ਵਾਲਿਆਂ ਦੇ ਪੇਪਰ 2 ਜੁਲਾਈ ਤੱਕ ਮੰਗੇ ਗਏ ਸਨ। ਉਨ੍ਹਾਂ ਵਿਚ ਸਿਰਫ਼ ਮਨਿੰਦਰ ਸਿੱਧੂ ਨੇ ਹੀ ਆਪਣੇ ਸਾਰੇ ਪੇਪਰ ਮੁਕੰਮਲ ਕਰਕੇ ਦਾਖਲ ਕੀਤੇ ਸਨ। ਇਸ ਲਈ ਅੱਜ ਅਸੀਂ ਬਿਨਾਂ ਨਾਮੀਨੇਸ਼ਨ ਦੀ ਚੋਣ ਕਰਵਏ ਮਨਿੰਦਰ ਸਿੱਧੂ ਨੂੰ ਬਰੈਂਪਟਨ ਈਸਟ ਤੋਂ ਲਿਬਰਲ ਪਾਰਟੀ ਦਾ ਉਮੀਦਵਾਰ ਐਲਾਨਦੇ ਹਾਂ। ਇਸ ਐਲਾਨ ਤੋਂ ਬਾਅਦ ਨਾਮੀਨੇਸ਼ਨ ਮੀਟਿੰਗ ਵਿਚ ਆਏ ਸੈਕੜੇ ਲੋਕਾਂ ਦੀਆਂ ਤਾੜੀਆਂ ਨਾਲ ਹਾਲ ਗੂੰਜ ਉਠਿਆ। ਮਨਿੰਦਰ ਸਿੱਧੂ ਕੈਨੇਡਾ ਦਾ ਜੰਮਪਲ ਵਾਟਰਲੂ ਯੂਨੀਵਰਸਿਟੀ ਤੋਂ ਪੜ੍ਹਿਆ, ਪਿਛਲੇ 11 ਸਾਲਾਂ ਤੋਂ ਕਸਟਮ ਬ੍ਰੋਕਰ ਦਾ ਬਿਜ਼ਨਸ ਕਰਦਾ ਆ ਰਿਹਾ ਹੈ। ਮਨਿੰਦਰ ਸਿੱਧੂ ਸਟੇਜ ਉਤੇ ਆਪਣੀ ਪਤਨੀ ਤੇ ਆਪਣੀ ਬੇਟੀ ਨਾਲ ਆਏ ਤੇ ਉਨ੍ਹਾਂ ਨਾਮੀਨੇਸ਼ਨ ਮੀਟਿੰਗ ਵਿਚ ਆਏ ਸਾਰੇ ਲੋਕਾਂ ਦਾ ਧੰਨਵਾਦ ਕੀਤਾ। ਜਿਥੇ ਉਨ੍ਹਾਂ ਨੇ ਵਧੀਆ ਅੰਗ੍ਰੇਜ਼ੀ ਦੇ ਨਾਲ-ਨਾਲ ਠੇਠ ਪੰਜਾਬੀ ਵਿਚ ਗੱਲਬਾਤ ਕੀਤੀ। ਉਨ੍ਹਾਂ ਆਪਣੇ ਸਾਰੇ ਪਰਿਵਾਰ ਦੇ ਨਾਲ-ਨਾਲ ਸਾਰੇ ਹੀ ਉਨ੍ਹਾਂ ਸਹਿਯੋਗੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਮੁਕਾਮ ਤੱਕ ਪਹੁੰਚਾਇਆ। ਉਨ੍ਹਾਂ ਕਿਹਾ ਕਿ ਮੈਂ ਬਰੈਪਟਨ ਦਾ ਜਮਪਲ ਹਾਂ ਤੇ ਬਹੁਤ ਸਾਰੀਆਂ ਚੈਰੀਟੀਜ਼ ਨਾਲ ਕੰਮ ਕਰਦਾ ਰਿਹਾ ਹਾਂ, ਸਮਾਜ ਸੇਵੀ ਕੰਮਾਂ ਵਿਚ ਵਧ ਚੜ੍ਹ ਕੇ ਹਿੱਸਾ ਪਾਇਆ ਹੈ ਤੇ ਹੁਣ ਸਮਾਂ ਹੈ ਅਪਾਣੀਆਂ ਸੇਵਾਵਾਂ ਨੂੰ ਇਕ ਪਬਲਿਕ ਆਫਿਸ ਤੋਂ ਪ੍ਰਦਾਨ ਕਰਨ ਦਾ ਤੇ ਆਪਣੇ ਭਾਈਚਾਰੇ ਲਈ ਕੁੱਝ ਬਿਹਤਰ ਕਰਨ ਦਾ। ਇਸ ਮੌਕੇ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ, ਕਮਲ ਖਹਿਰਾ, ਰਮੇਸ਼ਵਰ ਸੰਘਾ ਤੇ ਹੋਰ ਲਿਬਰਲ ਦੇ ਸਹਿਯੋਗੀ ਸਾਮਲ ਸਨ। ਯਾਦ ਰਹੇ ਕਿ ਬਰੈਂਪਟਨ ਈਸਟ



ਤੋਂ ਕੰਜ਼ਰਵੇਟਿਵ ਦੇ ਉਮੀਦਵਾਰ ਰਮੋਨਾ ਸਿੰਘ ਹੈ ਤੇ ਐਨਡੀਪੀ ਦੇ ਸ਼ਰਨਜੀਤ ਸਿੰਘ ਇਥੇ ਮੌਜੂਦਾ ਲਿਬਰਲ ਤੋਂ ਚੋਣ ਜਿੱਤ ਚੁੱਕੇ ਰਾਜ ਗਰੇਵਾਲ ਮੈਬਰ ਪਾਰਲੀਮੈਂਟ ਹਨ, ਜੋ ਆਉਣ ਵਾਲੀਆਂ ਚੋਣਾਂ ਵਿਚ ਹਿੱਸਾ ਨਹੀਂ ਲੈ ਰਹੇ। ਮਨਿੰਦਰ ਸਿੱਧੂ ਦੀ ਨਾਮੀਨੇਸ਼ਨ ਉਤੇ ਹੋਏ ਵੱਡੇ ਇਕੱਠ ਤੋਂ ਪ੍ਰਭਾਵਿਤ ਹੋਏ ਇਲਾਕਾ ਨਿਵਾਸੀ ਸਰਾਏ ਟਰੱਕਿੰਗ ਤੋਂ ਸਤਨਾਮ ਸਰਾਏ ਨੇ ਕਿਹਾ ਕਿ ਬਰੈਂਪਟਨ ਈਸਟ ਉਤੇ ਸਦਾ ਹੀ ਲਿਬਰਲਾਂ ਦਾ ਜ਼ੋਰ ਰਿਹਾ ਹੈ ਤੇ ਇਸ ਵਾਰ ਵੀ ਅਸੀਂ ਹਰ ਸੰਭਵ ਕੋਸ਼ਿਸ਼ ਕਰਕੇ ਮਨਿੰਦਰ ਸਿੱਧੂ ਨੂੰ ਇਹ ਸੀਟ ਜਿਤਾਉਣੀ ਹੈ। ਮਨਿੰਦਰ ਸਿੱਧੂ ਪੰਜਾਬੀ ਭਾਈਚਾਰੇ ਵਿਚ ਜਾਣੀ ਪਹਿਚਾਣੀ ਸ਼ਖਸੀਅਤ ਬੰਤ ਨਿੱਜਰ ਦੇ ਜਵਾਈ ਤੇ ਪਰਮ ਸਿੱਧੂ ਦੇ ਭਤੀਜੇ ਹਨ।

# ਫਰੀਲੈਂਡ ਤੇ ਹਮਰੁਤਬਾ ਬ੍ਰਿਟਿਸ਼ ਅਧਿਕਾਰੀ ਚੀਨ ਵਿੱਚ ਨਜ਼ਰਬੰਦ ਕੈਨੇਡੀਅਨਾਂ ਲਈ ਚਿੰਤਤ

ਟੋਰਾਂਟੋ, 6 ਅਗਸਤ (ਪੋਸਟ ਬਿਊਰੋ) : ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਤੇ ਉਨ੍ਹਾਂ ਦੇ ਹਮਰੁਤਬਾ ਬ੍ਰਿਟਿਸ਼ ਅਧਿਕਾਰੀ ਦਾ ਕਹਿਣਾ ਹੈ ਕਿ ਚੀਨ ਵਿੱਚ ਨਜ਼ਰਬੰਦ ਕੀਤੇ ਗਏ ਦੋ ਕੈਨੇਡੀਅਨਾਂ ਨੂੰ ਲੈ ਕੇ ਉਹ ਕਾਫੀ ਚਿੰਤਤ ਹਨ।

ਫਰੀਲੈਂਡ ਨੇ ਆਖਿਆ ਕਿ ਇਸ ਔਖੇ ਮੁੱਦੇ ਉੱਤੇ ਬ੍ਰਿਟੇਨ ਨੇ ਮਜ਼ਬੂਤ ਤੇ ਜਨਤਕ ਸਟੈਂਡ ਲਿਆ ਹੈ। ਇਸ ਦੌਰਾਨ ਅਮਰੀਕਾ ਦੇ ਵਿਦੇਸ਼ ਮੰਤਰੀ ਡੌਮੀਨਿਕ ਰਾਬ ਨੇ ਆਖਿਆ ਕਿ ਇਸ ਮਾਮਲੇ ਵਿੱਚ ਕੈਨੇਡਾ ਦੀ ਚਿੰਤਾ ਨੂੰ ਬ੍ਰਿਟੇਨ ਸਮਝ ਸਕਦਾ ਹੈ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡੀਅਨ ਮਾਈਕਲ ਸਪੇਵਰ ਤੇ ਮਾਈਕਲ ਕੋਵਰਿੱਗ ਨੂੰ ਪਿਛਲੇ ਸਾਲ ਦਸੰਬਰ ਵਿੱਚ ਚੀਨ ਵਿੱਚ ਨਜ਼ਰਬੰਦ ਕਰ ਲਿਆ ਗਿਆ ਸੀ।

ਫਰੀਲੈਂਡ ਦਾ ਕਹਿਣਾ ਹੈ ਕਿ ਚੀਨ ਨਾਲ ਕੈਨੇਡਾ ਦੇ ਸਬੰਧ ਸੁਧਰਨ ਦਾ ਨਾਂ ਹੀ ਨਹੀਂ ਲੈ ਰਹੇ। ਉਨ੍ਹਾਂ ਆਖਿਆ ਕਿ ਸਾਡੀ ਮੁੱਖ ਤਰਜੀਹ ਨਜ਼ਰਬੰਦ ਕੀਤੇ ਗਏ ਇਨ੍ਹਾਂ ਦੋਵਾਂ



ਕੈਨੇਡੀਅਨਾਂ ਦਾ ਮੁੱਦਾ ਹੈ। ਜ਼ਿਕਰਯੋਗ ਹੈ ਕਿ ਸਪੇਵਰ ਤੇ ਕੋਵਰਿਗ ਨੂੰ ਨਜ਼ਰਬੰਦ ਕੀਤਾ ਜਾਣਾ ਦਸੰਬਰ ਵਿੱਚ ਵੈਨਕੂਵਰ ਵਿੱਚ ਗ੍ਰਿਫਤਾਰ ਕੀਤੀ ਗਈ ਹੁਆਵੇਈ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਦੀ ਘਟਨਾ ਦੀ ਜਵਾਬੀ ਕਾਰਵਾਈ ਮੰਨੀ ਜਾ ਰਹੀ ਹੈ। ਗਲੋਬਲ ਅਫੇਅਰਜ਼ ਨੇ ਸੋਮਵਾਰ ਨੂੰ ਆਖਿਆ ਕਿ ਕਾਉਂਸਲਰ ਆਫਿਸ ਵੱਲੋਂ ਦਸਵੀਂ ਵਾਰੀ ਕੋਵਰਿਗ ਨਾਲ ਮੁਲਾਕਾਤ ਕੀਤੀ ਗਈ।


| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |


ਕੈਨੇਡੀਅਨ ਪੰਜਾਬੀ ਪੋਸਟ — Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਫੈਡਰਲ ਚੋਣਾਂ ਤੋਂ ਪਹਿਲਾਂ ਕੇਨੀ ਨੇ ਟਰੂਡੋ ਉੱਤੇ ਸਾਧਿਆ ਨਿਸ਼ਾਨਾ



ਓਟਵਾ, 6 ਅਗਸਤ (ਪੋਸਟ ਬਿਊਰੋ) : ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਵੱਲੋਂ ਫੈਡਰਲ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਨਿਸ਼ਾਨਾ ਸਾਧਿਆ ਜਾ ਰਿਹਾ ਹੈ। ਸਾਬਕਾ ਫੈਡਰਲ ਕੰਜ਼ਰਵੇਟਿਵ ਕੈਬਨਿਟ ਮੰਤਰੀ ਕੇਨੀ ਨੇ ਟਵਿੱਟਰ ਉੱਤੇ ਕੀਤੇ ਟਵੀਟ ਵਿੱਚ ਆਖਿਆ ਕਿ ਉਨ੍ਹਾਂ ਦੀ ਪ੍ਰੋਵਿੰਸ ਦੇ ਲੋਕ ਫੈਡਰਲ ਸਰਕਾਰ ਵੱਲੋਂ ਕੀਤੀ ਗਈ ਗੈਰਵਾਜਿਬ ਡੀਲ ਕਾਰਨ ਬਹੁਤ ਪਰੇਸ਼ਾਨ ਹਨ। ਉਨ੍ਹਾਂ ਆਖਿਆ ਕਿ ਅਲਬਰਟਾ ਵਾਸੀਆਂ ਨੂੰ ਕੈਨੇਡੀਅਨ ਹੋਣ ਉੱਤੇ ਮਾਣ ਹੈ ਤੇ ਉਹ ਨਹੀਂ ਚਾਹੁੰਦੇ ਕਿ ਟਰੂਡੋ ਸਾਨੂੰ ਸਾਡੇ ਹੀ ਦੇਸ਼ ਵਿੱਚੋਂ ਬਾਹਰ ਕਰ ਦੇਣ। ਉਨ੍ਹਾਂ ਇਹ ਵੀ ਆਖਿਆ ਕਿ ਇਸ ਤੋਂ ਪਹਿਲਾਂ ਕਿ ਟਰੂਡੋ ਦੇਸ਼ ਦੇ ਲੋਕਾਂ ਨੂੰ ਹੋਰ ਪਰੇਸ਼ਾਨ ਕਰਨ ਉਨ੍ਹਾਂ ਨੂੰ ਹੀ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਲਾਂਭੇ ਕਰ ਦੇਣਾ ਚਾਹੀਦਾ ਹੈ।

ਟਰੂਡੋ ਦੇ ਆਫਿਸ ਵੱਲੋਂ ਪ੍ਰੀਮੀਅਰ ਦੇ ਇਸ ਬਿਆਨ ਦੇ ਸਬੰਧ ਵਿੱਚ ਕੋਈ ਪ੍ਰਤੀਕਿਰਿਆ ਨਹੀਂ ਪ੍ਰਗਟਾਈ ਗਈ। ਇਸ ਦੀ ਥਾਂ ਉੱਤੇ ਅਲਬਰਟਾ ਤੋਂ ਲਿਬਰਲ ਕੈਬਨਿਟ ਮੰਤਰੀ ਅਮਰਜੀਤ ਸੋਹੀ ਨੇ ਆਖਿਆ ਕਿ ਪ੍ਰੀਮੀਅਰ ਦੀਆਂ ਇਸ ਤਰ੍ਹਾਂ ਦੀਆਂ ਟੀਕਾ ਟਿੱਪਣੀਆਂ ਦੇ ਬਾਵਜੂਦ ਫੈਡਰਲ ਸਰਕਾਰ ਪ੍ਰੋਵਿੰਸ ਦੇ ਲੋਕਾਂ ਦੀ ਸੇਵਾ ਹੀ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਪ੍ਰੀਮੀਅਰ ਬਣਨ ਦੀ ਆਪਣੀ ਕੈਂਪੇਨ ਦੌਰਾਨ ਕੇਨੀ ਨੇ ਕਾਰਬਨ ਟੈਕਸ ਤੇ ਬਰਾਬਰ ਅਦਾਇਗੀਆਂ ਦੇ ਮੁੱਦਿਆਂ ਉੱਤੇ ਟਰੂਡੋ ਦਾ ਖੁੱਲ੍ਹ ਕੇ ਵਿਰੋਧ ਕੀਤਾ ਸੀ।

# ਮੌਲਿਕ ਅਤੇ ਅਪ੍ਰਕਾਸ਼ਤ ਲੇਖ: ਅੰਧ ਵਿਸ਼ਵਾਸੀ ਦੀ ਵੀ ਕੋਈ ਸੀਮਾ ਨਹੀਂ

ਇਸ ਧਰਤੀ 'ਤੇ ਜਿੰਨੇ ਵੀ ਜਾਨਵਰ ਜਾਂ ਪਸ਼ੂ ਪੰਛੀ ਨੇ ਸਭ ਦਾ ਠੋਸ ਸੁਭਾਅ ਹੈ । ਉਹ ਆਪਣੇ ਮਿਥੇ ਸੁਭਾਅ ਅਨੁਸਾਰ ਆਪਣੇ ਕੰਮ ਕਰੀ ਜਾ ਰਹੇ ਹਨ। ਸਿਰਫ ਮਨੁੱਖ ਦਾ ਸੁਭਾਅ ਹੀ ਤਰਲ ਹੋਣ ਕਰਕੇ ਇਹ ਵਾਰ ਵਾਰ ਡੋਲਦੈ। ਕੋਈ ਕੁੱਤੇ ਨੂੰ ਇਹ ਨਹੀਂ ਕਹਿੰਦਾ ਕਿ ਕੁੱਤਾ ਬਣ ਕੇ ਰਹਿ । ਕਿਉਂਕਿ ਉਹ ਤਾਂ ਆਪਣੇ ਸੁਭਾਅ ਅਨੁਸਾਰ ਕੁੱਤਿਆਂ ਵਾਲੇ ਕੰਮ ਕਰੀ ਜਾ ਰਿਹੈ। ਪਰ ਬੰਦੇ ਨੂੰ ਵਾਰ ਵਾਰ ਕਹਿਣਾ ਪੈਂਦੈ ' ਰਹਿ ਬਣ ਕੇ ਬੰਦਿਆ ਬੰਦਾ ਤੂੰ।' ਬੰਦੇ ਦਾ ਤਰਲ ਸੁਭਾਅ ਉਹਨੂੰ ਬੰਦਾ ਬਣ ਕੇ ਰਹਿਣ ਨਹੀਂ ਦਿੰਦਾ। ਕਦੇ ਉਸ ਅੰਦਰ ਲੂੰਬੜ ਜਾਗ ਪੈਂਦਾ ਹੈ ਅਤੇ ਲੂੰਬੜ ਚਾਲਾਂ ਚੱਲਣ ਲੱਗ ਪੈਂਦਾ ਹੈ। ਕਦੇ ਉਸ ਅੰਦਰ ਸੱਪ, ਕਦੇ ਸ਼ੇਰ , ਕਦੇ ਗਿੱਦੜ ,ਨੂੰਹਾਂ,ਕਦੇ ਚੂਹਾ ,ਕਦੇ ਬਿੱਲਾ, ਕਦੇ ਬਘਿਆੜ ਅਤੇ ਪਤਾ ਨਹੀਂ ਕੀ ਕੀ ਜਾਗ ਪੈਂਦਾ ਹੈ। ਬੰਦਾ ਭਾਵੇਂ ਪਸ਼ੂਆਂ ਤੋਂ ਹੀ ਵਿਕਸਤ ਹੋਇਆ ਹੈ ਪਰ ਦਿਮਾਗ ਦੀ ਵਰਤੋਂ ਕਰਨ ਕਰਕੇ ਇਹ ਇਕ ਸੁਧਰਿਆ ਹੋਇਆ ਪਸ਼ੂ ਹੈ । ਇਸ ਲਈ ਇਸ ਤੋਂ ਆਸ ਕੀਤੀ ਜਾਂਦੀ ਹੈ ਕਿ ਪਸ਼ੂਆਂ ਵਾਲੇ ( ਮਾੜੇ ਕੰਮ) ਕੰਮ ਨਾ ਕਰੇ ਪਰ ਬੰਦੇ ਦੀਆਂ ਹਰਕਤਾਂ ਦੇਖ ਕੇ ਤਾਂ ਲਗਦੈ ਕਿ ਪਸ਼ੂ ਅਨੁਸ਼ਾਸ਼ਣ ਰਹਿ ਕੇ ਠੀਕ ਕੰਮ ਕਰ ਰਹੇ ਹਨ ਪਰ ਬੰਦਾ ਬੇਵਕੂਫੀ ਦੀਆਂ ਸੱਭ ਹੱਦਾਂ ਬੰਨੇ ਪਾਰ ਕਰ ਜਾਂਦਾ ਹੈ। ਜਪਾਨ ਦੇ ਸ਼ਹਿਰਾਂ 'ਤੇ ਸੁੱਟੇ ਐਟਮ ਬੰਬਾਂ ਤੋਂ ਬਾਦ ਅਲਬਰਟ ਆਈਂਸਟਾਈਨ ਨੇ ਇਸੇ ਲਈ ਦੁਖੀ ਹੋ ਕੇ ਕਿਹਾ ਸੀ ਕਿ ' ਵੈਸੇ ਤਾਂ ਬ੍ਰਹਿਮੰਡ ਅਸੀਮ ਹੈ ਪਰ ਹੋ ਸਕਦਾ ਹੈ ਬ੍ਰਹਿਮੰਡ ਦੀ ਕੋਈ ਸੀਮਾ ਹੋਵੇ ਮੈਂ ਪੱਕਾ ਨਹੀਂ ਕਹਿ ਸਕਦਾ ਪਰ ਆਦਮੀ ਦੀ ਬੇਵਕੂਫੀ ਦੀ ਕੋਈ ਸੀਮਾ ਨਹੀਂ ਇਹ ਮੈਂ ਪੱਕੇ ਤੌਰ 'ਤੇ ਕਹਿ ਸਕਦਾ ਹਾਂ।' ਅੱਜ ਇਹਨਾਂ ਸ਼ਬਦਾਂ ਨੂੰ ਇਸ ਤਰ੍ਹਾਂ ਦੁਹਰਾਇਆ ਜਾ ਸਕਦਾ ਹੈ ਕਿ ਆਦਮੀ ਦੇ ਅੰਧ ਵਿਸ਼ਵਾਸ਼ ਅਤੇ ਅਗਿਆਨ ਦੀ ਵੀ ਕੋਈ ਸੀਮਾ ਨਹੀਂ।

ਆਦਮੀ ਵਿਚ ਵਿਕਾਸ ਦੀਆਂ ਸੰਭਾਵਨਾਵਾਂ ਹਨ । ਉਸਨੂੰ ਸਭ ਕੁਝ ਆਪ ਬਣਾਉਣਾ ਪੈਂਦਾ ਹੈ। ਇਸੇ ਲਈ ਹਜਾਰਾਂ ਸੱਭਿਆਤਾਵਾਂ ਦਾ ਜਨਮ ਹੋਇਆ। ਹਜਾਰਾਂ ਲੋਕਾਂ ਨੇ ਮਨੁੱਖ ਨੂੰ ਆਪਣੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕੀਤੀ । ਮਧ ਏਸ਼ੀਆ 'ਚੋਂ ਆਰੀਅਨ ਕੌਮ ਦੇ ਆਉਣ ਨਾਲ ਭਾਰਤ ਵਿਚ ਇਕ ਖਾਸ ਕਿਸਮ ਦਾ ਮਨੁੱਖ ਬਣਾਉਣ ਦੇ ਯਤਨ ਕੀਤੇ ਗਏ। ਇਸ ਵਾਸਤੇ ਬੰਦੇ ਵਰਗੇ ਹੀ ਇਕ ਰੱਬ ਦੀ ਖੋਜ ਕੀਤੀ ਗਈ। ਆਰੀਅਨਾਂ ਵਿਚ ਕਿਉਂਕਿ ਮੁਖ ਸਰਦਾਰੀ ਬ੍ਰਹਿਮਣ ਦੀ ਸੀ ਅਤੇ ਬ੍ਰਹਿਮਣ ਵਿਹਲਾ ਰਹਿ ਕੇ ਪੂਜਾ ਪਾਠ ਦੇ ਆਸਰੇ ਐਸ਼ ਕਰਦਾ ਸੀ । ਭਾਰਤ ਦੀ ਮੂਲ ਨਿਵਾਸੀ ਦਰਾਵੜ ਕੌਮ ਨੂੰ ਗੁਲਾਮ ਬਣਾ ਕੇ ਸ਼ੂਦਰ ਦਾ ਦਰਜਾ ਦਿੱਤਾ ਗਿਆ। ਖਤਰੀ ਕੌਮ ਨੂੰ ਲੜਣ ਲਈ ਅਤੇ ਵੈਸ਼ ( ਜਿੰਨਾ ਵਿਚ ਬਾਹਰੋਂ ਕਬੀਲੀਆਂ ਰਾਹੀਂ ਆਈਆਂ ਕੌਮਾਂ ਅਤੇ ਬਾਣੀਆ ਵਰਗ ਸ਼ਾਮਿਲ ਸੀ) ਨੂੰ ਖੇਤੀ ਕਰਨ ਅਤੇ ਹੋਰ ਵਣਜ ਵਪਾਰ ਕਰਨ ਲਈ ਲਾਇਆ ਗਿਆ। ਬ੍ਰਹਿਮਣ ( ਰਿਸ਼ੀਆਂ ਮੁਨੀਆਂ ) ਨੇ ਆਪਣਾ ਗਲਬਾ ਇਸ ਕਦਰ ਤਕੜਾ ਕੀਤੀ ਕਿ ਇਸ ਅੱਗੇ ਬੋਲਣ ਦੀ ਕਿਸੇ ਦੀ ਮਜਾਲ ਨਹੀਂ ਸੀ । ਮਨੂੰ ਸਿਮਰਿਤੀ ਰਾਹੀਂ ਬ੍ਰਹਿਮਣ ਨੂੰ ਹਰ ਤਰ੍ਹਾਂ ਦੇ ਕਰਮ ( ਕੁਕਰਮ ) ਕਰਨ ਦੀ ਖੁੱਲ੍ਹ ਦਿੱਤੀ ਗਈ। ਸ਼ੂਦਰਾਂ ਦੇ ਪੜ੍ਹਣ 'ਤੇ ਮੁਕੰਮਲ ਪਾਬੰਦੀ ਲਾ ਦਿਤੀ ਗਈ। ਪੁਜਾਰੀ ਵਰਗ ਨੇ ਭਾਰਤੀ ਮਾਨਵ ਦੇ ਖੋਜ ਕਰਨ 'ਤੇ ਪਾਬੰਦੀ ਲਾ ਦਿੱਤੀ ,ਸਮੁੰਦਰੀ ਯਾਤਰਾ ਦੀ ਮਨਾਹੀ ਕਰ ਦਿੱਤੀ ਗਈ। ਬ੍ਰਹਿਮਣ ਦਾ ਕੰਮ ਪੂਜਾ ਪਾਠ,ਯੱਗ ਆਦਿ ਕਰਨਾ ਅਤੇ ਆਪਣੀ ਕਿਰਤ ਕਮਾਈ ਮੰਦਰਾਂ ਵਿਚ ਢੇਰੀ ਕਰਨਾ ਹੀ ਰਹਿ ਗਿਆ। ਇਕ ਕਲਪਿਤ ਸਵੱਰਗ ਸਿਰਜ ਕੇ ਲਗਾਤਾਰ ਸਵੱਰਗ ਵਿਚ ਜਾਣ ਦੀਆਂ ਵਿਧੀਆਂ ਦੱਸੀਆਂ ਗਈਆਂ। ਇਸ ਧਰਤੀ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਅਤੇ ਇਹ ਧਰਤੀ ਨਰਕ ਬਣਦੀ ਗਈ। ਮਨੁੱਖ ਨੂੰ ਜ਼ਿੰਦਗੀ ਤੋਂ ਮੋੜ ਕੇ ਹਰ ਵਕਤ ਮੌਤ ਨੂੰ ਯਾਦ ਰੱਖਣ ਲਈ ਕਿਹਾ ਗਿਆ। ਇਕ ਦਰਿਦਰੀ ਅਤੇ ਆਲਸੀ ਮਨੁੱਖ ਸਿਰਜਿਆ ਗਿਆ ਜੋ ਕਿਸੇ ਦੀ ਵੀ ਗੁਲਾਮੀ ਕਰਨ ਵਾਸਤੇ ਤਿਆਰ ਸੀ। ਇਸ ਲਈ ਇਥੇ ਹੂਨ ਆਏ,ਡੱਚ ਆਏ, ਮੰਗੋਲ ,ਮੁਗਲ ,ਅਫ਼ਗਾਨੀ ਅਤੇ ਅੰਗਰੇਜ ਆਏ ,ਭਾਰਤੀ ਮਨੁੱਖ ਨੇ ਸਭ ਦੀ ਗੁਲਾਮੀ ਸਵੀਕਾਰ ਕੀਤੀ। ਭਾਰਤ ਵਿਚ ਕਿਉਂਕਿ ਸੋਨਾ ਬਹੁਤ ਸੀ ਅਤੇ ਪੁਜਾਰੀ ਮੰਦਰਾਂ ਵਿਚ ਸੋਨੇ ਦੇ ਢੇਰ ਲਾ ਕੇ ਹਮਲਾਵਰਾਂ ਨੂੰ ਆਉਣ ਲਈ ਉਕਸਾਉਂਦੇ ਰਹੇ।

ਜਦ ਗਿਆਰਵੀਂ ਸਦੀ (1025) ਵਿਚ ਮਹਿਮੂਦ ਗਜ਼ਨਵੀ ਨੇ ਗੁਜ਼ਰਾਤ ਦੇ ਸੋਮਨਾਥ ਮੰਦਰ 'ਤੇ ਹਮਲਾ ਕੀਤਾ ਤਾਂ ਬ੍ਰਹਿਮਣਾ ਨੇ ਰਾਜੇ ਨੂੰ ਕਿਹਾ ਕਿ ਲੜਣ ਦੀ ਕੋਈ ਲੋੜ ਨਹੀਂ ,ਉਹ ਤੁਰਕਾਂ ਨੂੰ ਮੰਤਰ ਮਾਰ ਕੇ ਅੰਨ੍ਹਾ ਕਰ ਦੇਣਗੇ। ਰਾਜਾ ਡਰਦਾ ਭੱਜ ਗਿਆ ਅਤੇ ਮਹਿਮੂਦ ਗਜ਼ਨਵੀ ਮੰਤਰ ਪੜ੍ਹਦੇ ਇਕ ਲੱਖ ਬ੍ਰਹਿਮਣਾ ਦਾ ਕਤਲ ਕਰਕੇ ,ਸੋਨੇ ਦੇ ਢੇਰ ਖੱਚਰਾਂ -ਉਠਾਂ 'ਤੇ ਲੱਦ ਕੇ ਗਜ਼ਨੀ( ਅਫ਼ਗਾਨਿਸਤਾਨ) ਲੈ ਗਿਆ। ਇਕ ਵਾਰ ਨਹੀਂ ,ਪੂਰੇ ਸਤਾਰਾਂ ਵਾਰ ਉਸਨੇ ਇਹ ਕ੍ਰਿਆ ਦੁਹਰਾਈ। ਪੁਜਾਰੀ ਹਰ ਵਾਰ ਸੋਮਨਾਥ ਦੀ ਮੂਰਤੀ ਅੱਗੇ ਸੋਨਾ ਚਾਂਦੀ ਜਮ੍ਹਾਂ ਕਰਦੇ ਅਤੇ ਮਹਿਮੂਦ ਲੁੱਟ ਕੇ ਲੈ ਜਾਂਦਾ । ਪੰਦਰਵੀਂ ਸਦੀ ਵਿਚ ਬਾਬਰ ਦੇ ਹਮਲੇ ਵੇਲੇ ਵੀ ਇਹੋ ਕੁਝ ਹੋਇਆ,ਪੰਡਿਤ ਕਹਿੰਦੇ ਅਸੀਂ ਮੰਤਰ ਮਾਰਾਂਗੇ ਤੇ ਮੁਗਲ ਅੰਨ੍ਹੇ ਹੋ ਜਾਣਗੇ। (ਕੋਈ ਮੁਗਲ ਨਾ ਹੋਆ ਅੰਧਾ ਕਿਨੈ ਨਾ ਪਰਚਾ ਲਾਇਆ-ਗੁਰੂ ਨਾਨਕ। ) ਹੋਰ ਤਾਂ ਹੋਰ ਵੀਹਵੀਂ ਸਦੀ ਵਿਚ ਵੀ ਪੱਥਰਾਂ ਦੀਆਂ ਮੂਰਤੀਆਂ ਨੂੰ ਦੁੱਧ ਪਿਲਾਉਣ ਵਾਲੀ ਬੇਵਕੂਫ਼ੀ ਵਾਲੀ ਕਾਰਵਾਈ ਅਸੀਂ ਆਪਣੀਂ ਅੱਖੀਂ ਦੇਖੀ ਅਤੇ ਅੰਧਵਿਸ਼ਵਾਸ਼ ਦਾ ਇਹ ਭੂਤ ਅਜੇ ਵੀ ਬਹੁ ਗਿਣਤੀ ਭਾਰਤੀਆਂ ਦੇ ਮਨਾ ਵਿਚ ਵਸਿਆ ਹੋਇਆ ਹੈ। ਭਾਰਤ ਦੇ ਜੋਤਸ਼ੀਆਂ ਨੇ ਪੰਜ ਹਜਾਰ ਸਾਲ ਅਕਾਸ਼ ਦੇ ਤਾਰਿਆਂ ਨੂੰ ਦੇਖ ਕੇ ਚੱਲਣ ਦੀ ਕੋਸ਼ਿਸ਼ ਕੀਤੀ। ਧਰਤੀ ਦਾ ਭੌਤਿਕ ਪਾਸਾ ਭੁਲਾ ਕੇ ਸਿਰਫ ਅਧਿਆਤਮਿਕ 'ਤੇ ਜੋਰ ਦਿੱਤਾ ਗਿਆ। ਵੇਦਾਂ -ਗਰੰਥਾਂ ,ਪੁਰਾਣਾ ਦੀਆਂ ਝੂਠੀਆਂ ਕਲਪਿਤ ਕਹਾਣੀਆਂ ਨੂੰ ਸੱਚ ਮੰਨ ਲਿਆ ਗਿਆ। ਪੌਦੇ ਦੀਆਂ ਜੜ੍ਹਾਂ ਨੂੰ ਭੁੱਲ ਕੇ ਸਿਰਫ ਫੁੱਲਾਂ ਨੂੰ ਸੱਚ ਮੰਨ ਲਿਆ ਗਿਆ। ਇਸੇ ਲਈ ਇਸ ਮੁਲਕ ਵਿਚ ਵਿਗਿਆਨ ਪੈਦਾ ਨਹੀਂ ਹੋ ਸਕਿਆ। 14ਵੀਂ ਸਦੀ ਵਿਚ ਜਦੋਂ ਇਟਲੀ ਦੇ ਵਿਗਿਆਨੀ ਕਾਪਰਨੀਕਸ ਵਰਗੇ ਧਰਤੀ ਗੋਲ ਹੋਣ ਅਤੇ ਸੂਰਜ ਦੁਆਲੇ ਘੁੰਮਣ ਦੀਆਂ ਗੱਲਾਂ ਕਰ ਰਹੇ ਸਨ ਤਾਂ ਭਾਰਤੀ ਸੰਤਾਂ ਦਾ ਜੋਰ ਉਦੋਂ ਸਿਰਫ ਆਰਤੀਆਂ ਕਰਨ 'ਤੇ ਲੱਗਿਆ ਹੋਇਆ ਸੀ। ਪਛਮੀ ਦੇਸ਼ਾਂ ਨੇ ਸਮੁੰਦਰੀ ਬੇੜੇ ,ਸਮੁੰਦਰੀ ਜਹਾਜ ਅਤੇ ਫਿਰ ਹਵਾਈ ਜਹਾਜ ਬਣਾ ਕੇ ਭਾਰਤੀਆਂ ਨੂੰ ਪੂਰੀ ਤਰ੍ਹਾਂ ਗੁਲਾਮ ਬਣਾ ਲਿਆ । ਭਾਰਤੀ ਸਿਰਫ ਮਾਲਾ ਫੇਰਨ ਅਤੇ ਭਾਣਾ ਮੰਨਣ ਦੀਆਂ ਗੱਲਾਂ ਕਰਦੇ ਰਹੇ। ਭਾਰਤ ਵਿਚ ਪ੍ਰਤਿਭਾ ਦੀ ਕਮੀ ਨਹੀਂ ਸੀ ਜੇ ਅਧਿਆਤਮਿਕਤਾ ਐਨੀ ਭਾਰੂ ਨਾ ਹੁੰਦੀ ਤਾਂ ਗੌਤਮ ਬੁੱਧ ਵਰਗੇ ਪ੍ਰਤਿਭਾਸ਼ਾਲੀ ਮਨੁੱਖ ਆਈਨਸਟਾਈਨ ਵੀ ਬਣ ਸਕਦੇ ਸੀ। ਭਾਰਤ ਵਿਚ ਅਜੇ ਵੀ ਇਕ ਡਾਕਟਰ ਛਿੱਕ ਵਜਣ 'ਤੇ ਗੱਡੀ ਰੋਕ ਲੈਂਦਾ ਹੈ,ਇਕ ਇੰਜਨੀਅਰ ਮਕਾਨ ਬਣਾ ਕੇ ਉਤੇ ਨਜ਼ਰਵੱਟੂ ਟੰਗ ਦਿੰਦਾ ਹੈ ,ਫਿਰ ਅਸੀਂ ਇਥੇ ਵਿਗਿਆਨ ਪੈਦਾ ਹੋਣ ਦੀ ਆਸ ਕਿਵੇਂ ਕਰ ਸਕਦੇ ਹਾਂ। ਜਦੋਂ ਸਿਕੰਦਰ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਪੋਰਸ ਉਸ ਤੋਂ ਕਿਤੇ ਵੱਧ ਤਾਕਤਵਰ ਰਾਜਾ ਸੀ ਪਰ ਪੋਰਸ ਕੋਲ ਵਿਗਿਆਨਕ ਸੋਚ ਦੀ ਘਾਟ ਸੀ। ਉਹ ਹਾਥੀਆਂ ਨਾਲ ਪੁਰਾਣੇ ਢੰਗ ਨਾਲ ਲੜਦਾ ਰਿਹਾ ਜਦੋਂ ਕਿ ਸਿਕੰਦਰ ਕੋਲ ਬਹੁਤ ਤੇਜ ਤਰਾਰ ਘੋੜੇ ਸੀ। ਸਿਕੰਦਰ ਨੇ ਬਾਦ 'ਚ ਆਪਣੇ ਦੋਸਤਾਂ ਕੋਲ ਕਿਹਾ ਕਿ ਪੋਰਸ ਦੀ ਹਾਰ ਹਾਥੀਆਂ ਕਾਰਨ ਹੋਈ। ਜਦ ਬਾਬਰ ਆਇਆ ਤਾਂ ਉਸ ਕੋਲ ਬੰਦੂਕਾਂ ਅਤੇ ਤੋਪਾਂ ਸਨ ਪਰ ਭਾਰਤੀ ਅਜੇ ਵੀ ਤਲਵਾਰ ਦੇ ਸਹਾਰੇ ਲੜ ਰਹੇ ਸਨ। ਜਦ ਚੀਨ ਨੇ ਹਮਲਾ ਕੀਤਾ ਤਾਂ ਸਾਡੇ ਕਵੀ ਕਵਿਤਾਵਾਂ ਲਿਖਦੇ ਅਤੇ ਨਾਟਕ ਕਰਦੇ ਰਹੇ ,ਚੀਨ ਨੇ ਭਾਰਤ ਦਾ ਇਕ ਲੱਖ ਵਰਗ ਕਿਲਮੀਟਰ ਰਕਬਾ ਆਪਣੇ ਕਬਜ਼ੇ ਹੇਠ ਕਰ ਲਿਆ। ਹਜਾਰਾਂ ਸੈਨਿਕ ਮਰਵਾ ਕੇ ਭਾਰਤੀ ਨੇਤਾ ਕਹਿਣ ਲੱਗੇ ਉਹ ਤਾਂ ਜਮੀਨ ਹੀ ਬੇਕਾਰ ਹੈ ਜੀ ਉਥੇ ਤਾਂ ਘਾਹ ਵੀ ਪੈਦਾ ਨਹੀਂ ਹੁੰਦਾ। ਅਸੀਂ ਭਾਰਤੀ ਕਵਿਤਾਵਾਂ ਲਿਖਦੇ ਹਾਂ,ਕਲਪਨਾਵਾਂ ਕਰਦੇ ਹਾਂ ਪਰ ਜ਼ਿੰਦਗੀ ਦੇ ਯਥਾਰਥ ਦੀ ਤਕੜੀ ਵਿਚ ਇਹਨਾ ਦਾ ਕੌਡੀ ਵੀ ਮੁੱਲ ਨਹੀਂ। ਫਰਾਂਸ ਦੀ ਆਬਾਦੀ 40 ਸਾਲ ਤੋਂ ਨਹੀਂ ਵਧੀ ਅਤੇ ਭਾਰਤੀ ਇਸ ਮਾਮਲੇ ਵਿਚ ਦਿਨ ਦੁਗਣੀ , ਰਾਤ ਚੌਗੁਨੀ ਤਰੱਕੀ ਕਰ ਰਹੇ ਹਨ। ਲੋਕਾਂ ਦੀ ਸੋਚ ਹੀ ਇਹ ਹੈ ਕਿ ਬੱਚੇ ਤਾਂ ਰੱਬ ਦੀ ਦੇਣ ਹਨ। ਰੱਬ ਨੇ ਜੋ ਬਖਸ਼ੇ ਨੇ ਨਿਆਣੇ,ਆਪੇ ਦੇਊ ਖਾਣ ਨੇ ਦਾਣੇ। ਜਨਸੰਖਿਆ ਦਾ ਐਨਾ ਵੱਡਾ ਬੋਝ ਸਾਡੀ ਧਰਤੀ ਝੱਲਣ ਦੇ ਕਾਬਲ ਨਹੀਂ ਪਰ ਸਾਡੇ ਨੇਤਾ ਵੋਟ ਬੈਂਕ ਤਿਆਰ ਕਰਨ ਲੱਗੇ ਹੋਏ ਹਨ। ਸਾਰੀ ਦੁਨੀਆਂ ਵਿਚ ਮਨੁੱਖ ਦੀ ਔਸਤ ਉਮਰ ਵਧੀ ਹੈ। ਬਿਮਾਰੀਆਂ 'ਤੇ ਕਾਬੂ ਪਾਇਆ ਗਿਆ ਹੈ ਪਰ



ਅਮਰਜੀਤ ਢਿੱਲੋਂ ਦਬੜ੍ਹੀਖਾਨਾ

ਅਸੀਂ ਅਜੇ ਵੀ ਕਹਿ ਰਹੇ ਹਾਂ ਜੋ ਕਿਸਮਤ ਵਿਚ ਲਿਖਿਆ ਹੈ ਉਹ ਹੀ ਮਿਲੇਗਾ। ਉਹਦੇ ਹੁਕਮ ਬਿਨਾਂ ਪੱਤਾ ਨਹੀਂ ਹਿੱਲ ਨਹੀਂ ਸਕਦਾ । ਇਸੇ ਲਈ ਇਥੇ ਵਿਗਿਆਨ ਨੂੰ ਪ੍ਰਫੁਲਤ ਹੋਣ ਨਹੀਂ ਦਿਤਾ ਜਾ ਰਿਹਾ। ਪਛਮੀ ਮੁਲਕਾਂ (ਜਿੰਨਾਂ ਵਿਚ ਚੀਨ ਵੀ ਸ਼ਾਮਿਲ ਹੈ) ਨੇ ਵਿਗਿਆਨਕ ਵਿਧੀ ਰਾਹੀਂ ਬਣਾਉਟੀ ਮੀਂਹ ਪੁਆਉਣ ਅਤੇ ਬੱਦਲਾਂ 'ਚ ਗੜ੍ਹੇ ਖਤਮ ਕਰਨ ,ਬਣਾਉਟੀ ਚੰਦ ਚੜ੍ਹਾਉਣ ਦੀ ਤਕਨੀਕ ਵਿਕਸਤ ਕਰ ਰਹੀ ਹੈ ਅਸੀਂ ਅਜੇ ਵੀ ਯੱਗ ਕਰਕੇ ਮੀਂਹ ਪੁਆਉਣ ਅਤੇ ਹੜ੍ਹ ਆਉਣ ਸਮੇਂ ਨਦੀਆਂ ਨੂੰ ਸੋਨੇ ਦੀ ਨੱਥ ਭੇਂਟ ਕਰਨ ਵਰਗੇ ਜਾਹਿਲਾਨਾ( ਬੇਵਕੂਫ ਭਰੇ ) ਕਾਰਜ ਕਰ ਰਹੇ ਹਾਂ। ਜੇ ਅਜੇ ਵੀ ਵਿ-ਗਆਨਕ ਸੋਚ ਨਾ ਅਪਣਾਈ ਤਾਂ ਅਸੀਂ ਭਾਰਤੀ ਇਸੇ ਤਰ੍ਹਾਂ ਬੀਤੇ ਦੀਆਂ ਅੰਧ ਵਿਸ਼ਵਾਸ਼ੀ ਗੁਫ਼ਾਵਾਂ ਵਿਚ ਟੱਕਰਾਂ ਮਾਰਦੇ ਰਹਾਂਗੇ।

ਅਮਰਜੀਤ ਢਿੱਲੋਂ ਦਬੜ੍ਹੀਖਾਨਾ, ਵਿਨੀਪੈਗ(ਕੈਨੇਡਾ) 431 374 6646




















# ਇਮੀਗ੍ਰੇਸ਼ਨ ਨਿਊਜ਼ੀਲੈਂਡ ਦੀ ਵੀਜ਼ਾ ਪ੍ਰਣਾਲੀ ਦੀ ਧੀਮੀ ਗਤੀ ਦੇ ਵਿਰੋਧ 'ਚ ਪ੍ਰਦਰਸ਼ਨ




ਔਕਲੈਂਡ, 6 ਅਗਸਤ (ਹਰਜਿੰਦਰ ਸਿੰਘ ਬਸਿਆਲਾ): ਇਮੀਗ੍ਰੇਸ਼ਨ ਨਿਊਜ਼ੀਲੈਂਡ ਦੇ ਦਫਤਰ ਵਿਚ ਵੀਜ਼ਾ ਅਰਜੀਆਂ ਦੀਆਂ ਲੰਬੀਆ ਕਤਾਰਾਂ ਲੱਗੀਆਂ ਪਈਆਂ ਹਨ ਪਰ ਫੈਸਲਾ ਐਨੀ ਧੀਮੀ ਗਤੀ ਦੇ ਵਿਚ ਹੋ ਰਹੇ ਹਨ ਕਿ ਹੁਣ ਅਰਜ਼ੀ ਦਾਤਾ ਪ੍ਰਦਰਸ਼ਨ ਕਰਨ ਤੱਕ ਪਹੁੰਚ ਗਏ ਹਨ। ਅੱਜ ਅਜਿਹੇ ਹੀ ਕੇਸਾਂ ਨਾਲ ਸਬੰਧਿਤ ਲੋਕਾਂ ਨੇ ਓਟੀਆ ਸੁਕੇਅਰ ਔਕਲੈਂਡ ਵਿਖੇ ਹੱਥਾਂ ਦੇ ਵਿਚ ਤਖਤੀਆਂ ਫੜ ਕੇ ਪ੍ਰਦਰਸ਼ਨ ਕੀਤਾ। ਮੰਗ ਕੀਤੀ ਕਿ ਜਦੋਂ ਅਸੀਂ ਸਾਰੇ ਕਾਗਜ਼ ਪੱਤਰ ਪੂਰੇ ਜਮ੍ਹਾ ਕਰਵਾ ਦਿੱਤੇ ਹਨ ਤਾਂ ਵੀਜ਼ਾ ਫੈਸਲਾ ਲੈਣ ਦੇ ਵਿਚ ਐਨੀ ਦੇਰ ਕਿਉਂ ਕੀਤੀ ਜਾ ਰਹੀ ਹੈ। ਬਹੁਤ ਸਾਰੇ ਕੇਸਾਂ ਦੇ ਵਿਚ ਸਮਾਂ ਇਕ ਸਾਲ ਦਾ ਹੋ ਚੱਲਿਆ ਹੈ। ਨਵੇਂ ਵਿਆਹੇ ਜੋੜੇ ਵਿਜ਼ਟਰ ਵੀਜੇ ਦੀ ਉਡੀਕ ਦੇ ਵਿਚ ਲੰਬੇ ਸਮੇਂ ਤੋਂ ਉਡੀਕ ਵਿਚ ਹਨ। ਇਸ ਸਾਰੇ ਰੋਸ ਮੁਜਾਹਰੇ ਨੂੰ ਸਰਕਾਰ ਕਿਸ ਨਜ਼ਰੀਏ ਤੋਂ ਵੇਖਦੀ ਹੈ ਬਾਅਦ ਦੀ ਗੱਲ ਹੈ ਪਰ ਆਪਣੇ ਹੱਕਾਂ ਦੀ ਖਾਤਿਰ ਆਵਾਜ਼ ਉਠਾਉਣੀ ਲੋਕਾਂ ਦਾ ਹੱਕ ਹੈ। ਇਸ ਰੋਸ ਮਜਾਹਰੇ ਦੇ ਵਿਚ ਪੰਜਾਬੀਆਂ ਤੋਂ ਇਲਾਵਾ ਭਾਰਤ ਦੇ ਹੋਰ ਰਾਜਾਂ ਦੇ ਲੋਕ ਵੀ ਸ਼ਾਮਿਲ ਹੋਏ। ਕੁਝ ਹੋਰ ਦੇਸ਼ਾਂ ਦੇ ਲੋਕ ਵੀ ਇਸ ਰੋਸ ਦੇ ਵਿਚ ਸ਼ਾਮਿਲ ਹੋਏ।

# ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਨਵੀਂ ਕਮੇਟੀ ਦੀ ਸਰਬ ਸੰਮਤੀ ਨਾਲ ਚੋਣ



## ਜਗਦੀਪ ਸਿੰਘ ਵੜੈਚ ਨੂੰ ਪ੍ਰਧਾਨ ਚੁਣਿਆ ਗਿਆ

ਔਕਲੈਂਡ, 6 ਅਗਸਤ (ਹਰਜਿੰਦਰ ਸਿੰਘ ਬਸਿਆਲਾ)-ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਨਿਊਜ਼ੀਲੈਂਡ ਜੋ ਕਿ ਸਾਲ 2008 ਤੋਂ ਨਿਊਜ਼ੀਲੈਂਡ ਦੇ ਵਿਚ ਸਭਿਆਚਾਰਕ ਦੀ ਝਲਕ ਪਾਉਂਦੇ ਮਾਘੀ ਮੇਲੇ, ਖੇਡਾਂ ਨੂੰ ਉਤਸ਼ਾਹਿਤ ਕਰਦੇ ਖੇਡ ਮੇਲੇ, ਖਿਡਾਰੀਆਂ ਨੂੰ ਉਤਸ਼ਾਹਿਤ ਕਰਦੀਆਂ ਕਬੱਡੀ ਟੀਮਾਂ ਅਤੇ ਵਾਲੀਵਾਲ ਟੀਮਾਂ ਦੀ ਵੱਡੀ ਜ਼ਿੰਮੇਵਾਰੀ ਲੈ ਕੇ ਇਥੇ ਪੂਰਾ ਪੰਜਾਬ ਬਣਾਈ ਰੱਖਦਾ ਹੈ, ਦੀ ਅੱਜ ਹੋਈ ਮੀਟਿੰਗ ਦੇ ਵਿਚ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਚੁਣੀ ਗਈ ਕਮੇਟੀ ਦੇ ਵਿਚ ਸ. ਜਗਦੀਪ ਸਿੰਘ ਵੜੈਚ ਨੂੰ ਪ੍ਰਧਾਨ, ਕਮਲ ਤੱਖਰ ਨੂੰ ਮੀਤ ਪ੍ਰਧਾਨ, ਜਗਜੀਤ ਸਿੰਘ ਨੂੰ ਸਕੱਤਰ, ਅਮਨ ਬਰਾੜ ਨੂੰ ਮੀਤ ਸਕੱਤਰ, ਗੁਰਪ੍ਰੀਤ ਸਿੰਘ ਬਰਾੜ ਨੂੰ ਖਜ਼ਾਨਚੀ, ਗੁਰਭੇਜ ਸਿੰਘ ਅਤੇ ਗੁਰਚੇਤ ਸਵੱਦੀ ਨੂੰ ਖੇਡ ਸਕੱਤਰ, ਗੁਰਿੰਦਰ ਧਾਲੀਵਾਲ ਨੂੰ ਸਭਿਆਚਾਰਕ ਸਕੱਤਰ, ਸੁਖਪਾਲ ਗੁੱਗੂ ਨੂੰ ਔਡੀਟਰ ਦੀ ਜ਼ਿੰਮੇਵਾਰੀ ਸੌਂਪੀ ਗਈ। ਐਗਜ਼ੀਕਿਊਟਿਵ ਕਮੇਟੀ ਦੇ ਵਿਚ ਸ. ਹਰਜਿੰਦਰ ਸਿੰਘ ਮਾਨ, ਮਨਪਾਲ ਸਿੰਘ, ਮਨਪ੍ਰੀਤ ਸਿੰਘ, ਪ੍ਰੀਤਮ ਸਿੰਘ ਬੱਧਣੀ ਅਤੇ ਜੱਸਾ ਗਿੱਲ ਸ਼ਾਮਿਲ ਹਨ। ਅੱਜ ਹੋਈ ਮੀਟਿੰਗ ਦੇ ਵਿਚ ਜਿਹੜੇ ਹੋਰ ਮੈਂਬਰ ਸ਼ਾਮਿਲ ਹੋਏ ਉਨ੍ਹਾਂ ਵਿਚ ਸ਼ਾਮਿਲ ਹਨ ਝਿਰਮਲ ਸਿੰਘ, ਦੀਪਾ ਬਰਾੜ, ਜਗਦੇਵ ਸਿੰਘ ਜੱਗੀ, ਸੁਖਵਿੰਦਰ ਸਿੰਘ ਕਾਕੂ, ਹਰਜਿੰਦਰ ਸਿੰਘ ਗੋਪਾਲ, ਗੁਰਪ੍ਰੀਤ ਸਿੰਘ ਬਘੇਲਾ, ਪ੍ਰਿਤਪਾਲ ਸਿੰਘ ਗਰੇਵਾਲ, ਹਰਵੰਤ ਸਿੰਘ ਗਰੇਵਾਲ, ਹਰਪ੍ਰੀਤ ਸਿੰਘ ਹੈਪੀ, ਪਰਮਿੰਦਰ ਸਿੰਘ ਤੱਖਰ, ਸੁਖਪਾਲ ਸਿੰਘ ਕੁੱਕੂ ਮਾਨ, ਹੈਰੀ ਮੁਦਕੀ, ਮਨਪ੍ਰੀਤ ਰਾਮੂਵਾਲੀਆ, ਜਗਜੀਤ ਸਿੰਘ ਸਿੱਧੂ, ਹਰਜਿੰਦਰ ਸਿੰਘ ਧਾਲੀਵਾਲ, ਪਾਲ ਸਿੰਘ ਰਾਣਾ, ਦਵਿੰਦਰ ਗਿੱਲ ਅਤੇ ਪ੍ਰੀਤਮ ਸਿੰਘ ਸ਼ਾਮਿਲ ਹਨ।

ਕਲੱਬ ਵੱਲੋਂ ਆਉਣ ਵਾਲੇ ਸਮੇਂ ਵਿਚ ਜਿੱਥੇ ਖੇਡ ਟੂਰਨਾਮੈਂਟ ਦਾ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਉਥੇ ਸਭਿਆਚਾਰਕ ਮੇਲੇ ਦੀ ਵੀ ਤਿਆਰੀ ਕੀਤੀ ਜਾ ਰਹੀ ਹੈ। ਸਾਰੇ ਮੈਂਬਰਜ਼ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਸਹਿਯੋਗ ਕਰਨ ਦਾ ਭਰੋਸਾ ਦਿੱਤਾ।

# ਲੋਕ ਸ਼ੋਸਲ ਮੀਡੀਆ ਅਤੇ ਜਨਤਕ ਤੌਰ 'ਤੇ ਫਿਰਕੂ ਮਾਹੌਲ ਪੈਦਾ ਕਰਨ ਵਾਲਿਆਂ ਤੋਂ ਸੁਚੇਤ ਰਹਿਣ : ਕੁਮਾਰ ਸੌਰਭ ਰਾਜ



ਫਰੀਦਕੋਟ, 6 ਅਗਸਤ (ਗਿਆਨ ਸਿੰਘ): ਭਾਰਤ ਸਰਕਾਰ ਵੱਲੋਂ ਜੰਮੂ ਕਸ਼ਮੀਰ ਨੂੰ ਲੈ ਕੇ ਕੀਤੀਆਂ ਗਈਆਂ ਸੰਵਿਧਾਨਿਕ ਸੋਧਾਂ ਉਪਰੰਤ ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਅਮਨ ਸ਼ਾਂਤੀ ਅਤੇ ਸਦਭਾਵਨਾ ਵਾਲਾ ਮਾਹੌਲ ਕਾਇਮ ਰੱਖਣ ਲਈ ਦਿੱਤੇ ਨਿਰਦੇਸ਼ਾਂ ਤਹਿਤ ਅੱਜ ਡਿਪਟੀ ਕਮਿਸ਼ਨਰ ਕੁਮਾਰ ਸੌਰਭ ਰਾਜ ਆਈ.ਏ.ਐਸ. ਅਤੇ ਐਸ.ਐਸ.ਪੀ. ਰਾਜ ਬਚਨ ਸਿੰਘ ਸੰਧੂ ਵੱਲੋਂ ਜਿਲ੍ਹੇ ਦੀ ਸਦਭਾਵਨਾ ਕਮੇਟੀ ਦੇ ਮੈਂਬਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ । ਇਸ ਮੀਟਿੰਗ ਵਿੱਚ ਸਿਵਲ ਅਤੇ ਪੁਲਿਸ ਅਧਿਕਾਰੀਆਂ ਤੋਂ ਇਲਾਵਾ ਜਿਲ੍ਹੇ ਦੇ ਵੱਖ ਵੱਖ ਥਾਵਾਂ ਤੋਂ ਸਦਭਾਵਨਾ ਕਮੇਟੀ ਦੇ ਮੈਂਬਰਾਂ, ਸਵੈ ਸੇਵੀ, ਧਾਰਮਿਕ ਸੰਸਥਾਵਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।

ਇਸ ਮੌਕੇ ਆਪਣੇ ਸੰਬੋਧਨ ਵਿੱਚ ਡਿਪਟੀ ਕਮਿਸ਼ਨਰ ਕਮ ਜਿਲ੍ਹਾ ਮੈਜਿਸਟ੍ਰੇਟ ਕੁਮਾਰ ਸੌਰਭ ਰਾਜ ਅਨੇ ਸਮਾਜ ਦੀਆਂ ਸਾਰੀਆਂ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਜਿਲ੍ਹੇ ਵਿੱਚ ਅਮਨ ਸ਼ਾਂਤੀ ਅਤੇ ਆਪਸੀ ਭਾਈਚਾਰਾ ਕਾਇਮ ਰੱਖਣ ਲਈ ਪੂਰੇ ਯਤਨ ਕਰਨ ਅਤੇ ਸ਼ੋਸ਼ਲ ਮੀਡੀਆਂ ਜਾਂ ਜਨਤਕ ਤੌਰ ਤੇ ਫਿਰਕੂ ਸਦਭਾਵਨਾ ਫੈਲਾਉਣ ਵਾਲੇ ਲੋਕਾਂ ਨੂੰ ਇਸ ਤੋਂ ਰੋਕਿਆ ਜਾਵੇ ਤਾਂ ਜੋ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦਾ ਫਿਰਕੂ ਜਾਂ ਤਣਾਅ ਵਾਲਾ ਮਾਹੌਲ ਨਾ ਬਣੇ । ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਜਾਂ ਸਮਾਜ ਵਿਰੋਧੀ ਅਨਸਰਾਂ ਨੂੰ ਜਿਲ੍ਹੇ ਦਾ ਸ਼ਾਂਤੀਪੂਰਵਕ ਮਾਹੌਲ ਖਰਾਬ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਜਾਵੇਗੀ ਅਤੇ ਇਸ ਕੰਮ ਲਈ ਜਿਲ੍ਹਾ ਅਤੇ ਪੁਲਿਸ ਪ੍ਰਸ਼ਾਸਨ, ਸਵੈ ਸੇਵੀ ਸੰਸਥਾਵਾਂ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਪੂਰੀ ਤਰ੍ਹਾਂ ਚੌਕਸ ਹੈ । ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਦਾ ਇਸ ਕੰਮ ਵਿੱਚ ਪੂਰਾ ਸਹਿਯੋਗ ਕਰਨ।

ਇਸ ਮੌਕੇ ਜਿਲ੍ਹਾ ਪੁਲਿਸ ਮੁੱਖੀ ਰਾਜ ਬਚਨ ਸਿੰਘ ਸੰਧੂ ਨੇ ਕਿਹਾ ਕਿ ਦੇਸ਼ ਵਿਰੋਧੀ, ਫਿਰਕਾਪ੍ਰਸਤੀ ਤਾਕਤਾਂ ਤੇ ਕੁਝ ਸਮਾਜ ਵਿਰੋਧੀ ਅਨਸਰ ਅਜਿਹੇ ਮੌਕਿਆਂ ਦਾ ਫਾਇਦਾ ਚੁੱਕ ਕੇ ਦੇਸ਼ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਸਿਵਲ ਤੇ ਪੁਲਿਸ ਪ੍ਰਸ਼ਾਸਨ ਅਜਿਹੀਆਂ ਤਾਕਤਾਂ ਨੂੰ ਪੂਰੀ ਤਰ੍ਹਾਂ ਨਾਕਾਮ ਕਰ ਕੇ ਅਤੇ ਜਿਲ੍ਹੇ ਵਿੱਚ ਆਪਸੀ ਭਾਈਚਾਰੇ ਤੇ ਸਦਭਾਵਨਾ ਪੂਰੀ ਤਰ੍ਹਾਂ ਕਾਇਮ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਸਮਾਜ ਵਿਰੋਧੀ ਅਨਸਰ ਸਬੰਧੀ ਜਾਣਕਾਰੀ ਮਿਲਦੀ ਹੈ ਤਾਂ ਉਹ ਪੁਲਿਸ ਨੂੰ ਹੈਲਪ ਲਾਈਨ ਨੰਬਰ 100, 112 ਅਤੇ 181 ਤੇ ਸੰਪਰਕ ਕਰ ਸਕਦਾ ਹੈ । ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਬਾਹਰੀ ਬੰਦਿਆਂ ਨੂੰ ਵਿਸ਼ੇਸ਼ ਨਿਗ੍ਹਾ ਰੱਖਣ ਤਾਂ ਜੋ ਜਿਲ੍ਹੇ ਦਾ ਮਾਹੌਲ ਖਰਾਬ ਨਾ ਹੋਵੇ।

ਇਸ ਮੌਕੇ ਮੀਟਿੰਗ ਵਿੱਚ ਹਾਜ਼ਰ ਸਦਭਾਵਨਾ ਕਮੇਟੀ ਦੇ ਮੈਬਰਾਂ, ਵੱਖ ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ, ਭਾਈਚਾਰਿਆਂ ਦੇ ਨੁਮਾਇੰਦਿਆਂ ਆਦਿ ਨੇ ਡਿਪਟੀ ਕਮਿਸ਼ਨਰ ਜੀ ਨੂੰ ਯਕੀਨ ਦਵਾਇਆ ਕਿ ਜਿਲ੍ਹੇ ਵਿੱਚ ਆਪਸੀ ਭਾਈਚਾਰਾ, ਸਦਭਾਵਨਾ ਅਤੇ ਅਮਨ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਉਹ ਪੂਰੀ ਤਰ੍ਹਾਂ ਪ੍ਰਸ਼ਾਸਨ ਦੇ ਨਾਲ ਹਨ ।

# ਜਦੋਂ ਠੱਗ ਜੋਤਿਸ਼ੀ ਨੂੰ ਲੈਣੇ ਦੇ ਦੇਣੇ ਪੈ ਗਏ

ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ਼ ਕੈਨੇਡਾ ਪਿਛਲੇ 25 ਸਾਲਾਂ ਤੋਂ ਅਖੌਤੀ ਜੋਤਿਸ਼ੀਆਂ, ਤਾਂਤਰਿਕਾਂ, ਨਗ ਪੁਆਉਣ ਵਾਲਿਆਂ, ਜਾਦੂ ਟੂਣਾ, ਕਾਲਾ ਇਲਮ ਇਤਿਆਦਿਕ ਸਮੇਤ ਕਾਲੇ ਚਿੱਟੇ ਚੋਲਿਆਂ ਵਾਲੇ, ਰਿੱਧੀਆਂ ਸਿੱਧੀਆਂ ਵਾਲੇ, ਲੋਕਾਂ ਦੇ ਹਰ ਕਿਸਮ ਦੇ ਰੁਕੇ ਹੋਏ ਕੰਮ ਉਹ ਚਾਹੇ ਕੋਰਟ ਕੇਸ ਹੋਵੇ, ਚਾਹੇ ਇਮੀਗ੍ਰੇਸ਼ਨ ਦਾ ਮਾਮਲਾ, ਚਾਹੇ ਵਿਆਹ ਸ਼ਾਦੀ ਅਤੇ ਤਲਾਕ ਦਾ ਕੇਸ ਹੋਵੇ ਨੂੰ ਸਿਰਫ ਇੱਕ ਫੋਨ ਕਾਲ ਰਾਹੀਂ ਕਰ ਦੇਣ ਦੇ ਦਾਅਵੇਦਾਰਾਂ ਨੂੰ ਚਣੌਤੀ ਦਿੰਦੀ ਆ ਰਹੀ ਹੈ ਕਿ ਤੁਹਾਡੇ ਵੱਲੋਂ ਕੀਤੇ ਜਾਂਦੇ ਹਰ ਕਿਸਮ ਦੇ ਦਾਅਵੇ ਝੂਠ ਦਾ ਪੁਲੰਦਾ ਹਨ। ਤੁਸੀਂ ਅਜਿਹੇ ਝੂਠੇ ਦਾਅਵਿਆਂ ਰਾਹੀਂ ਲੋਕਾਂ ਨੂੰ ਗੁੰਮਰਾਹ ਰਹੇ ਹੋ। ਤੁਹਾਡੇ ਵੱਲੋਂ ਬੇਅਥਾਹ ਪੈਸੇ ਲੁੱਟਿਆ ਜਾ ਰਿਹਾ ਹੈ। ਜਦੋਂ ਕਿ ਤੁਹਾਡੇ ਕੋਲ ਕੈਨੇਡਾ ਵਿੱਚ ਅਜਿਹਾ ਪ੍ਰਚਾਰ ਕਰਨ ਅਤੇ ਇਸ ਪ੍ਰਚਾਰ ਰਾਹੀਂ ਲੋਕਾਂ ਨੂੰ ਝੂਠੇ ਵਾਅਦੇ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਤੁਹ-ਾਡੇ ਕੋਲ ਕੋਈ ਵੀ ਬਿਜ਼ਨੈੱਸ ਲਾਈਸੇਂਸ ਨਹੀਂ ਹੈ। ਤੁਸੀਂ ਆਪਣੇ ਗਾਹਕਾਂ ਨੂੰ ਵਸੂਲ ਕੀਤੇ ਪੈਸੇ ਦੀ ਕੋਈ ਰਸੀਦ ਵੀ ਨਹੀਂ ਦਿੰਦੇ ਤੇ ਤੁਸੀਂ ਕੈਨੇਡਾ ਦੇ ਟੈਕਸ ਵਿਭਾਗ ਨੂੰ ਵੀ ਇਸ ਆਮਦਨ ਦਾ ਹਿਸਾਬ ਨਹੀਂ ਦਿੰਦੇ। ਤੁਸੀਂ ਅਜਿਹਾ ਅਨੈਤਿਕ, ਗੈਰਕਾਨੂੰਨੀ 'ਤੇ ਗ਼ੈਰਵਿਗਿਆਨਿਕ, ਚਲਾਕੀ ਭਰਿਆ ਧੰਦਾ ਕਰਕੇ ਕੈਨੇਡਾ ਵਰਗੇ ਖੁਸ਼ਹਾਲ ਮੁਲਕ ਦੀ ਸ਼ਵੀ ਵਿਗਾੜ ਰਹੇ ਹੋਂ। ਜੇਕਰ ਤੁਹਾਡੇ ਉਪਰੋਕਤ ਦਾਅਵੇ ਸਹੀ ਹਨ ਤਾਂ ਸੁਸਾਇਟੀ ਵੱਲੋਂ ਰੱਖਿਆ ਇੱਕ ਲੱਖ ਕਨੇਡੀਅਨ ਡਾਲਰ ਦਾ ਇਨਾਮ ਜਿੱਤਣ ਲਈ ਅੱਗੇ ਆਓ ਤੇ ਆਪਣੇ ਦਾਅਵੇ ਸਹੀ ਸਿੱਧ ਕਰਕੇ ਇਨਾਮ ਹਾਸਲ ਕਰੋ। ਹੈਰਾਨੀ ਦੀ ਹੱਦ ਓਦੋਂ ਹੋ ਜਾਂਦੀ ਹੈ ਕਿ ਅੱਜ ਤੱਕ ਇੱਕ ਵੀ ਦਾਅਵੇਦਾਰ ਮੈਦਾਨ ਵਿੱਚ ਨਹੀਂ ਨਿਤਰਿਆ ।

ਗੱਲ ਜੱਗ ਓਦੋਂ ਜਾਹਰ ਹੋ ਗਈ ਜਦੋਂ 2 ਅਗਸਤ 19 ਨੂੰ ਇੱਕ ਅਜਿਹੇ ਹੀ ਜੋਤਿਸ਼ੀ ਨਾਲ ਸਿੱਧਾ ਟਾਕਰਾ ਹੋ ਗਿਆ। ਸਰ੍ਹੀ ਦੀ ਹੀ ਰਹਿਣ ਵਾਲੀ ਇੱਕ ਔਰਤ (ਜੋ ਸਿਰਫ $ 5 ਨਾਲ ਉਸ ਕੋਲ ਆਪਣਾ ਹੱਥ ਦਿਖਾਉਣ ਗਈ ਸੀ) ਨੂੰ ਡਰਾਕੇ ਉਸ ਪਾਸੋਂ $1600 ਠੱਗ ਲੈਂਦਾ ਹੈ। ਉਹ ਉਸਨੂੰ ਡਰਾਉਂਦਾ ਹੈ ਕਿ ਤੇਰੇ ਤੇ ਇੱਕ ਚੁੜੇਲ ਦਾ ਪਹਿਰਾ ਹੈ ਜੋ ਤੇਰਾ ਨੁਕਸਾਨ ਕਰ ਰਹੀ ਹੈ, ਉਸਨੂੰ ਭਜਾਉਣ ਲਈ ਪੂਜਾ ਕਰਨੀ ਹੋਵੇਗੀ। ਉਹ ਇੱਥੇ ਹੀ ਬੱਸ ਨਹੀਂ ਕਰਦਾ, ਦੁਬਾਰਾ ਫਿਰ ਉਸ ਔਰਤ ਨੂੰ ਆਪਣੇ ਘਰ ਬੁਲਾਕੇ ਕਹਿੰਦਾ ਹੈ ਕਿ ਤੇਰੇ ਲਈ ਕੀਤੀ ਪੂਜਾ ਕਰਕੇ, ਉਸ ਚੜੇਲ ਨੇ ਮੇਰੀ ਘਰ ਵਾਲੀ ਤੇ ਹਮਲਾ ਕਰ ਦਿੱਤਾ ਹੈ (ਉਸਦੀ ਘਰਵਾਲੀ ਮੂਰਤੀ ਅੱਗੇ ਮੂਧੇ ਮੂੰਹ ਪਈ ਹੈ) ਡਰਾਉਂਦਾ ਕਹਿੰਦਾ ਹੈ ਕਿ ਚੁੜੇਲ ਬਹੁਤ ਖਤਰਨਾਕ ਹੈ ਜੇਕਰ ਇਸਦਾ ਇਲਾਜ਼ ਨਾਂ ਕੀਤਾ ਤਾਂ ਉਹ ਦੁਬਾਰਾ ਫਿਰ ਤੇਰਾ ਬਹੁਤ ਵੱਡਾ ਨੁਕਸਾਨ ਕਰੇਗੀ ਸੋ ਹੁਣ ਇਸਦਾ ਇਲਾਜ਼ ਕਰਨ ਲਈ ਪੂਜਾ ਕੰਨਿਆਕੁਮਾਰੀ (ਭਾਰਤ) ਜਾਕੇ ਕਰਨੀ ਪਵੇਗੀ ਜਿੱਥੇ ਤਿੰਨ ਸਮੁੰਦਰ ਇਕੱਠੇ ਹੁੰਦੇ ਹਨ ਤੇ 18 ਪੁਜਾਰੀ ਪੂਜਾ ਕਰਨ ਲਈ ਜਾਣਗੇ, ਇਸਦਾ ਖਰਚਾ $ 23,151 ਹੋਵੇਗਾ, ਉਹ ਔਰਤ ਕਹਿੰਦੀ ਮੈਂ ਐਨੀ ਵੱਡੀ ਰਕਮ ਕਿਥੋਂ ਲਿਆਵਾਂਗੀ ਤਾਂ ਉਸਨੂੰ ਕਹਿੰਦਾ ਤੇਰੇ ਬੈਂਕ ਖਾਤੇ ਵਿਚ ਬਹੁਤ ਪੈਸੇ ਹਨ ਕਢਵਾ ਲਿਆ, ਉਸ ਔਰਤ ਨੇ ਕਿਹਾ ਤੈਨੂੰ ਕਿਵੇਂ ਪਤਾ ਹੈ ਕਿ ਮੇਰੇ ਬੈਂਕ ਖਾਤੇ ਵਿੱਚ ਬਹੁਤ ਪੈਸੇ ਹਨ ਤਾਂ ਕਹਿੰਦਾ ਤੇਰੇ ਕੋਲ ਬਹੁਤ ਵੱਡੀ ਕਾਰ ਹੈ ਜੋ ਉਸਨੇ ਦੇਖ ਲਈ ਸੀ। ਇਸਤੇ ਉਹ ਔਰਤ ਮੈਂ ਕੋਸ਼ਿਸ਼ ਕਰਦੀ ਹਾਂ ਕਹਿਕੇ ਵਾਪਸ ਘਰ ਆ ਗਈ। ਉਹ ਡਰ ਗਈ ਕਿ ਕਿਤੇ ਇਹ ਗੱਲ ਉਸਦੇ ਪਰਵਾਰ ਨੂੰ ਪਤਾ ਨਾ ਲੱਗ ਜਾਵੇ ਤਾਂ ਉਸਨੇ ਇੰਟਰਨੈੱਟ ਤੇ ਅਜਿਹੇ ਠੱਗਾਂ ਬਾਰੇ ਖੋਜ ਕਰਨੀ ਸ਼ੁਰੂ ਕੀਤੀ ਇਸ ਦੁਰਾਂ ਉਸਨੂੰ ਤਰਕਸ਼ੀਲਾਂ ਵੱਲੋਂ ਅਜਿਹੇ ਠੱਗਾਂ ਨੂੰ ਨੰਗੇ ਕਰਦੀ ਇੱਕ ਵੀਡੀਓ ਮਿਲੀ ਉਸ ਵੀਡੀਓ ਨੂੰ ਦੇਖਣ ਤੋਂ ਬਾਅਦ ਉਸਨੂੰ ਸੁਸਾਇਟੀ ਨੂੰ ਫੋਨ ਕਰਕੇ ਸਾਰੀ ਗੱਲ ਦੱਸੀ ਤਾਂ ਮੈਂ ਉਸਨੂੰ ਹੌਂਸਲਾ ਦਿੱਤਾ ਕਿ ਤੁਸੀਂ ਠੀਕ ਕੀਤਾ ਜੋ ਸਾਨੂੰ ਫੋਨ ਕਰ ਲਿਆ ਉਹ ਜੋਤਹੱਗ ਹੁਣ ਤੁਹਾਡਾ ਕੁੱਝ ਨਹੀਂ ਵਿਗਾੜ ਸਕਦਾ ਸਗੋਂ ਤੁਹਾਡਾ $1600 ਵੀ ਵਾਪਸ ਕਰਵਾਵਾਂਗੇ। ਮੈਂ ਉਸ ਔਰਤ ਨੂੰ ਸਰ੍ਹੀ ਪੁਲਿਸ ਕੋਲ ਸ਼ਿਕਾਇਤ ਕਰਨ ਲਈ ਭੇਜਿਆ ਉਨ੍ਹਾਂ ਉਸਦੀ ਸ਼ਿਕਾਇਤ ਸੁਣਕੇ ਕੋਈ ਵੀ ਕਾਰਵਾਈ ਕਰਨ ਤੋਂ ਅਸਮਰੱਥਾ ਜਾਹਰ ਕੀਤੀ। ਇਸ ਦੁਰਾਨ ਉਹ ਜੋਤਿਸ਼ੀ ਉਕਤ ਔਰਤ ਨੂੰ ਬਾਰ ਬਾਰ ਫੋਨ ਕਰਕੇ ਪੈਸਿਆਂ ਦੀ ਮੰਗ ਕਰਦਾ ਰਿਹਾ ਤੇ ਅਸੀਂ ਉਸਨੂੰ ਟਾਲਦੇ ਰਹੇ ਅਖੀਰ ਛੁੱਕਰਵਾਰ 2 ਅਗਸਤ ਨੂੰ ਉਸਨੇ ਉਸ ਔਰਤ ਨੂੰ ਫੇਰ ਫੋਨ ਕੀਤਾ ਤੇ ਪੈਸਿਆਂ ਦੀ ਮੰਗ ਕੀਤੀ ਸਾਡੇ ਮਸ਼ਵਰੇ ਅਨੁਸਾਰ ਉਕਤ ਔਰਤ ਨੇ ਉਸਨੂੰ ਕਿਹਾ ਕਿ ਉਹ ਸਿਰਫ ਤਿੰਨ ਹਜ਼ਾਰ ਡਾਲਰ ਦਾ ਇੰਤਜ਼ਾਮ ਕਰ ਸਕੀ ਹੈ (ਜਦੋਂਕਿ ਉਸ ਕੋਲ ਕੋਈ ਪੈਸਾ ਨਹੀਂ ਸੀ) ਬਾਕੀ ਰਕਮ ਲਈ ਬੈਂਕ ਕੋਲ ਲੋਨ ਅਪਲਾਈ ਕੀਤਾ ਹੋਇਆ ਹੈ ਤਾਂ ਉਹ ਕਹਿਣ ਲੱਗਾ ਕਿ ਤਿੰਨ ਹਜ਼ਾਰ ਲੈਕੇ ਹੁਣੇ ਆਜਾ। ਸਾਡੀ ਪੂਰੀ ਟੀਮ ਸ਼ਾਮ ਸੱਤ ਵਜੇ ਜੋਤਿਸ਼ੀ ਦੇ ਟਿਕਾਣੇ ਤੇ ਪਹੁੰਚ ਗਏ ਅਤੇ ਟੀਮ ਮੈਂਬਰ ਪਰਮਿੰਦਰ ਸਵੈਚ ਦੇ ਨਾਲ ਬੀਬੀ ਬਲਜਿੰਦਰ ਕੌਰ (ਰੇਡੀਓ ਟੀ ਵੀ ਹੋਸਟ) ਤੇ ਉਸਦਾ ਸਾਥੀ ਰਫਤਾਰ ਅਤੇ ਠੱਗੀ ਦਾ ਸ਼ਿਕਾਰ ਔਰਤ ਉਸ ਜੋਤਿਸ਼ੀ ਦੇ ਘਰ ਦੇ ਅੰਦਰ ਚਲੇ ਗਏ। ਬਾਕੀ ਮੈਂਬਰ ਬਾਹਰ ਹੀ ਰਹੇ। ਜੋਤਿਸ਼ੀ ਨਾਲ ਗੱਲਬਾਤ ਤੋਂ ਬਾਅਦ ਉਸਨੇ ਆਪਣੀ ਗਲਤੀ ਸਵੀਕਾਰ ਕਰ ਲਈ ਅਤੇ ਪੈਸੇ ਵਾਪਸ ਕਰਨੇ ਮੰਨ ਗਿਆ। ਉਸ ਜੋਤਿਸ਼ੀ ਕੋਲ ਉਸ ਸਮੇਂ ਸਿਰਫ $ 500 ਸਨ ਤੇ ਉਸਨੇ ਬਕਾਇਆ $1100 ਬੈਂਕ 'ਚੋਂ ਕਢਵਾਕੇ ਦੇਣ ਲਈ ਕਿਹਾ ਅਸੀਂ ਕਿਓਂਕਿ ਬਾਹਰ ਸਭ ਕੁਝ ਦੇਖ ਰਹੇ ਸੀ ਬਾਹਰ ਆਉਂਦੀਆਂ ਹੀ ਉਸਨੇ ਬੈਂਕ ਜਾਣ ਲਈ ਮਿੰਨਤ ਕੀਤੀ ਤਾਂ ਅਸੀਂ ਤਿੰਨ ਮੈਂਬਰ ਉਸਦੇ ਨਾਲ ਭੇਜ ਦਿੱਤੇ ਜੋ ਉਸਨੂੰ ਟੀ ਡੀ ਬੈਂਕ ਕੈਨੇਡਾ ਦੀ ਬ੍ਰਾਂਚ ਤੇ ਲੈ ਗਏ ਜਿਥੋਂ ਉਸਨੇ $1100 ਕਢਵਾਕੇ ਸਾਡੇ ਮੈਂਬਰਾਂ ਦੇ ਦਿੱਤੇ ਪਰ ਉਨ੍ਹਾਂ ਨਾਲ ਵਾਪਸ ਆਪਣੇ ਘਰ ਆਉਣ ਦੀ ਬਜਾਏ ਓਥੋਂ ਭੱਜ ਨਿਕ-ਲਿਆ । ਇਸ ਸਾਰੀ ਕਾਰਵਾਈ ਦੀ ਵੀਡੀਓ ਫੇਸ ਬੁੱਕ ਉੱਪਰ 'ਸਭ ਫੜੇ ਜਾਣਗੇ' ਗਰੁੱਪ ਵਿੱਚ ਦੇਖੀ ਜਾ ਸਕਦੀ ਹੈ ਜਿਸਨੂੰ ਹੁਣ ਤੱਕ 2 ਮਿਲੀਅਨ ਤੋਂ ਵੱਧ ਲੋਕ ਦੇਖ ਚੁੱਕੇ ਹਨ। ਸਾਡੀ ਆਪ ਸਭਨੂੰ ਅਪੀਲ ਹੈ ਕਿ ਅਜਿਹੇ ਐਕਸ਼ਨ ਅਸੀਂ ਸਮੁੱਚੇ ਲੋਕਾਂ ਦੀ ਜਾਣਕਾਰੀ ਹਿਤ ਸਹੀ ਤੱਥਾਂ ਅਨੁਸਾਰ ਪੀੜਤ ਦੀ ਲਿਖਤੀ ਸ਼ਿਕਾਇਤ ਤੇ ਹੀ ਕਰਦੇ ਹਾਂ। ਜੇਕਰ ਤੁਹਾਡੇ ਨਾਲ ਵੀ ਕੋਈ ਅਜਿਹਾ ਧੋਖਾ ਹੋਇਆ ਹੈ ਤੇ ਤੁਹ-ਾਡੇ ਕੋਲ ਅਜਿਹੇ ਤੱਥ / ਸਬੂਤ ਹਨ ਤਾਂ ਕੈਨੇਡਾ ਦੇ ਕਾਨੂੰਨ ਦੀ ਧਾਰਾ 365 ਅਨੁਸਾਰ ਉਸ ਵਿਅਕਤੀ ਦੀ ਲਿਖਤੀ ਸ਼ਿਕਾਇਤ ਪੁਲਿਸ ਕੋਲ ਜਰੂਰ ਕਰੋ ਜਿਸਨੇ ਤੁਹਾਡੇ ਕੋਲੋਂ ਪੈਸੇ ਲੈਕੇ ਤੁਹਾਡਾ ਕੋਈ ਵੀ ਕੰਮ ਕਰਨ ਦਾ ਦਾਅਵਾ ਕੀਤਾ ਹੋਵੇ ਤੇ ਉਹ ਧੋਖਾ ਹੋਵੇ, ਕਾਨੂੰਨ ਨੂੰ ਆਪਣਾ ਕੰਮ ਕਰਨਾ ਪਵੇਗਾ। ਕਿਸੇ ਵੀ ਕਿਸਮ ਦੀ ਸਲਾਹ ਲੈਣ ਲਈ ਸਾਡੇ ਨਾਲ ਸੰਪਰਕ ਕਰੋ। ਬਾਈ ਅਵਤਾਰ ਪ੍ਰਧਾਨ 604-728-7011. ਤਰਕਸ਼ੀਲ ਸਭਿਆਚਾਰਕ ਸੁਸਾਇਟੀ ਆਫ਼ ਕੈਨੇਡਾ।




# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224


## ਹਲਕਾ ਫੁਲਕਾ

ਟੀਚਰ, "ਗਾਂ ਦੁੱਧ ਦਿੰਦੀ ਹੈ, ਮੁਰਗੀ ਆਂਡੇ ਦਿੰਦੀ ਹੈ। ਅਜਿਹਾ ਕੌਣ ਹੈ, ਜੋ ਦੋਵੇਂ ਦਿੰਦਾ ਹੈ?"
ਸੋਨੂੰ, "ਦੁਕਾਨਦਾਰ ਅੰਕਲ, ਜੋ ਦੁੱਧ ਤੇ ਆਂਡੇ ਦੋਵੇਂ ਦਿੰਦਾ ਹੈ।"

*********

ਦੋ ਕੁੜੀਆਂ ਬੱਸ ਵਿੱਚ ਸੀਟ ਲਈ ਲੜ ਰਹੀਆਂ ਸਨ। ਕੰਡਕਟਰ ਆਇਆ ਅਤੇ ਬੋਲਿਆ, "ਲੜੋ ਨਾ, ਜਿਹੜੀ ਉਮਰ ਵਿੱਚ ਵੱਡੀ ਹੈ, ਬੈਠ ਜਾਵੇ।" ਇਸ ਤੋਂ ਬਾਅਦ ਦੋਵੇਂ ਕੁੜੀਆਂ ਪੂਰੇ ਰਸਤੇ ਇਹੋ ਕਹਿੰਦੀਆਂ ਰਹੀਆਂ, "ਦੀਦੀ, ਤੁਸੀਂ ਬੈਠ ਜਾਓ।"

*********

ਟੀਚਰ, "ਟੀਪੂ ਸੁਲਤਾਨ ਦੀ ਮੌਤ ਕਿਸ ਯੁੱਧ ਵਿੱਚ ਹੋਈ ਸੀ?"
ਵਿਦਿਆਰਥੀ, "ਉਸ ਦੇ ਆਖਰੀ ਯੁੱਧ ਵਿੱਚ।"
ਪਤਨੀ, "ਤੂੰ ਕਦੇ ਸੋਚਿਆ ਹੈ ਕਿ ਮੇਰਾ ਵਿਆਹ ਕਿਸੇ ਹੋਰ ਨਾਲ ਹੋ ਜਾਂਦਾ ਤਾਂ ਕੀ ਹੁੰਦਾ?"
ਪਤੀ, "ਨਹੀਂ, ਮੈਂ ਕਦੇ ਕਿਸੇ ਦਾ ਮਾੜਾ ਨਹੀਂ ਚਾਹਿਆ।"


# GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਧਰਤੀ ਵਾਸੀਆਂ ਨੂੰ ਆਕਰਸ਼ਿਤ ਕਰਦਾ ਮੰਗਲ



-ਆਕਾਰ ਪਟੇਲ-

ਪਿਛਲੇ ਹਫਤੇ ਅਸੀਂ ਚੰਦਰਯਾਨ-2 ਨੂੰ ਦੇਖਿਆ ਅਤੇ ਉਸੇ ਦੌਰਾਨ ਮੈਂ ਮੰਗਲ ਗ੍ਰਹਿ ਬਾਰੇ ਵੀ ਚਰਚਾ ਕੀਤੀ ਸੀ। ਮੈਂ ਸੋਚਿਆ ਕਿ ਪਾਠਕਾਂ ਲਈ ਇਹ ਜਾਨਣਾ ਦਿਲਚਸਪ ਹੋਵੇਗਾ ਕਿ ਇਸ ਕੇਸ ਵਿੱਚ ਦੁਨੀਆ ਦੇ ਬਾਕੀ ਹਿੱਸਿਆਂ 'ਚ ਕੀ ਹੋ ਰਿਹਾ ਹੈ? ਅਗਲੇ ਸਾਲ ਮੰਗਲ ਗ੍ਰਹਿ 'ਤੇ ਵੱਖ-ਵੱਖ ਏਜੰਸੀਆਂ ਵੱਲੋਂ ਚਾਰ ਮਿਸ਼ਨਾਂ ਦੀ ਯੋਜਨਾ ਹੈ। ਇੰਨੇ ਸਾਰੇ ਨਾਲੋ-ਨਾਲ ਕਿਉਂ? ਇਸ ਦਾ ਕਾਰਨ ਇਹ ਹੈ ਕਿ ਮੰਗਲ ਅਤੇ ਪ੍ਰਿਥਵੀ 26 ਮਹੀਨਿਆਂ ਵਿੱਚ ਇੱਕ ਵਾਰ ਸਭ ਤੋਂ ਵੱਧ ਨੇੜੇ ਆ ਜਾਂਦੇ ਹਨ ਕਿਉਂਕਿ ਦੋਵੇਂ ਵੱਖ-ਵੱਖ ਪੰਧਾਂ 'ਚ ਸੂਰਜ ਦੇ ਆਲੇ ਦੁਆਲੇ ਘੁੰਮਦੇ ਹਨ। ਮੰਗਲ ਕਈ ਵਾਰ ਸਾਡੇ ਤੋਂ ਚਾਲੀ ਕਰੋੜ ਕਿਲੋਮੀਟਰ ਤੱਕ ਦੂਰ ਹੁੰਦਾ ਹੈ। ਨੇੜੇ ਆਉਣ ਤੱਕ ਇਹ ਚਾਰ ਕਰੋੜ ਕਿਲੋਮੀਟਰ ਤੋਂ ਵੀ ਘੱਟ ਦੂਰੀ 'ਤੇ ਹੁੰਦਾ ਹੈ। ਜ਼ਾਹਿਰਾ ਤੌਰ 'ਤੇ ਇਹੀ ਉਹ ਨਾਜ਼ੁਕ ਸਮਾਂ ਹੁੰਦਾ ਹੈ, ਜਦੋਂ ਇਸ ਗ੍ਰਹਿ ਵੱਲ ਰਾਕੇਟ ਲਾਂਚ ਕੀਤਾ ਜਾ ਸਕਦਾ ਹੈ ਅਤੇ ਇਸ ਤਰ੍ਹਾਂ ਦਾ ਅਗਲਾ ਸਮਾਂ ਜੁਲਾਈ 2020 'ਚ ਆ ਰਿਹਾ ਹੈ।

17 ਜੁਲਾਈ ਨੂੰ ਅਮਰੀਕਾ ਦਾ ਕਾਰ ਦੇ ਆਕਾਰ ਦਾ ਮਾਰਸ ਰੋਵਰ ਉਡਾਣ ਭਰੇਗਾ। ਇਸ ਤੋਂ ਅੱਠ ਦਿਨਾਂ ਬਾਅਦ ਰੂਸੀ-ਯੂਰਪੀਅਨ ਮਿਸ਼ਨ, ਜਿਸ ਦਾ ਨਾਂ ਅੰਗਰੇਜ਼ ਕੈਮਿਸਟ ਦੇ ਨਾਂਅ 'ਤੇ ਰੋਸਾਲਿੰਡ ਫ੍ਰੈਂਕਲਿਨ ਰੱਖਿਆ ਗਿਆ ਹੈ, ਉਡਾਣ ਭਰੇਗਾ। ਇਹ ਦੋਵੇਂ ਸ਼ਾਇਦ 2021 ਵਿੱਚ ਮੰਗਲ ਗ੍ਰਹਿ 'ਤੇ ਉਤਰਨਗੇ। ਇਹ ਉਥੇ ਪ੍ਰਯੋਗ ਕਰਨਗੇ ਅਤੇ ਜੀਵਨ ਦੀਆਂ ਸੰਭਾਵਨਾਵਾਂ ਦੇਖਣਗੇ। ਚੀਨ ਵੀ ਇਸੇ ਸਮੇਂ ਇੱਕ ਆਰਬਿਟਰ (ਭਾਵ ਅਜਿਹਾ ਸੈਟੇਲਾਈਟ, ਜੋ ਮੰਗਲ ਦੀ ਪਰਿਕਰਮਾ ਕਰੇ) ਅਤੇ ਇੱਕ ਰੋਵਰ, ਭਾਵ ਇੱਕ ਅਜਿਹਾ ਯੰਤਰ ਹੈ, ਜੋ ਉਥੇ ਉਤਰੇਗਾ, ਲਾਂਚਿੰਗ ਕਰੇਗਾ। ਇਸ ਸਮੇਂ ਛੇ ਆਰਬਿਟਰ ਹਨ, ਜਿਨ੍ਹਾਂ 'ਚੋਂ ਤਿੰਨ ਅਮਰੀਕਾ ਦੀ ਨਾਸਾ ਦੇ, ਦੋ ਯੂਰਪ ਦੇ ਅਤੇ ਇੱਕ ਭਾਰਤੀ ਆਰਬਿਟਰ ਹੈ। ਇਸ ਤੋਂ ਬਿਨਾ ਮੰਗਲ 'ਤੇ ਦੋ ਆਪ੍ਰੇਸ਼ਨਲ ਰੋਵਰ ਹਨ, ਜੋ ਨਾਸਾ ਤੋਂ ਹਨ। ਚੌਥਾ ਮਿਸ਼ਨ ਯੂ ਏ ਈ ਤੋਂ ਹੈ ਅਤੇ ਉਹ ਇਸ ਨੂੰ ਮੰਗਲ 'ਤੇ ਲਿਜਾਣ ਲਈ ਜਾਪਾਨੀ ਰਾਕੇਟ ਦੀ ਵਰਤੋਂ ਕਰੇਗਾ।

ਮੰਗਲ ਬਾਰੇ ਇਨਸਾਨ ਦੀ ਰੁਚੀ ਸਿਰਫ ਵਿਗਿਆਨਕ ਨਹੀਂ। ਮੌਜੂਦਾ ਸਮੇਂ ਕੁਝ ਅਜਿਹੇ ਲੋਕ ਹਨ, ਜੋ ਮੰਗਲ ਗ੍ਰਹਿ 'ਤੇ ਸਥਾਈ ਬਸਤੀ ਵਸਾਉਣਾ ਚਾਹੁੰਦੇ ਹਨ। ਇਸ ਦੇ ਪਿੱਛੇ ਤਰਕ ਇਹ ਹੈ ਕਿ ਚੌਗਿਰਦੇ ਦੇ ਮਾਮਲੇ ਵਿੱਚ ਮੰਗਲ ਧਰਤੀ ਨਾਲ ਕਾਫੀ ਮਿਲਦਾ ਹੈ। ਇਸ ਦਾ ਆਪਣਾ ਚੌਗਿਰਦਾ ਹੈ, ਜੋ ਲਗਭਗ ਪੂਰੀ ਤਰ੍ਹਾਂ ਕਾਰਬਨ ਡਾਈਆਕਸਾਈਡ ਨਾਲ ਬਣਿਆ ਹੈ। ਇਥੇ ਸਾਡੇ 24 ਘੰਟਿਆਂ ਦਾ ਦਿਨ ਹੁੰਦਾ ਹੈ, ਜੋ ਲਗਭਗ ਧਰਤੀ ਦੇ ਦਿਨ ਦੇ ਬਰਾਬਰ ਹੈ। ਇਹ ਧਰਤੀ ਤੋਂ ਲਗਭਗ ਅੱਧਾ ਹੈ ਅਤੇ ਇਸ ਦਾ ਗੁਰੂਤਾਕਰਸ਼ਣ ਵੀ ਧਰਤੀ ਦੇ ਗੁਰੂਤਾਕਰਸ਼ਣ ਤੋਂ ਲਗਭਗ ਅੱਧਾ ਹੈ, ਜੋ ਧਰਤੀ ਦੇ ਇਨਸਾਨਾਂ ਲਈ ਜਾਣੂ ਹੋਵੇਗਾ। ਧਰਤੀ 'ਤੇ 50 ਕਿਲੋ ਭਾਰ ਵਾਲੇ ਵਿਅਕਤੀ ਦਾ ਭਾਰ ਮੰਗਲ 'ਤੇ 20 ਕਿਲੋ ਤੋਂ ਘੱਟ ਰਹਿ ਜਾਵੇਗਾ। ਸੂਰਜੀ ਪ੍ਰਣਾਲੀ ਦੇ ਹੋਰ ਗ੍ਰਹਿ ਧਰਤੀ ਤੋਂ ਬਹੁਤ ਵੱਖਰੇ ਹਨ। ਉਹ ਸੂਰਜ ਤੋਂ ਕਾਫੀ ਦੂਰ ਹਨ ਅਤੇ ਇਸ ਲਈ ਕਾਫੀ ਠੰਢੇ ਹਨ। ਬ੍ਰਹਿਸਪਤੀ ਵਰਗੇ ਕੁਝ ਗ੍ਰਹਿ ਬਹੁਤ ਵੱਡੇ ਅਤੇ ਬਹੁਤ ਜ਼ਿਆਦਾ ਗੁਰੂਤਾਕਰਸ਼ਣ ਸ਼ਕਤੀ ਵਾਲੇ ਹਨ। ਕੁਝ ਗ੍ਰਹਿਆਂ ਦਾ ਜਲਵਾਯੂ ਜ਼ਹਿਰੀਲਾ ਹੈ। ਮੰਗਲ 'ਤੇ ਬਰਫ ਦੇ ਰੂਪ ਵਿੱਚ ਪਾਣੀ ਮੌਜੂਦ ਹੈ ਕਿਉਂਕਿ ਇਥੇ ਕਾਰਬਨ ਡਾਈਆਕਸਾਈਡ ਹੈ, ਇਸ ਲਈ ਉਥੇ ਹਾਸਲ ਸਮੱਗਰੀ ਨਾਲ ਹਾਈਡਰੋ ਕਾਰਬਨ, ਭਾਵ ਪਲਾ-ਸਟਿਕ ਬਣਾਉਣਾ ਸੰਭਵ ਹੈ। ਪੁਲਾੜ ਯਾਤਰਾ ਦੀ ਇੱਕ ਹੋਰ ਸਮੱਸਿਆ ਫਿਊਲ ਦੀ ਹੈ ਅਤੇ ਅਜਿਹੇ ਰਾਕੇਟ ਬਣਾਏ ਜਾ ਰਹੇ ਹਨ, ਜੋ ਮੀਥੇਨ ਅਤੇ ਤਰਲ ਆਕਸੀਜਨ ਤੋਂ ਊਰਜਾ ਪ੍ਰਾਪਤ ਕਰਨਗੇ, ਜੋ ਦੋਵੇਂ ਮੰਗਲ 'ਤੇ ਪੈਦਾ ਕੀਤੀਆਂ ਜਾ ਸਕਦੀਆਂ ਹਨ।

ਕੁਝ ਅਜਿਹੇ ਲੋਕ ਵੀ ਹਨ, ਜੋ ਅੱਜ ਮੰਗਲ ਨੂੰ ਵੱਸਣ ਯੋਗ ਬਣਾਉਣ ਦਾ ਯਤਨ ਕਰ ਰਹੇ ਹਨ। ਇਸ ਦਾ ਅਰਥ ਇਹ ਹੈ ਕਿ ਉਹ ਲੋਕ ਇਸ ਗ੍ਰਹਿ ਨੂੰ ਧਰਤੀ ਵਾਂਗ ਬਣਾਉਣ ਦਾ ਯਤਨ ਕਰ ਰਹੇ ਹਨ, ਜਿਸ ਦਾ ਜਲਵਾਯੂ ਸਾਡੀ ਧਰਤੀ ਵਾਂਗ ਹੋਵੇਗਾ ਅਤੇ ਜਿਸ ਦੀ ਧਰਾਤਲ 'ਤੇ ਹਰਿਆਲੀ ਹੋਵੇਗੀ। ਇਹ ਇੰਨਾ ਅਸੰਭਵ ਨਹੀਂ, ਜਿੰਨਾ ਲੱਗਦਾ ਹੈ ਅਤੇ ਬਹੁਤ ਸਾਰੇ ਲੋਕਾਂ ਦਾ ਕਹਿਣਾ ਹੈ ਕਿ ਇਹ ਜ਼ਿਆਦਾ ਮੁਸ਼ਕਲ ਗੱਲ, ਹਾਲਾਂਕਿ ਇਸ ਵਿੱਚ ਸਮਾਂ ਲੱਗੇਗਾ। ਪੇੜ-ਪੌਦਿਆਂ ਅਤੇ ਸਬਜ਼ੀਆਂ ਨੂੰ ਜ਼ਿਆਦਾਤਰ ਸੂਰਜ ਦੀ ਰੌਸ਼ਨੀ ਤੇ ਕਾਰਬਨ ਡਾਇਆਕਸਾਈਡ ਦੀ ਲੋੜ ਹੁੰਦੀ ਹੈ ਅਤੇ ਇਹ ਦੋਵੇਂ ਹੀ ਉਥੇ ਹਨ। ਤੀਸਰੀ ਜ਼ਰੂਰੀ ਚੀਜ਼ ਜ਼ਮੀਨ ਵਿੱਚ ਨਿਊਟ੍ਰੀਐਂਟਸ ਦਾ ਹੋਣਾ ਹੈ, ਜੋ ਆਸਾਨੀ ਨਾਲ ਪਾਏ ਜਾ ਸਕਦੇ ਹਨ। ਅਜਿਹਾ ਕਰਨ ਨਾਲ ਆਕਸੀਜਨ ਪੈਦਾ ਹੋਵੇਗੀ, ਜੋ ਮਨੁੱਖ ਲਈ ਜ਼ਰੂਰੀ ਹੈ। ਇਨ੍ਹਾਂ ਕਾਰਨਾਂ ਕਰ ਕੇ ਮੰਗਲ ਹਮੇਸ਼ਾ ਇਨਸਾਨ ਦੇ ਆਕਰਸ਼ਣ ਦਾ ਟੀਚਾ ਰਿਹਾ ਹੈ ਅਤੇ ਇਸੇ ਕਾਰਨ ਮੰਗਲ 'ਤੇ ਡੂੰਘੀ ਰੁਚੀ ਦਿਖਾਉਂਦੇ ਹੋਏ ਉਥੇ ਅਨੇਕ ਮਿਸ਼ਨ ਭੇਜੇ ਜਾਂਦੇ ਹਨ। ਨਾਸਾ ਅਤੇ ਇਸਰੋ ਦੇ ਉਲਟ ਸਪੇਸ ਐਕਸ ਇੱਕ ਪ੍ਰਾਈਵੇਟ ਕੰਪਨੀ ਹੈ, ਜੋ ਮੰਗਲ 'ਤੇ ਪਹੁੰਚਣ ਅਤੇ ਇਥੇ ਬਸਤੀ ਵਸਾਉਣ ਦੀ ਯੋਜਨਾ ਅਤੇ ਵੱਡੀਆਂ ਖਾਹਿਸ਼ਾਂ ਦੇ ਪੱਖ ਤੋਂ ਕਾਫੀ ਅੱਗੇ ਹੈ। ਇਹ ਕੰਪਨੀ ਸਿਰਫ 17 ਸਾਲ ਪੁਰਾਣੀ ਹੈ, ਪਰ ਇਸ ਦੇ ਬਾਵਜੂਦ ਉਪਗ੍ਰਹਿ ਲਾਂਚ ਕਰਨ ਵਿੱਚ ਇਹ ਦੁਨੀਆ ਭਰ ਵਿੱਚ ਸਭ ਤੋਂ ਅੱਗੇ ਹੈ।

ਮੌਜੂਦਾ ਸਮੇਂ ਵਿੱਚ ਇਹ ਮੀਥੇਨ ਤੇ ਤਰਲ ਆਕਸੀਜਨ ਨਾਲ ਚੱਲਣ ਵਾਲੇ ਇੰਜਣਾਂ ਦਾ ਪ੍ਰੀਖਣ ਕਰ ਰਹੀ ਹੈ ਅਤੇ ਸ਼ਾਇਦ ਅਗਲੇ ਸਾਲ ਤੱਕ ਇਹ ਇਨ੍ਹਾਂ ਦਾ ਪੂਰਾ ਡਿਜ਼ਾਈਨ ਤਿਆਰ ਕਰ ਲਵੇਗੀ। ਇਸ ਤੋਂ ਇਲਾਵਾ ਇਹ ਕੰਪਨੀ ਚੀਜ਼ਾਂ ਦੀ ਦੁਬਾਰਾ ਵਰਤੋਂ ਕਰਨ ਦੇ ਮਾਮਲੇ ਵਿੱਚ ਵੀ ਮੋਹਰੀ ਹੈ, ਭਾਵ ਰਾਕੇਟ ਦੇ ਉਹ ਹਿੱਸੇ, ਜਿਨ੍ਹਾਂ 'ਚ ਈਂਧਣ ਹੁੰਦਾ ਹੈ ਅਤੇ ਜੋ ਇਸ ਨੂੰ ਪੰਧ 'ਚ ਲੈ ਜਾਂਦੇ ਹਨ ਅਤੇ ਜਿਨ੍ਹਾਂ ਨੂੰ ਆਮ ਤੌਰ 'ਤੇ ਛੱਡ ਦਿੱਤਾ ਜਾਂਦਾ ਹੈ। ਸਪੇਸ ਐਕਸ ਦੁਨੀਆ ਦਾ ਇੱਕੋ ਇੱਕ ਅਜਿਹਾ ਸੰਗਠਨ ਹੈ, ਜੋ ਇਨ੍ਹਾਂ ਨੂੰ ਸੁਰੱਖਿਅਤ ਵਾਪਸ ਲਾਂਚਿੰਗ ਪੈਡ 'ਤੇ ਉਤਾਰ ਸਕਦਾ ਹੈ (ਤੁਸੀਂ ਉਸ ਦੇ ਕੁਝ ਹੈਰਾਨੀ ਜਨਕ ਕੰਮ ਯੂ-ਟਿਊਬ 'ਤੇ ਦੇਖ ਸਕਦੇ ਹੋ)। ਉਨ੍ਹਾਂ ਨੇ ਦੁਨੀਆ ਵਿੱਚ ਸਭ ਤੋਂ ਵੱਧ ਸਮਰੱਥਾ ਵਾਲੇ ਰਾਕੇਟ ਵਿਕਸਿਤ ਕਰ ਲਏ ਹਨ। ਉਨ੍ਹਾਂ ਦੀ ਰਣਨੀਤੀ ਮੰਗਲ 'ਤੇ ਜਹਾਜ਼ ਵਿੱਚ 100 ਟਨ ਭਾਰ ਲਿਜਾਣ ਦੀ ਹੈ। ਇਸ ਦਾ ਅਰਥ ਇਹ ਹੈ ਕਿ ਅਗਸਤ 2022 ਵਿੱਚ ਹੋਰ ਜ਼ਿਆਦਾ ਲਾਂਚ ਦੇਖਣ ਨੂੰ ਮਿਲਣਗੇ, ਜੋ ਜ਼ਿਆਦਾ ਮੁਸ਼ਕਲ ਅਤੇ ਵੱਡੇ ਹੋਣਗੇ ਅਤੇ ਜਿਨ੍ਹਾਂ ਦਾ ਮਕਸਦ ਇਨਸਾਨ ਨੂੰ ਮੰਗਲ 'ਤੇ ਭੇਜਣਾ ਹੋਵੇਗਾ।

ਬੇਸ਼ੱਕ ਇਹ ਸਵਾਲ ਸਾਹਮਣੇ ਆਉਂਦਾ ਹੈ ਕਿ ਮੰਗਲ 'ਤੇ ਕਿਸ ਦਾ ਅਧਿਕਾਰ ਹੈ, ਦੇਸ਼ਾਂ ਦਾ ਜਾਂ ਕੰਪਨੀਆਂ ਦਾ ਜਾਂ ਸਾਡੇ ਸਾਰਿਆਂ ਦਾ? ਸਮੇਂ ਸਿਰ ਇਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਦੇਣਾ ਹੋਵੇਗਾ ਕਿਉਂਕਿ ਇਸ ਖੇਤਰ 'ਚ ਹੋ ਰਹੀ ਤਰੱਕੀ ਰੁਕਣ ਵਾਲੀ ਨਹੀਂ ਹੈ। ਇਹ ਸਭ ਕਾਫੀ ਉਤਸ਼ਾਹ ਜਨਕ ਹੈ। ਇਹ ਧਰਤੀ ਨੂੰ ਵੀ ਕਾਫੀ ਹੱਦ ਤੱਕ ਬਦਲ ਦੇਵੇਗਾ। ਇਹ ਦੇਖਣਾ ਦਿਲਚ-ਸਪ ਹੋਵੇਗਾ ਕਿ ਕੋਈ ਵਿਅਕਤੀ ਜਦੋਂ ਮੰਗਲ 'ਤੇ ਜਾਵੇਗਾ ਅਤੇ ਉਥੋਂ ਧਰਤੀ ਨੂੰ ਦੇਖੇਗਾ ਤਾਂ ਉਸ ਨੂੰ ਇਹ ਇੱਕ ਛੋਟੇ ਨੀਲੇ ਬਿੰਦੂ ਵਾਂਗ ਦਿਖਾਈ ਦੇਵੇਗੀ। ਉਦੋਂ ਇਹ ਵੱਖ-ਵੱਖ ਦੇਸ਼ਾਂ ਅਤੇ ਧਰਮਾਂ ਬਾਰੇ ਕਿਸ ਕਿਸਮ ਦੀ ਸੋਚ ਰੱਖੇਗਾ। ਪਿਛਲੇ ਸਾਲ ਜਦੋਂ ਸਪੇਸ ਐਕਸ ਨੇ ਇੱਕ ਵਿਸ਼ਾਲ ਰਾਕੇਟ ਲਾਂਚ ਕੀਤਾ ਸੀ ਤਾਂ ਇਸ ਰਾਹੀਂ ਇੱਕ ਇਲੈਕਟ੍ਰਿਕ ਕਾਰ ਮੰਗਲ ਦੇ ਪੰਧ 'ਚ ਭੇਜੀ ਗਈ ਸੀ। ਸ਼ਾਇਦ ਹਜ਼ਾਰਾਂ ਸਾਲ ਬਾਅਦ ਏਲੀਅਨਜ਼ ਨਸਲਾਂ ਨੂੰ ਇਹ ਕਾਰ ਮਿਲੇਗੀ। ਇਸ ਕਾਰ 'ਤੇ ਇੱਕ ਸੰਦੇਸ਼ ਲਿਖਿਆ ਹੈ, "ਧਰਤੀ 'ਤੇ ਮਨੁੱਖ ਰਾਹੀਂ ਬਣਾਈ ਗਈ।"

# ਰਾਮ ਮੰਦਰ ਵਾਲੇ ਫੈਸਲੇ ਦਾ ਦਾਰੋਮਦਾਰ ਆਖਰ ਸੁਪਰੀਮ ਕੋਰਟ ਉੱਤੇ ਆ ਗਿਆ

-ਵਿਜੇ ਵਿਦਰੋਹੀ-

ਜਿਵੇਂ ਖਦਸ਼ਾ ਸੀ, ਉਹੀ ਹੋਇਆ। ਰਾਮ ਮੰਦਰ 'ਤੇ ਵਿਚੋਲਗੀ ਦਾ ਕੋਈ ਨਤੀਜਾ ਨਹੀਂ ਨਿਕਲ ਸਕਿਆ। ਅੱਗੋਂ ਸੁਪਰੀਮ ਕੋਰਟ 'ਚ ਛੇ ਅਗਸਤ ਤੋਂ ਨਿਯਮਿਤ ਸੁਣਵਾਈ ਸ਼ੁਰੂ ਹੋ ਗਈ ਹੈ। ਕੁੱਲ ਮਿਲਾ ਕੇ ਰਾਮ ਮੰਦਰ 'ਤੇ ਅਦਾਲਤ ਨੂੰ ਹੀ ਫੈਸਲਾ ਲੈਣਾ ਪਵੇਗਾ। ਅੱਗੇ ਗੱਲ ਕਰਨ ਤੋਂ ਪਹਿਲਾਂ ਇਕ ਕਿੱਸਾ ਸੁਣਦੇ ਹਾਂ। ਇਕ ਵਾਰ ਇਕ ਬੱਚਾ ਚਾਕਲੇਟ ਖਾਣ ਦੀ ਜ਼ਿਦ ਕਰਦਾ ਸੀ। ਉਸ ਦੇ ਪਾਪਾ ਨੇ ਸਾਫ ਕਹਿ ਦਿੱਤਾ ਕਿ ਚਾਕਲੇਟ ਉਸ ਨੂੰ ਨਹੀਂ ਮਿਲੇਗੀ। ਬੱਚਾ ਚੀਕਣ ਲੱਗਾ, ਪਰ ਉਸ ਦੇ ਪਾਪਾ ਫਿਰ ਵੀ ਟੱਸ ਤੋਂ ਮੱਸ ਨਹੀਂ ਹੋਏ। ਬੱਚੇ ਨੂੰ ਲੱਗਾ ਕਿ ਹੋਰ ਜ਼ੋਰ ਨਾਲ ਚੀਕਾਂਗਾ ਤਾਂ ਸ਼ਾਇਦ ਚਾਕਲੇਟ ਮਿਲ ਸਕੇ। ਪਾਪਾ ਇਸ ਰੋਣ ਧੋਣ ਤੋਂ ਇੰਨਾ ਤੰਗ ਆਏ ਕਿ ਉਨ੍ਹਾਂ ਨੇ ਬੱਚੇ ਨੂੰ ਚੁੱਕ ਕੇ ਅਲਮਾਰੀ ਉਪਰ ਬਿਠਾ ਦਿੱਤਾ। ਬੱਚੇ ਨੇ ਚਾਕਲੇਟ ਦੀ ਜ਼ਿੱਦ ਛੱਡ ਦਿੱਤੀ ਅਤੇ ਅਲਮਾਰੀ ਤੋਂ ਹੇਠਾਂ ਉਤਾਰ ਦੇਣ ਲਈ ਕਹਿਣ ਲੱਗ ਪਿਆ।

ਅਜਿਹਾ ਹੀ ਕੁਝ ਮਹੀਨੇ ਪਹਿਲਾਂ ਸੁਪਰੀਮ ਕੋਰਟ ਵਿੱਚ ਹੋਇਆ ਸੀ। ਭਾਜਪਾ ਤੋਂ ਲੈ ਕੇ ਸੰਤ ਸਮਾਜ ਅਤੇ ਸੰਘ, ਭਾਵ ਰਾਸ਼ਟਰੀ ਸਵੈਮ ਸੇਵਕ ਸੰਘ ਅਦਾਲਤ ਨੂੰ ਇਹੋ ਪ੍ਰਾਰਥਨਾ ਕਰ ਰਹੇ ਸਨ ਕਿ ਰਾਮ ਮੰਦਰ 'ਤੇ ਸੁਣਵਾਈ ਤੇਜ਼ੀ ਨਾਲ ਹੋਵੇ ਅਤੇ ਫੈਸਲਾ ਜਲਦੀ ਆਵੇ, ਪਰ ਕੋਰਟ ਨੇ ਵਿਚੋਲਗੀ ਲਈ ਦੋ ਮਹੀਨੇ ਦਿੱਤੇ ਤੇ ਕੋਰਟ ਨੇ ਤਿੰਨ ਵੱਡੀਆਂ ਹਸਤੀਆਂ ਦਾ ਪੈਨਲ ਤਿਆਰ ਕਰ ਦਿੱਤਾ। ਸ੍ਰੀਰਾਮ (ਪੰਚੂ), ਸ਼ੰਕਰ (ਰਵੀ ਸ਼ੰਕਰ) ਅਤੇ ਮੁਹੰਮਦ (ਜਸਟਿਸ ਮੁਹੰਮਦ ਕਲੀਫੁੱਲਾ), ਪਰ ਪਰਮੇਸ਼ਵਰ ਰਾਮ ਲਈ ਵਿਚਲਾ ਰਸਤਾ ਕੱਢਣ ਦੀ ਜ਼ਿੰਮੇਵਾਰੀ ਸੌਂਪੀ ਗਈ। ਸ੍ਰੀਰਾਮ ਪੰਚੂ, ਸ੍ਰੀ ਸ੍ਰੀ ਰਵੀਸ਼ੰਕਰ ਅਤੇ ਜਸਟਿਸ ਮੁਹੰਮਦ ਇਬਰਾਹੀਮ ਕਲੀਫੁੱਲਾ ਨੂੰ ਇਕ ਮਹੀਨੇ ਦਾ ਸਮਾਂ ਦਿੱਤਾ ਗਿਆ। ਉਦੋਂ ਇਹ ਸਵਾਲ ਉਠਾਇਆ ਗਿਆ ਸੀ ਕਿ ਜੋ ਵਿਵਾਦ ਦਹਾਕਿਆਂ ਤੋਂ ਚੱਲ ਰਿਹਾ ਹੈ, ਉਸ ਨੂੰ ਕੀ ਕੁਝ ਦਿਨਾਂ 'ਚ ਸੁਲਝਾਇਆ ਜਾ ਸਕਦਾ ਹੈ? ਉਹ ਵੀ ਉਦੋਂ ਜਦੋਂ ਤਿੰਨ ਧਿਰਾਂ 'ਚੋਂ ਇਕ ਰਾਮਲੱਲਾ ਬਿਰਾਜਮਾਨ ਅਦਾਲਤ ਦੀ ਇਸ ਪਹਿਲ ਦਾ ਵਿਰੋਧ ਕਰ ਰਿਹਾ ਹੈ ਅਤੇ ਉਹ ਵੀ ਉਦੋਂ, ਜਦੋਂ ਮੁਸਲਿਮ ਪੱਖ ਨੂੰ ਸ੍ਰੀ ਸ੍ਰੀ ਰਵੀਸ਼ੰਕਰ ਦੀ ਨਿਰਪੱਖਤਾ 'ਤੇ ਸ਼ੱਕ ਹੈ।

ਇਸ ਉੱਤੇ ਗੱਲ ਕਰਾਂਗੇ ਅੱਗੇ, ਪਹਿਲਾਂ ਤੁਹਾਨੂੰ ਦੱਸ ਦੇਈਏ ਕਿ ਆਪਸੀ ਸਹਿਮਤੀ ਨਾਲ ਰਾਮ ਮੰਦਰ ਦਾ ਹੱਲ ਕੱਢਣ ਦੀ ਇਹ ਪਹਿਲੀ ਕੋਸ਼ਿਸ਼ ਨਹੀਂ ਸੀ। 2010 ਵਿੱਚ ਜਦੋਂ ਇਲਾਹਾਬਾਦ ਹਾਈ ਕੋਰਟ ਦੇ ਲਖਨਊ ਬੈਂਚ ਨੇ ਫੈਸਲਾ ਸੁਣਾਇਆ ਸੀ ਤਾਂ ਉਸ ਤੋਂ ਪਹਿਲਾਂ ਅਦਾਲਤ ਦੇ ਬਾਹਰ ਆਪਸੀ ਸਹਿਮਤੀ ਦੀ ਗੱਲ ਕੀਤੀ ਸੀ, ਪਰ ਉਦੋਂ ਸਾਰੇ ਪੱਖਾਂ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ। ਸਭ ਤੋਂ ਗੰਭੀਰ ਕੋਸ਼ਿਸ਼ ਚੰਦਰਸ਼ੇਖਰ ਦੇ ਸਮੇਂ ਹੋਈ ਸੀ, ਜਦੋਂ ਉਹ ਦੇਸ਼ ਦੇ ਪ੍ਰਧਾਨ ਮੰਤਰੀ ਸਨ। 1990-91 ਵਿੱਚ ਚੰਦਰਸ਼ੇਖਰ ਜੀ ਨੇ ਉਸ ਵੇਲੇ ਦੇ ਰਾਜਸਥਾਨ ਦੇ ਮੁੱਖ ਮੰਤਰੀ ਭੈਰੋਂ ਸਿੰਘ ਸ਼ੇਖਾਵਤ, ਮਹਾਰਾਸ਼ਟਰ ਦੇ ਮੁੱਖ ਮੰਤਰੀ ਸ਼ਰਦ ਪਵਾਰ ਅਤੇ ਯੂ ਪੀ ਦੇ ਮੁੱਖ ਮੰਤਰੀ ਮੁਲਾਇਮ ਸਿੰਘ ਯਾਦਵ ਨੂੰ ਵਿਵਾਦ ਸੁਲਝਾਉਣ ਦੀ ਜ਼ਿੰਮੇਵਾਰੀ ਦਿੱਤੀ ਸੀ। ਤਿੰਨਾਂ ਨੇ ਹਿੰਦੂ ਅਤੇ ਮੁਸਲਿਮ ਸੰਗਠਨਾਂ ਨਾਲ ਮੇਲ ਮੁਲਾਕਾਤ ਵੀ ਕੀਤੀ ਸੀ। 1992 ਵਿੱਚ ਅਯੁੱਧਿਆ ਵਿੱਚ ਵਿਵਾਦ ਵਾਲਾ ਢਾਂਚਾ ਡੇਗੇ ਜਾਣ ਵਾਲੇ ਦਿਨ ਜੈਪੁਰ ਵਿੱਚ ਮੇਰੀ ਮੁੱਖ ਮੰਤਰੀ ਭੈਰੋਂ ਸਿੰਘ ਸ਼ੇਖਾਵਤ ਨਾਲ ਮੁਲਾਕਾਤ ਹੋਈ ਸੀ। ਉਦੋਂ ਉਨ੍ਹਾਂ ਦੱਸਿਆ ਸੀ ਕਿ ਕਿਵੇਂ ਉਸ ਸਮੇਂ ਵਿਵਾਦ ਕਰੀਬ-ਕਰੀਬ ਸੁਲਝ ਗਿਆ ਸੀ। ਸ਼ੇਖਾਵਤ ਦਾ ਕਹਿਣਾ ਸੀ ਕਿ ਉਸ ਸਮੇਂ ਜੇ ਆਪਣੇ ਲੋਕ ਹੀ ਗੱਲਬਾਤ ਤੋਂ ਨਾ ਮੁੱਕਰਦੇ ਅਤੇ ਵੱਡਾ ਦਿਲ ਦਿਖਾਉਂਦੇ ਤਾਂ ਗੱਲ ਬਣ ਸਕਦੀ ਸੀ। ਉਨ੍ਹਾਂ ਨੇ ਇਸ ਤੋਂ ਜ਼ਿਆਦਾ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ ਸੀ। ਅਗਲੀ ਗੱਲ ਕਿ 1992 ਵਿੱਚ ਵਿਵਾਦ ਵਾਲਾ ਢਾਂਚਾ ਡੇਗਣ ਤੋਂ ਬਾਅਦ ਉਸ ਸਮੇਂ ਦੇ ਪ੍ਰਧਾਨ ਮੰਤਰੀ ਨਰਸਿਮ੍ਹਾ ਰਾਓ ਨੇ 67 ਏਕੜ ਜ਼ਮੀਨ ਅਕੁਆਇਰ ਕੀਤੀ। ਉਦੋਂ ਵੀ ਉਥੇ ਮੰਦਰ, ਮਸਜਿਦ, ਲਾਇਬ੍ਰੇਰੀ, ਪਾਰਕ ਬਣਾਉਣ ਬਾਰੇ ਗੱਲ ਹੋਈ ਸੀ, ਪਰ ਅੱਗੇ ਕੁਝ ਨਹੀਂ ਹੋਇਆ। ਅਟਲ ਬਿਹਾਰੀ ਵਾਜਪਾਈ ਨੇ ਪ੍ਰਧਾਨ ਮੰਤਰੀ ਹੁੰਦਿਆਂ ਅਯੁੱਧਿਆ ਸੈਲ ਬਣਾਇਆ, ਪਰ ਗੱਲ ਬਣੀ ਨਹੀਂ। ਦੋ ਸਾਲ ਪਹਿਲਾਂ ਚੀਫ ਜਸਟਿਸ ਜੇ ਐੱਸ ਖੇਹਰ ਨੇ ਅਜਿਹੀ ਹੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਨੇ ਭਰੀ ਅਦਾਲਤ ਵਿੱਚ ਕਿਹਾ ਸੀ ਕਿ ਉਹ ਖੁਦ ਵਿਚੋਲੇ ਬਣਨ ਲਈ ਤਿਆਰ ਸਨ, ਪਰ ਤਿੰਨੋਂ ਧਿਰਾਂ ਨਾਂਹ ਨੁੱਕਰ ਕਰਦੀਆਂ ਰਹੀਆਂ। ਇਹ ਇਤਿਹਾਸ ਹੈ, ਜਿਸ ਨੂੰ ਅਸੀਂ ਬਦਲ ਨਹੀਂ ਸਕਦੇ।

ਅਸੀਂ ਵਰਤਮਾਨ ਦੀ ਗੱਲ ਕਰਦੇ ਹਾਂ। ਦੇਖਿਆ ਜਾਵੇ ਤਾਂ ਦੁਨੀਆ ਭਰ 'ਚ ਸਹਿਮਤੀ ਨਾਲ ਵਿਵਾਦ ਸੁਲਝਾਉਣ ਦਾ ਸਕਸੈਸ ਰੇਟ 85 ਫੀਸਦੀ ਰਿਹਾ ਹੈ। ਸਭ ਤੋਂ ਵੱਡੀ ਮਿਸਾਲ ਭਾਰਤ ਅਤੇ ਪਾਕਿਸਤਾਨ ਵਿਚਾਲੇ 1960 ਵਿੱਚ ਹੋਈ ਸਿੰਧੂ ਜਲ ਸੰਧੀ ਹੈ। ਭਾਰਤ ਤੋਂ ਵਹਿੰਦੀਆਂ ਛੇ ਨਦੀਆਂ ਦੇ ਪਾਣੀ ਦੀ ਵੰਡ ਹੋਈ ਸੀ। ਵਿਸ਼ਵ ਬੈਂਕ ਇਸ ਵਿੱਚ ਵਿਚੋਲਾ ਬਣਿਆ ਸੀ। ਇਸਰਾਈਲ ਅਤੇ ਮਿਸਰ ਵਿਚਾਲੇ ਵੀ 1988 ਵਿੱਚ ਬਾਰਡਰ ਨਾਲ ਜੁੜਿਆ ਵਿਵਾਦ ਸੁਲਝਾਇਆ ਗਿਆ ਸੀ। ਕੌਮਾਂਤਰੀ ਵਿਚੋਲਗੀ ਵਾਲੇ ਇਕ ਪੈਨਲ ਨੇ ਮਾਮਲਾ ਸੁਲਝਾਇਆ ਸੀ। ਕੀ ਅਸੀਂ ਮੰਨ ਕੇ ਚੱਲੀਏ ਕਿ ਜਦੋਂ ਭਾਰਤ ਪਾਕਿ ਵਿਚਾਲੇ ਨਦੀਆਂ ਦੇ ਪਾਣੀ ਦੀ ਵੰਡ ਆਪਸੀ ਸਹਿਮਤੀ ਨਾਲ ਹੋ ਸਕਦੀ ਹੈ ਤਾਂ ਭਾਰਤ ਦੇ ਅੰਦਰ ਹੀ ਆਸਥਾ ਅਤੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜੇ ਮਾਮਲੇ 'ਚ ਅਜਿਹਾ ਕਿਉਂ ਨਹੀਂ ਹੋ ਸਕਦਾ? ਆਸਥਾ ਅਤੇ ਭਾਵਨਾਵਾਂ ਦੀ ਗੱਲ ਅਸੀਂ ਇਸ ਲਈ ਕਹਿ ਰਹੇ ਹਾਂ ਕਿਉਂਕਿ ਅਜਿਹਾ ਸੁਪਰੀਮ ਕੋਰਟ ਨੇ ਕਿਹਾ ਹੈ।

ਤੁਹਾਨੂੰ ਯਾਦ ਹੋਵੇਗਾ ਕਿ ਜਦੋਂ ਜਸਟਿਸ ਮਿਸ਼ਰਾ ਦੇ ਸਮੇਂ ਰਾਮ ਮੰਦਰ ਮਸਲੇ 'ਤੇ ਸੁਣਵਾਈ ਹੋਣੀ ਸੀ ਤਾਂ ਕਿਹਾ ਗਿਆ ਸੀ ਕਿ ਅਦਾਲਤ ਦੇਖੇਗੀ ਕਿ ਉਸ ਜ਼ਮੀਨ 'ਤੇ ਮਾਲਕੀ ਹੱਕ ਕਿਸ ਦਾ ਹੈ? ਉਦੋਂ ਅਦਾਲਤ ਨੇ ਸਾਫ ਕਹਿ ਦਿੱਤਾ ਕਿ ਆਸਥਾ ਤੇ ਭਾਵਨਾਵਾਂ ਦੇ ਪੱਖ ਨਾਲ ਇਸ ਕੇਸ ਨੂੰ ਨਹੀਂ ਦੇਖਿਆ ਜਾਵੇਗਾ ਪਰ ਇਸੇ ਅਦਾਲਤ ਵਿੱਚ ਜਦੋਂ ਵਿਚੋਲਗੀ ਦੀ ਗੱਲ ਆਉਂਦੀ ਹੈ ਤਾਂ ਇਹੀ ਅਦਾਲਤ ਇਸ ਨੂੰ ਆਸਥਾ ਅਤੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨਾਲ ਜੁੜਿਆ ਵੀ ਦੱਸ ਦਿੰਦੀ ਹੈ। ਹੋ ਸਕਦਾ ਹੈ ਕਿ ਅਦਾਲਤ ਨੇ ਵਿਚੋਲਗੀ ਨੂੰ ਇਕ ਮੌਕਾ ਦੇਣ ਲਈ ਅਜਿਹਾ ਕਿਹਾ ਹੋਵੇ ਕਿਉਂਕਿ ਆਖਰ ਵਿੱਚ ਤਾਂ ਮਾਲਕਾਨਾ ਹੱਕ ਹੀ ਤੈਅ ਹੋਣਾ ਹੈ। ਇਸ 'ਤੇ ਬਹੁਤ ਪਹਿਲਾਂ ਅਟਲ ਬਿਹਾਰੀ ਵਾਜਪਾਈ ਨੇ ਕਿਹਾ ਸੀ ਕਿ ਕੋਈ ਵੀ ਅਦਾਲਤ ਇਸ ਮਸਲੇ 'ਤੇ ਸਪੱਸ਼ਟ ਫੈਸਲਾ ਨਹੀਂ ਸੁਣਾ ਸਕਦੀ ਅਤੇ ਜੇ ਅਜਿਹਾ ਹੋਇਆ ਵੀ ਤਾਂ ਉਸ 'ਤੇ ਅਮਲ ਕਰ ਸਕਣਾ ਕਿਸੇ ਵੀ ਸਰਕਾਰ ਲਈ ਮੁਸ਼ਕਿਲ ਹੋਵੇਗਾ। ਅੱਜ ਲੋਕ ਸੋਚ ਰਹੇ ਹੋਣਗੇ ਕਿ ਵਿਚੋਲਗੀ ਵਿੱਚ ਹੁੰਦਾ ਕੀ ਹੈ।

ਕੁੱਲ ਮਿਲਾ ਕੇ ਜਦੋਂ ਆਪਸੀ ਸਹਿਮਤੀ ਨਾਲ ਕੋਈ ਵਿਵਾਦ ਸੁਲਝਦਾ ਹੈ ਤਾਂ ਉਸ 'ਚ ਵਿਚਲਾ ਰਾਹ ਹੀ ਕੱਢਿਆ ਜਾ ਸਕਦਾ ਹੈ। ਕੁਝ ਇਕ ਪੱਖ ਝੁਕੇ ਅਤੇ ਕੁਝ ਦੂਜਾ ਪੱਖ ਝੁਕੇ ਅਤੇ ਵਿਚਾਲੇ ਦਾ ਰਾਹ ਨਿਕਲ ਜਾਵੇ। ਵਿਚੋਲਗੀ ਕਰਨ ਵਾਲਿਆਂ ਵਿਚਾਲੇ ਇਹੀ ਮੁੱਖ ਮੁੱਦਾ ਹੋਵੇਗਾ। ਇਥੇ ਰਾਮ ਮੰਦਰ 'ਤੇ ਵਿਚਲਾ ਰਾਹ ਕੀ ਹੋ ਸਕਦਾ ਹੈ। ਇਕ ਗੱਲ ਸਪੱਸ਼ਟ ਹੈ ਕਿ ਰਾਮ ਮੰਦਰ ਦਾ ਗਰਭ ਗ੍ਰਹਿ ਉਥੇ ਹੀ ਬਣਨਾ ਹੈ, ਜਿਥੇ ਵਿਵਾਦ ਵਾਲਾ ਢਾਂਚਾ ਸੀ। ਜੇ ਇਸ ਗੱਲ 'ਤੇ ਸਹਿਮਤੀ ਹੁੰਦੀ ਹੈ ਤਾਂ ਅੱਗੇ ਦੇਖਣਾ ਹੋਵ-ੇਗਾ। ਸਵਾਲ ਉਠਦਾ ਹੈ ਕਿ ਕੀ ਮੁਸਲਿਮ ਪੱਖ ਇਸ ਲਈ ਰਾਜ਼ੀ ਹੋ ਜਾਵੇਗਾ ਅਤੇ ਆਪਣਾ ਦਾਅਵਾ ਛੱਡ ਦੇਵੇਗਾ। ਇਸ 'ਤੇ ਜੇ ਕੋਈ ਸਹਿਮਤੀ ਬਣ ਗਈ ਤਾਂ ਅੱਗੇ ਸਵਾਲ ਉਠੇਗਾ ਕਿ ਮਸਜਿਦ ਕਿੱਥੇ ਬਣੇਗੀ? ਇਕ ਹੀ ਕੰਪਲੈਕਸ 'ਚ ਆਸੇ ਪਾਸੇ ਬਣੇਗੀ, ਕੰਪਲੈਕਸ ਦੇ ਬਾਹਰ ਕਿਸੇ ਹੋਰ ਜਗ੍ਹਾ ਨਹੀਂ ਬਣੇਗੀ, ਸਰਯੂ ਨਦੀ ਦੇ ਪਾਰ ਬਣੇਗੀ ਜਾਂ ਕਿਤੇ ਨਹੀਂ ਬਣੇਗੀ। ਵਿਚੋਲਗੀ ਦਾ ਨਤੀਜਾ ਕਿਉਂ ਨਾ ਨਿਕਲਿਆ, ਇਸ 'ਤੇ ਦਾਅਵੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ, ਪਰ ਕਿਆਸ ਇਹੀ ਲਾਏ ਜਾ ਸਕਦੇ ਹਨ ਕਿ ਅਜਿਹਾ ਹੀ ਕੁਝ ਹੋਇਆ ਹੋਵੇਗਾ।

ਵਿਚੋਲਗੀ ਇਸ ਲਈ ਵੀ ਫੇਲ ਹੋਈ ਕਿ ਇਕ, ਵਿਚੋਲਗੀ ਉਨ੍ਹਾਂ ਧਿਰਾਂ ਵਿਚਾਲੇ ਹੋ ਰਹੀ ਸੀ, ਜੋ ਪਹਿਲਾਂ ਇਸ ਦਾ ਵਿਰੋਧ ਕਰਦੀਆਂ ਰਹੀਆਂ ਹਨ। ਇਥੋਂ ਤੱਕ ਕਿ ਅਜੇ ਵੀ ਤਿੰਨ ਧਿਰਾਂ 'ਚੋਂ ਦੋ ਨਾਲ ਹਨ। ਨਿਰਮੋਹੀ ਅਖਾੜਾ ਤੇ ਸੁੰਨੀ ਵਕਤ ਬੋਰਡ, ਰਾਮਲੱਲਾ ਬਿਰਾਜਮਾਨ ਇਸ ਤੋਂ ਦੂਰ ਰਿਹਾ। ਦੋ, ਇਕ ਵਿਚੋਲੇ ਸ੍ਰੀ ਸ੍ਰੀ ਰਵੀਸ਼ੰਕਰ ਦੇ ਵਿਚਾਰ ਪਹਿਲਾਂ ਤੋਂ ਸਪੱਸ਼ਟ ਸਨ। ਉਹ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਸਨ ਕਿ ਮੁਸਲਮਾਨਾਂ ਨੂੰ ਆਪਣਾ ਦਾਅਵਾ ਛੱਡ ਦੇਣਾ ਚਾਹੀਦਾ ਤੇ ਵੱਡਾ ਦਿਲ ਦਿਖਾਉਣਾ ਚਾਹੀਦਾ ਹੈ। ਮੀਡੀਆ ਵਿੱਚ ਇਥੋਂ ਤੱਕ ਆਇਆ ਸੀ ਕਿ ਸ੍ਰੀ ਸ੍ਰੀ ਰਵੀਸ਼ੰਕਰ ਨੇ ਕਿਹਾ ਸੀ ਕਿ ਜੋ ਧਿਰ ਹਾਰੇਗੀ, ਉਹ ਇਸ ਨੂੰ ਮੰਨੇਗੀ ਨਹੀਂ ਤੇ ਭੜਕਾਊ ਵਿਚਾਰਾਂ ਵਾਲੀ ਹੋ ਜਾਵੇਗੀ। ਤਿੰਨ, ਅਦਾਲਤ ਉਂਝ ਹੀ ਸਪੱਸ਼ਟ ਕਰ ਚੁੱਕੀ ਸੀ ਕਿ ਵਿਚੋਲਗੀ ਨਾਲ ਜੋ ਹੱਲ ਨਿਕਲੇਗਾ, ਉਸ ਨੂੰ ਜ਼ਰੂਰੀ ਨਹੀਂ ਕਿ ਕਾਨੂੰਨੀ ਜਾਮਾ ਪਹਿਨਾਇਆ ਜਾਵੇ। ਸਵਾਲ ਉਠਦਾ ਹੈ ਕਿ ਜੋ ਵਿਚਲਾ ਰਾਹ ਨਿਕਲੇਗਾ, ਜੇ ਉਸ ਨੂੰ ਰਾਮਲੱਲਾ ਬਿਰਾਜਮਾਨ ਮੰਨਣ ਤੋਂ ਇਨਕਾਰ ਕਰ ਦਿੰਦਾ ਹੈ ਤਾਂ ਫਿਰ ਕੀ ਹੋਵੇਗਾ? ਚਾਰ, ਇਕ ਮਹੀਨੇ ਦਾ ਸਮਾਂ ਸੁਪਰੀਮ ਕੋਰਟ ਨੇ ਦਿੱਤਾ ਹੈ। ਇਹ ਬੜਾ ਘੱਟ ਸੀ। ਦਹਾਕਿਆਂ ਤੋਂ ਚੱਲ ਰਿਹਾ ਮਾਮਲਾ ਦਿਨਾਂ 'ਚ ਸੁਲਝਾਇਆ ਨਹੀਂ ਜਾ ਸਕਦਾ। ਪੰਜ, ਕੁਝ ਲੋਕ ਇਸ ਸੁਝਾਅ ਨਾਲ ਸਹਿਮਤ ਨਹੀਂ ਸਨ। ਹਿੰਦੂ ਮਹਾਸਭਾ ਸਾਫ-ਸਾਫ ਇਨਕਾਰ ਕਰ ਚੁੱਕੀ ਸੀ, ਇਥੋਂ ਤੱਕ ਕਿ ਰਾਸ਼ਟਰੀ ਸਵੈਮ ਸੇਵਕ ਸੰਘ, ਭਾਵ ਸੰਘ ਵੀ ਸੁਪਰੀਮ ਕੋਰਟ ਨਾਲ ਸਹਿਮਤ ਨਹੀਂ। ਉਸ ਨੂੰ ਲੱਗਦਾ ਸੀ ਕਿ ਅਦਾਲਤ ਪਹਿਲ ਦੇ ਆਧਾਰ ਉਤੇ ਕੇਸ ਦੀ ਸੁਣਵਾਈ ਨਹੀਂ ਕਰ ਰਹੀ। ਸੰਘ ਦਾ ਕਹਿਣਾ ਸੀ ਕਿ ਹਿੰਦੂਆਂ ਨੂੰ ਦੇਸ਼ 'ਚ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਸੰਘ ਦਾ ਕਹਿਣਾ ਹੈ ਕਿ ਉਸ ਦਾ ਅਦਾਲਤ 'ਚ ਪੂਰਾ ਵਿਸ਼ਵਾਸ ਹੈ ਤਾਂ ਦੂਜੇ ਪਾਸੇ ਉਸ ਦਾ ਕਹਿਣਾ ਹੈ ਕਿ ਰਸਤੇ ਦੇ ਸਾਰੇ ਰੋੜੇ ਹਟਣੇ ਚਾਹੀਦੇ ਹਨ ਅਤੇ ਵਿਸ਼ਾਲ ਰਾਮ ਮੰਦਰ ਦਾ ਨਿਰਮਾਣ ਉਸੇ ਜ਼ਮੀਨ ਉਤੇ ਸ਼ੁਰੂ ਹੋਣਾ ਚਾਹੀਦਾ ਹੈ। ਸੰਘ ਦੀਆਂ ਗੱਲਾਂ ਦਾ ਕੀ ਮਤਲਬ ਕੱਢਿਆ ਜਾਵੇ, ਇਹੀ ਕਿ ਅਦਾਲਤ ਨੇ ਰਾਮ ਮੰਦਰ ਦੇ ਪੱਖ 'ਚ ਫੈਸਲਾ ਦਿੱਤਾ ਤਾਂ ਠੀਕ, ਨਹੀਂ ਦਿੱਤਾ ਤਾਂ ਉਸੇ ਜਗ੍ਹਾ ਰਾਮ ਮੰਦਰ ਦਾ ਕੰਮ ਸ਼ੁਰੂ ਕੀਤਾ ਜਾਵੇ। ਛੇ, ਵਿਚੋਲਗੀ ਨਾਲ ਹੱਲ ਕੱਢਣਾ ਇਸ ਲਈ ਵੀ ਮੁਸ਼ਕਿਲ ਸੀ ਕਿਉਂਕਿ ਮੁਸਲਮਾਨਾਂ ਨੂੰ ਲੱਗਾ ਹੋਵੇਗਾ ਕਿ ਜੇ ਆਸਥਾ ਅਤੇ ਭਾਵਨਾਵਾਂ ਦੇ ਆਧਾਰ 'ਤੇ ਅਦਾਲਤ ਤੋਂ ਬਾਹਰ ਅਜਿਹੇ ਫੈਸਲੇ ਹੁੰਦੇ ਰਹਿਣਗੇ ਤਾਂ ਅੱਗੇ ਚੱਲ ਕੇ ਹਿੰਦੂਵਾਦੀ ਸੰਗਠਨ ਮਥੁਰਾ ਅਤੇ ਕਾਸ਼ੀ ਦਾ ਮਾਮਲਾ ਉਠਾ ਸਕਦੇ ਹਨ। ਇਕ ਸਵਾਲ ਉਠਦਾ ਹੈ ਕਿ ਆਖਰ ਜਦੋਂ ਆਸਥਾ ਦੇ ਆਧਾਰ 'ਤੇ ਫੈਸਲੇ ਹੋਣੇ ਹਨ ਤੇ ਅਦਾਲਤ ਦੇ ਬਾਹਰ ਹੀ ਹੋਣੇ ਹਨ ਤਾਂ ਫਿਰ ਸੰਵਿਧਾਨ ਦੀ ਜ਼ਰੂਰਤ ਕੀ ਹੈ, ਫਿਰ ਇਹ ਮਾਮਲਾ ਇੰਨੇ ਲੰਮੇ ਸਮੇਂ ਤੱਕ ਕਿਉਂ ਲਟਕਦਾ ਰਿਹਾ?

ਖੈਰ, ਸੁਪਰੀਮ ਕੋਰਟ 'ਚ ਨਿਯਮਿਤ ਸੁਣਵਾਈ ਸ਼ੁਰੂ ਹੋ ਗਈ ਹੈ, ਭਾਵ ਹਫਤੇ ਵਿੱਚ ਤਿੰਨ ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ। 17 ਨਵੰਬਰ ਨੂੰ ਚੀਫ ਜਸਟਿਸ ਗੋਗੋਈ ਨੇ ਰਿਟਾ-ਇਰ ਹੋਣਾ ਹੈ। ਦੇਖਣਾ ਦਿਲਚਸਪ ਹੋਵੇਗਾ ਕਿ 17 ਨਵੰਬਰ ਤੋਂ ਪਹਿਲਾਂ ਕੀ ਰਾਮ ਮੰਦਰ 'ਤੇ ਫੈਸਲਾ ਆ ਜਾਵੇਗਾ। ਇਕ ਗੱਲ ਸਪੱਸ਼ਟ ਹੈ ਕਿ ਫੈਸਲਾ ਜੋ ਵੀ ਆਵੇਗਾ, ਉਹ ਦੇਸ਼ ਦੀ ਰਾਜਨੀਤੀ ਨੂੰ ਬਦਲ ਦੇਣ ਦੀ ਸਮਰੱਥਾ ਰੱਖੇਗਾ।

## ਕਾਮਲ ਮੁਰਸ਼ਦ ਕਿਰਪਾਲ ਸਿੰਘ ਪੰਨੂ ਦੇ ਨਾਂ (ਚਾਰ ਮਿੰਨੀ-ਕਵਿਤਾਵਾਂ)

ਪ੍ਰਿੰ. ਰਾਮ ਸਿੰਘ ਕੁਲਾਰ

(1)

ਸੁਣਿਆ ਸੀ ਕਿ ਪੁਲਸ ਕੇਵਲ ਡੰਡੇ ਚਲਾਵੇ।
ਤੇ ਫ਼ੌਜੀ ਫੜ੍ਹ ਬੰਦੂਕ, ਹੱਦਾਂ 'ਤੇ ਡੱਟ ਜਾਵੇ।
ਦੋਹਾਂ ਦਾ ਹੀ ਸਿੱਖਿਆ ਦੇ ਨਾਲ ਕੀ ਮੇਲ਼?
ਜਾਪੇ ਬੜੀ ਅਚਰਜ ਜਿਹੀ ਇਹ ਮੈਨੂੰ ਖੇ਼ਲ।
ਤਕਨੀਕੀ-ਸਿੱਖਿਆ ਦੇ ਵਿਚ ਵੀ ਮੁਹਾਰਤ?
ਅੱਜ ਤੱਕ ਮੇਰੇ ਲਈ, ਬਣੀ ਰਹੀ ਬੁਝਾਰਤ।
ਪਰ ਜਿਸ ਉੱਪਰ ਉਹ ਦਾਤਾ ਹੋਵੇ ਦਿਆਲ,
ਭਾਵੇਂ ਹੋਵੇ ਪੰਨੂ, ਤੇ ਭਾਵੇਂ ਸਿੰਘ ਕਿਰਪਾਲ।
ਪੰਨੇ 'ਤੇ ਪੰਨਾ ਕੰਪਿਊਟਰ ਦਾ ਉਹ ਉਲਟਾਵੇ,
ਤਾਂ ਹੀ 'ਪੰਨੂ','ਕੰਪਿਊਟਰ-ਧਨੰਤਰ' ਕਹਾਵੇ।



(2)

ਰਾਹ ਪਿਆ ਜਾਣੀਏ ਜਾਂ ਵਾਹ ਪਿਆ ਜਾਣੀਏ।
ਇਨਸਾਨ ਵਿਚੋਂ ਗ਼ੈਬੀ ਗੁਣਾਂ ਨੂੰ ਪਹਿਚਾਣੀਏ।
ਕੰਪਿਊਟਰ ਤਾਂ ਹੈ ਇਕ ਅਣਮੁੱਲਾ ਖ਼ਜ਼ਾਨਾ,
ਜਿਸ ਨੇ ਖੋਜਿਆ, ਤਿਸ ਨੇ ਹੀ ਇਹ ਜਾਨਾ।
ਕੰਪਿਊਟਰ ਦੇ ਬਾਰੇ ਮੇਰੇ ਆਪਣੇ ਵਿਚਾਰ,
ਨਾ ਚੰਗੇ, ਨਾ ਮੰਦੇ, ਸਨ ਮੰਝ ਵਿਚਕਾਰ।
ਪੰਨੂੰ ਸਾਹਿਬ ਨਾਲ ਜਦ ਜੁੜਿਆ ਸੰਪਰਕ,
ਦੂਰ ਹੋਈ ਦੁਬਿਧਾ, ਦੂਰ ਹੋਇਆ ਫ਼ਰਕ।
ਉੱਚੀ-ਸੁੱਚੀ ਸੋਚ ਅਤੇ ਦਿਲ ਦਰਿਆ,
ਮਾਨਵ-ਵਾਦੀ ਦਰਦ ਸੰਗ ਰਹੇ ਭਰਿਆ।

(3)

ਕੈਨੇਡਾ ਵੱਸਦੇ ਪੜ੍ਹੇ-ਲਿਖੇ ਲੋਕ।
ਰਾਹ ਜਾਂਦੇ ਪੰਨੂ ਨੂੰ, ਲੈਣ ਰੋਕ।
ਕਹਿਣ ਸਾਡਾ ਵੀ ਕਰੋ ਪਾਰ-ਉਤਾਰਾ,
ਕੰਪਿਊਟਰ-ਸਿੱਖਿਆ ਦਾ ਖੋਲ੍ਹੋ ਪਟਾਰਾ।
ਉੱਛਲ-ਉੱਛਲ ਮਨ ਮਾਰਨ ਛੱਲਾਂ,
ਦਿਲ ਦੀਆਂ ਦਿਲ ਸੰਗ ਲਾਵਣ ਗੱਲਾਂ।
ਪ੍ਰੋਫ਼ੈਸਰ ਧਾਰਨੀ ਫਿਰ ਬਣਤ ਬਣਾਈ,
ਨਵੀਂ ਕਲਾਸ ਫਿਰ ਹੋਂਦ 'ਚ ਆਈ।
ਬਾਵਾ ਜੀ ਨੇ ਲਾਇਆ ਮੋਢੇ ਨਾਲ ਮੋਢਾ,
ਕਹਿੰਦੇ ਤੁਸੀਂ ਹੋ ਮੇਰੇ ਤੇ, ਮੈਂ ਹਾਂ ਥੋਡਾ। (4)
ਏਅਰਪੋਰਟ ਉੱਪਰ ਮੇਅ-ਫ਼ੀਲਡ ਗੁਰੂਘਰ,
ਸਿਖਿਆਰਥੀਆਂ ਨਾਲ ਉਹ ਝੱਟ ਗਿਆ ਭਰ।
ਐਸੀ ਕਲਾਸ ਅਤੇ ਐਸੇ-ਐਸੇ ਉਸਤਾਦ,
ਮੈਨੂੰ ਤਾਂ ਮੂਲ ਨਾ ਆਵੇ ਕੋਈ ਯਾਦ।
ਸਾਰਿਆਂ ਉੱਪਰ ਹੀ ਉਹ ਰੱਖਣ ਅੱਖ,
ਭੁੱਲ ਕੇ ਵੀ ਨਾ ਕਦੇ ਪੂਰਨ ਕਿਸੇ ਦਾ ਪੱਖ।
ਵਿਸ਼ੇ ਆਪਣੇ ਦੇ ਉਹ ਨੇ ਐਨੇ ਮਾਹਰ,
ਸੱਭ ਨੂੰ ਹੀ ਲਾਈ ਰੱਖਦੇ ਆਹਰ।
ਨਿਸ਼ਕਾਮ ਹੋ ਕੇ ਉਹ ਕਰਨ ਉਪਕਾਰ,
ਉਸਤਾਦ ਪੰਨੂੰ ਜੀ ਨੂੰ ਸਦ-ਨਮਸਕਾਰ।







# ਆਵਾਰਾ ਕੁੱਤਿਆਂ ਦਾ ਮੁੱਦਾ ਵਿਧਾਨ ਸਭਾ ਵਿੱਚ ਗੂੰਜਿਆ

ਚੰਡੀਗੜ੍ਹ, 6 ਅਗਸਤ (ਪੋਸਟ ਬਿਊਰੋ)- ਪੰਜਾਬ ਦਾ ਹਰ ਮੁਹੱਲਾ ਅਤੇ ਪਿੰਡ ਲਾਵਾਰਸ ਕੁੱਤਿਆਂ ਦੀ ਦਹਿਸ਼ਤ ਦੇ ਸਾਏ ਹੇਠ ਜੀਅ ਰਿਹਾ ਹੈ। ਪਿਛਲੇ ਸਾਲ ਆਵਾਰਾ ਕੁੱਤਿਆਂ ਨੇ 1.13 ਲੋਕਾਂ ਨੂੰ ਵੱਢਿਆ ਹੈ ਤੇ ਬੱਚਿਆਂ ਨੂੰ ਕਈ ਥਾਂ ਕੁੱਤੇ ਨੋਚ-ਨੋਚ ਕੇ ਮਾਰ ਰਹੇ ਹਨ। ਕੱਲ੍ਹ ਆਵਾਰਾ ਕੁੱਤਿਆਂ ਦੇ ਕਾਰਨ ਹੋ ਰਹੀਆਂ ਮੌਤਾਂ ਦੀ ਗੱਲ ਪੰਜਾਬ ਸਰਕਾਰ ਤੱਕ ਵੀ ਪਹੁੰਚੀ। ਧਿਆਨ ਦਿਵਾਊ ਮਤੇ ਵਿੱਚ ਆਮ ਆਦਮੀ ਪਾਰਟੀ ਦੀ ਵਿਧਾਇਕ ਸਰਬਜੀਤ ਕੌਰ ਮਾਣੂਕੇ ਨੇ ਇਹ ਮੁੱਦਾ ਉਠਾਇਆ। ਇਸ ਉੱਤੇ ਖੁਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਿਆਨ ਦਿੱਤਾ ਕਿ ਪੰਜਾਬ ਸਰਕਾਰ ਉਸ ਬਾਰੇ ਗੰਭੀਰ ਹੈ ਤੇ ਇਸ ਦਾ ਜਲਦੀ ਹੀ ਕੋਈ ਹੱਲ ਕੱਢਿਆ ਜਾਏਗਾ।

ਇਸ ਸਮੱਸਿਆ ਦੇ ਨਾਲ ਨਿਪਟਣ ਲਈ ਕੱਲ੍ਹ ਪੰਜਾਬ ਵਿਧਾਨ ਸਭਾ ਵਿੱਚ ਲਗਭਗ ਡੇਢ ਦਹਾਕੇ ਬਾਅਦ ਹਾਕਮ ਧਿਰ ਦੇ ਬੈਂਚਾਂ ਨੇ ਗੰਭੀਰਤਾ ਦਿਖਾਈ ਹੈ। ਸਰਬਜੀਤ ਕੌਰ ਮਾਣੂਕੇ ਨੇ ਦੱਸਿਆ ਕਿ ਸਰਕਾਰੀ ਅੰਕੜਿਆਂ ਵਿੱਚ 1.13 ਲੱਖ ਲੋਕਾਂ ਨੂੰ ਆਵਾਰਾ ਕੁੱਤਿਆਂ ਨੇ ਵੱਢਿਆ ਹੈ। ਸਾਲ 2017 ਵਿੱਚ ਇਹ ਗਿਣਤੀ 1.12 ਲੱਖ ਸੀ। ਇਨ੍ਹਾਂ ਲੋਕਾਂ ਵਿੱਚ ਪੰਜਾਹ ਫੀਸਦੀ ਬੱਚੇ ਹਨ। ਇਹ ਸਿਰਫ ਉਹ ਕੇਸ ਹਨ, ਜਿਨ੍ਹਾਂ ਬਾਰੇ ਹਸਪਤਾਲਾਂ ਤੋਂ ਜਾਣਕਾਰੀ ਮਿਲੀ ਹੈ। ਅਸਲੀ ਗਿਣਤੀ ਇਸ ਤੋਂ ਵੱਡੀ ਹੋ ਸਕਦੀ ਹੈ। ਪੰਜਾਬ ਵਿੱਚ ਰੋਜ਼ ਆਵਾਰਾ ਕੁੱਤਿਆਂ ਵੱਲੋਂ ਵੱਢੇ ਜਾਣ ਦੇ 300 ਮਾਮਲੇ ਸਾਹਮਣੇ ਆਉਂਦੇ ਹਨ।



ਬੀਤੇ ਦੋ ਸਾਲਾਂ ਦੌਰਾਨ ਪੰਜਾਬ ਵਿੱਚ ਦੋ ਲੱਖ ਤੋਂ ਵੱਧ ਲੋਕਾਂ ਨੂੰ ਕੁੱਤਿਆਂ ਨੇ ਕੱਟਿਆ ਹੈ। ਪੰਜਾਬ ਵਿੱਚ ਆਵਾਰਾ ਕੁੱਤਿਆਂ ਦੀ ਗਿਣਤੀ ਪੰਜ ਲੱਖ ਤੋਂ ਉਪਰ ਦੱਸੀ ਗਈ ਹੈ। ਸਾਲ 2012 ਵਿੱਚ ਇਹ ਗਿਣਤੀ ਚਾਰ ਲੱਖ 77 ਹਜ਼ਾਰ ਸੀ।

ਆਰ ਟੀ ਆਈ ਦੇ ਰਾਹੀਂ ਮਿਲੀ ਜਾਣਕਾਰੀ ਅਨੁਸਾਰ 2017 ਵਿੱਚ ਆਵਾਰਾ ਕੁੱਤਿਆਂ ਦੀ ਪੰਜ ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਦਹਿਸ਼ਤ ਹੈ। ਲੁਧਿਆਣਾ ਵਿੱਚ 13000, ਪਟਿਆਲਾ ਵਿੱਚ 97000, ਜਲੰਧਰ ਵਿੱਚ 8100 ਤੇ ਕਪੂਰਥਲਾ ਵਿੱਚ 6700 ਲੋਕ ਆਵਾਰਾ ਕੁੱਤਿਆਂ ਦਾ ਸ਼ਿਕਾਰ ਹੋਏ। 2016 ਵਿੱਚ ਜਲੰਧਰ ਵਿੱਚ 8000 ਲੋਕਾਂ ਨੂੰ ਆਵਾਰਾ ਕੁੱਤਿਆਂ ਨੇ ਵੱਢਿਆ। ਪਸ਼ੂ ਪਾਲਣ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਇਸ ਸਮੱਸਿਆ ਨੂੰ ਭਿਆਨਕ ਕਿਹਾ, ਪਰ ਕੇਂਦਰ ਸਰਕਾਰ 'ਤੇ ਇਸ ਨੂੰ ਸੁੱਟੇ ਜਾਣ ਦੀ ਕੋਸ਼ਿਸ਼ ਕੀਤੀ। ਇਸ 'ਤੇ ਵਿਰੋਧੀ ਧਿਰ ਨੇ ਕਿਹਾ ਕਿ ਕੇਂਦਰ ਦੀ ਬਜਾਏ ਸੂਬਾ ਸਰਕਾਰ ਜੋ ਕਰ ਸਕਦੀ ਹੈ ਉਹ ਤਾਂ ਕਰੇ।

# ਅੱਧੀ ਦਰਜਨ ਤੋਂ ਵੱਧ ਮੰਤਰੀਆਂ ਤੇ ਵਿਧਾਇਕਾਂ ਵੱਲੋਂ ਸਰਕਾਰ ਦੀ ਤਿੱਖੀ ਨੁਕਤਾਚੀਨੀ

ਚੰਡੀਗੜ੍ਹ, 6 ਅਗਸਤ (ਪੋਸਟ ਬਿਊਰੋ)- ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੰਤਰੀ ਮੰਡਲ ਦੇ ਮੈਂਬਰਾਂ ਅਤੇ ਕਾਂਗਰਸ ਵਿਧਾਇਕਾਂ ਨੂੰ ਦਿੱਤੇ ਰਾਤ ਦੇ ਖਾਣੇ ਦੌਰਾਨ ਵਿਚਾਰ ਵਟਾਂਦਰੇ ਵਿੱਚ ਕੋਈ ਅੱਧੀ ਦਰਜਨ ਤੋਂ ਵੱਧ ਮੰਤਰੀਆਂ ਤੇ ਦੋ ਦਰਜਨ ਤੋਂ ਵੱਧ ਵਿਧਾਇਕਾਂ ਨੇ ਮੌਜੂਦਾ ਸਰਕਾਰ ਦੇ ਬਾਦਲ ਪਰਵਾਰ ਨਾਲ ਗੁਪਤ ਸਮਝੌਤੇ ਦੇ ਚਰਚਿਆਂ ਨੂੰ ਖਤਮ ਕਰਨ ਲਈ ਮੁੱਖ ਮੰਤਰੀ ਨੂੰ ਸਖਤ ਕਦਮ ਉਠਾਉਣ ਲਈ ਕਿਹਾ। ਪਤਾ ਲੱਗਾ ਹੈ ਕਿ ਬੋਲਣ ਵਾਲੇ ਮੰਤਰੀਆਂ ਅਤੇ ਵਿਧਾਇਕਾਂ ਨੇ ਬਰਗਾੜੀ ਮੁੱਦੇ 'ਤੇ ਸਰਕਾਰੀ ਅਧਿਕਾਰੀਆਂ ਵੱਲੋਂ ਵੱਖੋ-ਵੱਖ ਆਪਣੀ ਡਫਲੀ ਵਜਾਉਣ, ਸੂਬੇ ਵਿੱਚ ਅਫਸਰਸ਼ਾਹੀ ਦਾ ਬੋਲਬਾਲਾ ਹੋਣ ਤੇ ਸਿਆਸੀ ਲੋਕਾਂ ਨੂੰ ਦੂਰ ਰੱਖੇ ਜਾਣ ਦੇ ਤਿੱਖੇ ਦੋਸ਼ ਲਾਏ। ਮੁੱਖ ਮੰਤਰੀ ਨੇ ਪਹਿਲਾਂ ਵਿਚਾਰ ਵਟਾਂਦਰੇ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਕਰਤਾਰਪੁਰ ਲਾਂਘਾ ਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ ਯੂਨੀਵਰਸਿਟੀ ਬਣਾਉਣ ਵਰਗੇ ਕਦਮ ਪਾਕਿਸਤਾਨ ਵੱਲੋਂ ਸਿੱਖਾਂ ਨੂੰ ਖੁਸ਼ ਕਰਨ ਲਈ ਚੁੱਕੇ ਗਏ ਹਨ ਅਤੇ ਇਨ੍ਹਾਂ ਪਿੱਛੇ ਆਈ ਐਸ ਆਈ ਦਾ ਆਪਣਾ ਏਜੰਡਾ ਹੈ, ਜਿਸ ਤੋਂ ਸਾਨੂੰ ਸੁਚੇਤ ਹੋਣ ਦੀ ਲੋੜ ਹੈ, ਪਰ ਮੀਟਿੰਗ 'ਚ ਹਾਜ਼ਰ ਬਹੁਤੇ ਮੰਤਰੀਆਂ ਤੇ ਵਿਧਾਇਕਾਂ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਤੁਸੀਂ ਇਸ ਗੱਲ ਨੂੰ ਛੱਡੋ। ਸੀਨੀਅਰ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਗੱਲ ਸ਼ੁਰੂ ਕਰਦਿਆਂ ਕਿਹਾ ਕਿ ਬਰਗਾੜੀ ਮੁੱਦਾ, ਜੋ ਇਸ ਵੇਲੇ ਰਾਜ ਦੇ ਲੋਕਾਂ ਦੇ ਦਿਲੋਂ ਦਿਮਾਗ ਉਤੇ ਭਾਰੂ ਹੈ, ਨੂੰ ਲੈ ਕੇ ਲੋਕਾਂ 'ਚ ਇਕ ਧਾਰਨਾ ਬਣ ਗਈ ਹੈ ਕਿ ਸਾਡੀ ਸਰਕਾਰ ਬਾਦਲਾਂ ਨਾਲ ਰਲੀ ਹੋਈ ਹੈ ਅਤੇ ਉਨ੍ਹਾਂ ਨੂੰ ਬਚਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਇਸ ਧਾਰਨਾ ਨੂੰ ਕਿਵੇਂ ਖਤਮ ਕਰਨਾ ਹੈ, ਇਸ ਦਾ ਫੈਸਲਾ ਮੁੱਖ ਮੰਤਰੀ ਹੀ ਲੈ ਸਕਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਦਾ ਐਡਵੋਕੇਟ ਜਨਰਲ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ 'ਤੇ ਇਹ ਕਹਿ ਰਿਹਾ ਹੈ ਕਿ ਸੀ ਬੀ ਆਈ ਤੋਂ ਜਾਂਚ ਵਾਪਸ ਲਈ ਜਾ ਚੁੱਕੀ ਹੈ ਅਤੇ ਡੀ ਜੀ ਪ੍ਰਬੋਧ ਕੁਮਾਰ ਸੀ ਬੀ ਆਈ ਨੂੰ ਅੱਗੇ ਜਾਂਚ ਜਾਰੀ ਰੱਖਣ ਦਾ ਪੱਤਰ ਲਿਖ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇ ਸਰਕਾਰ ਦੇ ਸੀਨੀਅਰ ਅਧਿਕਾਰੀ ਵੱਖੋ-ਵੱਖ ਬੋਲੀਆਂ ਬੋਲ ਰਹੇ ਹਨ ਤਾਂ ਅਨੁਸ਼ਾਸਨ ਤੇ ਸਰਕਾਰ ਨਾਂਅ ਦੀ ਚੀਜ਼ ਕਿੱਥੇ ਹੈ। ਉਨ੍ਹਾਂ ਮੁੱਖ ਮੰਤਰੀ ਦੇ ਇਕ ਨੇੜਲੇ ਦਾ ਨਾਂਅ ਲੈ ਕੇ ਦੋਸ਼ ਲਾਇਆ ਕਿ ਉਨ੍ਹਾਂ ਸਬੰਧੀ ਚਰਚਾ ਹੈ ਕਿ ਉਹ ਵਿਜੀਲੈਂਸ, ਆਬਕਾਰੀ ਤੇ ਟਰਾਂਸਪੋਰਟ ਦੇ ਵਿਭਾਗ ਚਲਾ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਜੇ ਸੀ ਬੀ ਆਈ ਤੋਂ ਜਾਂਚ ਵਾਪਸ ਲੈਣ ਦਾ ਫੈਸਲਾ ਹੋਇਆ ਸੀ ਤਾਂ ਉਹ ਨੋਟੀਫਿਕੇਸ਼ਨ ਕਿੱਥੇ ਹੈ। ਕੈਬਨਿਟ ਮੰਤਰੀ ਸੁਖਜਿੰਦਰ ਸਿੰਘ



ਰੰਧਾਵਾ ਨੇ ਉਠ ਕੇ ਦੱਸਿਆ ਕਿ ਅਦਾਲਤ ਵਿੱਚ ਸੀ ਬੀ ਆਈ ਤੋਂ ਕੇਸ ਵਾਪਸ ਲੈਣ ਦਾ ਮੁੱਦਾ ਉਠਿਆ ਤਾਂ ਜੱਜ ਵੱਲੋਂ ਤਿੰਨ ਵਾਰ ਸਰਕਾਰ ਤੋਂ ਸੀ ਬੀ ਆਈ ਤੋਂ ਇਹ ਕੇ ਵਾਪਸ ਲੈਣ ਸਬੰਧੀ ਨੋਟੀਫਿਕੇਸ਼ਨ ਵਾਪਸ ਲੈਣ ਦੀ ਕਾਪੀ ਮੰਗੀ, ਪਰ ਸਰਕਾਰ ਵੱਲੋਂ ਇਹ ਨੋਟੀਫਿਕੇਸ਼ਨ ਪੇਸ਼ ਨਹੀਂ ਕੀਤਾ ਗਿਆ, ਜਿਸ ਕਾਰਨ ਚਰਚਾ ਹੈ ਕਿ ਸਰਕਾਰ ਨੇ ਵਿਧਾਨ ਸਭਾ ਵਿੱਚ ਫੈਸਲਾ ਲੈਣ ਅਤੇ ਮੁੱਖ ਮੰਤਰੀ ਨੇ ਸਦਨ 'ਚ ਐਲਾਨ ਕਰਨ ਪਿੱਛੋਂ ਨੋਟੀਫਿਕੇਸ਼ਨ ਜਾਰੀ ਨਹੀਂ ਕਰਵਾਇਆ। ਵਿਧਾਇਕ ਕੁਲਜੀਤ ਸਿੰਘ ਨਾਗਰਾ ਨੇ ਕਿਹਾ ਕਿ ਜੇ ਇਹ ਠੀਕ ਹੈ ਤਾਂ ਫਿਰ ਵਿਧਾਨ ਸਭਾ ਦੀ ਮਰਯਾਦਾ ਦੀ ਮਾਣਹਾਨੀ ਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਸਦਨ 'ਚ ਕੀਤੇ ਗਏ ਐਲਾਨ ਨੂੰ ਲਾਗੂ ਨਾ ਕਰਨਾ ਇਕ ਗੰਭੀਰ ਮਾਮਲਾ ਹੈ।

ਮੰਤਰੀ ਮੰਡਲ ਵਿੱਚ ਮੁੱਖ ਮੰਤਰੀ ਤੋਂ ਬਾਅਦ ਸਭ ਤੋਂ ਸੀਨੀਅਰ ਮੰਤਰੀ ਬ੍ਰਹਮ ਮਹਿੰਦਰਾ ਨੇ ਮੀਟਿੰਗ ਵਿੱਚ ਕਿਹਾ ਕਿ ਮੈਂ ਜਿੱਥੇ ਕਿੱਥੇ ਵੀ ਜਾਂਦਾ ਹਾਂ, ਭਾਵੇਂ ਉਹ ਕਾਲਜ, ਕੈਫੇਟੇਰੀਅਨ, ਸ਼ਹਿਰ ਜਾਂ ਕਸਬੇ ਹੋਣ, ਹਰ ਥਾਂ ਇਹੋ ਸੁਣਨ ਨੂੰ ਮਿਲਦਾ ਹੈ ਕਿ ਅਸੀਂ ਅਕਾਲੀਆਂ ਨਾਲ ਰਲੇ ਹੋਏ ਹਾਂ ਜਾਂ ਉਨ੍ਹਾਂ ਪ੍ਰਤੀ ਨਰਮ ਰਵੱਈਆ ਰੱਖ ਰਹੇ ਹਾਂ, ਜੋ ਕਿ ਬਹੁਤ ਹੀ ਖਤਰਨਾਕ ਧਾਰਨਾ ਹੈ। ਉਨ੍ਹਾਂ ਵਿਸਥਾਰ 'ਚ ਮੁੱਖ ਮੰਤਰੀ ਨੂੰ ਕਿਹਾ ਕਿ ਲੋਕਾਂ ਦੀ ਇਸ ਧਾਰਨਾ ਨੂੰ ਤੁਰੰਤ ਖਤਮ ਕਰਨ ਦੀ ਲੋੜ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਜਦੋਂ ਮੈਂ ਬਾਦਲ ਪਿੰਡ ਜਾਂਦਾ ਹਾਂ ਤਾਂ ਮੈਨੂੰ ਅਧਿਕਾਰੀ ਅਤੇ ਲੋਕ ਇਸ ਤਰ੍ਹਾਂ ਸਮਝਦੇ ਹਨ, ਜਿਵੇਂ ਕੋਈ ਮਿਉਂਸੀਪਲ ਕਮੇਟੀ ਦਾ ਮੈਂਬਰ ਹੋਵਾਂ ਪਰ ਸੁਖਬੀਰ ਸਿੰਘ ਬਾਦਲ ਸਾਡੀ ਸਰਕਾਰ ਵੱਲੋਂ ਦਿੱਤੇ ਗੱਡੀਆਂ ਦੇ ਲਾਮ ਲਸ਼ਕਰ ਨਾਲ ਉਥੇ ਜਾਂਦਾ ਹੈ ਤਾਂ ਲੋਕਾਂ ਨੂੰ ਇਹ ਪ੍ਰਭਾਵ ਮਿਲਦਾ ਹੈ ਕਿ ਜਿਵੇਂ ਉਹ ਮੁੱਖ ਮੰਤਰੀ ਹੋਵੇ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੀ ਬਖਸ਼ਿਸ਼ ਕਾਰਨ ਹੀ ਉਹ ਇਸ ਰੁਤਬੇ ਦਾ ਆਨੰਦ ਮਾਣਦੇ ਹਨ। ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਵੀ ਮੁੱਖ ਮੰਤਰੀ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਅਕਾਲੀਆਂ ਅਤੇ ਬਾਦਲਾਂ ਦੀ ਜਾਨ ਮਾਲ ਦਾ ਏਨਾ ਕਿਉਂ ਫਿਕਰ ਹੈ ਤੇ ਆਪਣੀ ਸਰਕਾਰ ਦੌਰਾਨ ਉਹ ਕਾਂਗਰਸੀਆਂ ਬਾਰੇ ਕਿੰਨੇ ਕੁ ਫਿਕਰਮੰਦ ਸਨ ਜੋ ਅਸੀਂ ਅੱਜ ਉਨ੍ਹਾਂ 'ਤੇ ਸਰਕਾਰੀ ਖਜ਼ਾਨੇ ਤੋਂ ਏਨੇ ਸਾਧਨ ਲੁਟਾ ਰਹੇ ਹਾਂ। ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਦੋਸ਼ ਲਾਇਆ ਕਿ ਰਾਜ 'ਚ ਸਰਕਾਰ ਇਕ ਤਰ੍ਹਾਂ ਨਾਲ ਅਫਸਰਸ਼ਾਹੀ ਚਲਾ ਰਹੀ ਹੈ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਤੁਹਾਡੀ ਟੀਮ ਸਿਆਸੀ ਹੋਣੀ ਚਾਹੀਦੀ ਹੈ ਤੇ ਸਰਕਾਰ ਤੋਂ ਅਫਸਰਸ਼ਾਹੀ ਦਾ ਜਲਵਾ ਖਤਮ ਹੋਣਾ ਚਾਹੀਦਾ ਹੈ। ਵਿਧਾਇਕ ਪ੍ਰਗਟ ਸਿੰਘ ਨੇ ਵੀ ਕਿਹਾ ਕਿ ਲੋਕ ਸਾਨੂੰ ਅਤੇ ਅਕਾਲੀਆਂ ਨੂੰ ਇਕੋ ਸਮਝ ਰਹੇ ਹਨ, ਜਿਸ ਦਾ ਖਮਿਆਜਾ ਸਾਨੂੰ ਸਿਆਸੀ ਤੌਰ 'ਤੇ ਉਠਾਉਣਾ ਪਵੇਗਾ। ਫਤਹਿਜੰਗ ਸਿੰਘ ਬਾਜਵਾ ਨੇ ਵੀ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਸਰਕਾਰ 'ਚ ਅਫਸਰਸ਼ਾਹੀ ਦੀਆਂ ਵੱਖੋ-ਵੱਖ ਬੋਲੀਆਂ ਨੂੰ ਬੰਦ ਕਰਵਾਉਣ ਅਤੇ ਇਹ ਫੈਸਲਾ ਲੈਣ ਕਿ ਮਗਰਲੀ ਸਰਕਾਰ ਦੌਰਾਨ ਲੁੱਟ ਮਚਾਉਣ ਵਾਲਿਆਂ ਨੂੰ ਟੰਗਣਾ ਹੀ ਟੰਗਣਾ ਹੈ। ਵਿਧਾਇਕ ਬਾਵਾ ਹੈਨਰੀ ਨੇ ਟਰਾਂਸਪੋਰਟ ਨੀਤੀ ਨਾ ਲਾਗੂ ਕੀਤੇ ਜਾਣ ਦੇ ਮੁੱਦੇ ਨੂੰ ਕਾਫੀ ਜ਼ੋਰ ਨਾਲ ਉਠਾਇਆ ਅਤੇ ਦੋਸ਼ ਲਾਇਆ ਕਿ ਸਮੁੱਚਾ ਟਰਾਂਸਪੋਰਟ ਵਿਭਾਗ ਬਾਦਲਾਂ ਦੀ ਮਦਦ ਕਰ ਰਿਹਾ ਹੈ। ਇਸ 'ਤੇ ਵਿੱਤ ਮੰਤਰੀ ਨੇ ਕਿਹਾ ਕਿ ਉਹ ਪੀ ਆਰ ਟੀ ਸੀ ਨੂੰ ਨਵੀਆਂ 20 ਵਾਲਵੋ ਬੱਸਾਂ ਪਾਉਣ ਲਈ ਪੈਸੇ ਦੇਣ ਨੂੰ ਤਿਆਰ ਹਨ, ਪਰ ਹਾਜ਼ਰ ਬਹੁਤੇ ਮੰਤਰੀਆਂ ਤੇ ਵਿਧਾਇਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਚੱਲਣ ਕੌਣ ਦੇਵੇਗਾ।

# ਗਾਰਡ ਅਤੇ ਡਰਾਈਵਰ ਨੂੰ ਬੇਹੋਸ਼ ਕਰ ਕੇ ਨੌਕਰ ਲੱਖਾਂ ਦੇ ਗਹਿਣੇ, ਨਕਦੀ ਲੈ ਗਿਆ

ਲੁਧਿਆਣਾ, 6 ਅਗਸਤ (ਪੋਸਟ ਬਿਊਰੋ)- ਅੰਮ੍ਰਿਤਸਰ ਗਏ ਲੋਹਾ ਵਪਾਰੀ ਦੇ ਘਰ ਐਸ ਬੀ ਐਸ ਨਗਰ ਵਿੱਚ ਬਿਨਾਂ ਵੈਰੀਫਿਕੇਸ਼ਨ ਇੱਕ ਹਫਤੇ ਪਹਿਲਾਂ ਰੱਖੇ ਨੌਕਰ ਨੇ ਗਾਰਡ, ਡਰਾਈਵਰ ਤੇ ਸਫਾਈ ਮੁਲਾਜ਼ਮ ਨੂੰ ਬੇਹੋਸ਼ ਕਰ ਕੇ ਆਪਣੇ ਸਾਥੀਆਂ ਨਾਲ ਮਿਲ ਕੇ ਲੱਖਾਂ ਦਾ ਚੂਨਾ ਲਾ ਦਿੱਤਾ। ਦੋਸ਼ੀ ਜਾਂਦੇ ਸਮੇਂ ਗਾਰਡ ਦਾ ਬਾਈਕ ਅਤੇ ਦੋ ਮੋਬਾਈਲ ਵੀ ਚੋਰੀ ਕਰ ਕੇ ਲੈ ਗਏ। ਕੁਝ ਦੇਰ ਬਾਅਦ ਦੋਸ਼ੀ ਨੇ ਦੋਵੇਂ ਮੋਬਾਈਲ ਬੰਦ ਕਰ ਦਿੱਤੇ। ਇੱਕ ਨੌਕਰ ਨੂੰ ਹੋਸ਼ ਆਇਆ ਤਾਂ ਉਸ ਨੇ ਆਪਣੇ ਭਰਾ ਦੇ ਫੋਨ ਤੋਂ ਮਾਲਕ ਨੂੰ ਫੋਨ ਕੀਤਾ। ਸੂਚਨਾ ਮਿਲਦੇ ਹੀ ਦੇਰ ਰਾਤ ਪੀੜਤ ਹਰਪ੍ਰੀਤ ਸਿੰਘ ਲੁਧਿਆਣਾ ਪਹੁੰਚੇ। ਫਿਰ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ।

ਥਾਣਾ ਦੁਗਰੀ ਅਤੇ ਐਸ ਬੀ ਐਸ ਨਗਰ ਦੀ ਪੁਲਸ ਫਿੰਗਰ ਪ੍ਰਿੰਟਸ ਮਾਹਰ ਅਤੇ ਡਾਗ ਸਕਵਾਇਡ ਨੂੰ ਲੈ ਕੇ ਮੌਕੇ 'ਤੇ ਪਹੁੰਚੀ ਅਤੇ ਅਰਜੁਨ ਅਤੇ ਇੱਕ ਅਣਪਛਾਤੇ ਦੇ ਖਿਲਾਫ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀੜਤ ਨੇ ਦੱਸਿਆ ਕਿ ਉਨ੍ਹਾਂ ਨੇ ਮੁਹੱਲੇ ਵਿੱਚ ਕੰਮ ਕਰਨ ਵਾਲੇ ਸੂਰਜ ਦੇ ਕਹਿਣ 'ਤੇ ਅਰਜੁਨ ਨੂੰ ਰੱਖਿਆ ਸੀ। ਅਰਜੁਨ ਤੋਂ ਉਸ ਦੇ ਦਸਤਾਵੇਜ਼ ਮੰਗੇ ਸਨ ਤਾਂ ਸੂਰਜ ਨੇ ਕਿਹਾ ਕਿ ਉਹ ਖੁਦ ਉਸ ਦਾ ਆਧਾਰ ਕਾਰਡ ਅਤੇ ਫੋਟੋ ਉਨ੍ਹਾਂ ਨੂੰ ਦੇ ਦੇਵੇਗਾ, ਪਰੰਤੂ ਉਸ ਤੋਂ ਪਹਿਲਾਂ ਹੀ ਦੋਸ਼ੀ ਨੇ ਆਪਣੇ ਸਾਥੀ ਦੇ ਨਾਲ ਮਿਲ ਕੇ ਵਾਰਦਾਤ ਨੂੰ ਅੰਜਾਮ ਦੇ ਦਿੱਤਾ। ਪੁਲਸ ਮੁਤਾਬਕ ਬਾਕੀ ਦੇ ਨੌਕਰਾਂ ਨੇ ਬਿਆਨ ਦਿੱਤੇ ਕਿ ਅਰਜੁਨ ਨੇ ਉਨ੍ਹਾਂ ਨੂੰ ਖਾਣਾ ਖਵਾਇਆ ਅਤੇ ਫਿਰ ਇਕਦਮ ਉਹ ਬੇਹੋਸ਼ ਹੋ ਗਏ। ਪੁਲਸ ਨੇ ਨੇੜੇ ਸੀ ਸੀ ਟੀ ਵੀ ਚੈਕ ਕੀਤੀ ਤਾਂ ਉਸ ਵਿੱਚ ਦੋਸ਼ੀ ਅਰਜੁਨ ਦੇ ਨਾਲ ਇੱਕ ਹੋਰ ਵਿਅਕਤੀ ਦਿੱਸਿਆ, ਜੋ ਬਾਕੀਆਂ ਦੇ ਬੇਹੋਸ਼ ਦੇ ਬਾਅਦ ਆਇਆ ਸੀ। ਫਿਲਹਾਲ ਉਸ ਦੀ ਪਛਾਣ ਨਹੀਂ ਹੋਈ।

ਲੋਹਾ ਕਾਰੋਬਾਰੀ ਹਰਪ੍ਰੀਤ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਜਗਰਾਓਂ ਪੁਲ ਦੇ ਨੇੜੇ ਸਬ ਮਰਸੀਬਲ ਪੰਪ ਬਣਾਉਣ ਦਾ ਸੰਤੋਸ਼ ਸਿੰਘ ਐਂਡ ਸੰਸ ਦੀ ਫਰਮ ਦਾ ਕਾਰੋਬਾਰ ਹੈ। ਉਨ੍ਹਾਂ ਨੇ ਆਪਣੇ ਘਰ ਸਫਾਈ ਦੇ ਲਈ ਕ੍ਰਿਸ਼ਨ ਥਾਪਾ, ਡਰਾਈਵਰ ਰਮੇਸ਼ ਮਸੀਹ ਅਤੇ ਸਕਿਓਰਿਟੀ ਗਾਰਡ ਭਗਵੰਤ ਸਿੰਘ ਨੂੰ ਰੱਖਿਆ ਹੈ, ਪਰ ਉਨ੍ਹਾਂ ਨੂੰ ਖਾਣਾ ਬਣਾਉਣ ਦੀ ਲੋੜ ਸੀ। ਇਸ ਲਈ ਮੁਹੱਲੇ ਵਿੱਚ ਕੰਮ ਕਰਦੇ ਸੂਰਜ ਨੇ ਉਨ੍ਹਾਂ ਨੂੰ ਅਰਜੁਨ ਨਾਲ ਮਿਲਵਾਇਆ, ਜੋ ਮੂਲ ਰੂਪ ਤੋਂ ਨੇਪਾਲ ਦਾ ਰਹਿਣ ਵਾਲਾ ਸੀ। ਸੂਰਜ ਨੇ ਦੱਸਿਆ ਕਿ ਉਹ ਖਾਣਾ ਬਣਾ ਲਵੇਗਾ, ਉਸ ਦਾ ਜਾਣਕਾਰ ਵੀ ਹੈ। ਇੱਕ ਹਫਤਾ ਪਹਿਲਾਂ ਉਸ ਨੇ ਅਰਜੁਨ ਨੂੰ ਹਰਪ੍ਰੀਤ ਦੇ ਘਰ ਕੰਮ 'ਤੇ ਰਖਵਾ ਦਿੱਤਾ। ਤਿੰਨ ਅਗਸਤ ਨੂੰ ਹਰਪ੍ਰੀਤ ਆਪਣੇ ਪਰਵਾਰ ਸਮੇਤ ਅੰਮ੍ਰਿਤਸਰ ਗਏ। ਦੇਰ ਰਾਤ ਕਰੀਬ 12 ਵਜੇ ਗਾਰਡ ਭਗਵੰਤ ਦੇ ਭਰਾ ਦਾ ਫੋਨ ਉਨ੍ਹਾਂ ਦੀ ਪਤਨੀ ਦੇ ਫੋਨ 'ਤੇ ਆਇਆ ਕਿ ਸਾਰੇ ਨੌਕਰ ਬੇਹੋਸ਼ ਹਨ ਅਤੇ ਅਰਜੁਨ ਗਾਇਬ ਹੈ।

# ਐੱਨ ਆਰ ਆਈ ਔਰਤ ਦੋ ਬੱਚੇ ਪੰਜਾਬ ਛੱਡ ਕੇ ਵਿਦੇਸ਼ ਭੱਜੀ

ਜਲੰਧਰ, 6 ਅਗਸਤ (ਪੋਸਟ ਬਿਊਰੋ)- ਇੱਕ ਐੱਨ ਆਰ ਆਈ ਦੀ ਪਤਨੀ ਆਪਣੇ ਦੋ ਬੱਚੇ ਘਰ ਛੱਡ ਕੇ ਜਰਮਨੀ ਭੱਜ ਗਈ ਹੈ। ਇਸ ਔਰਤ ਨੇ ਇੰਡੀਆ ਛੱਡਦੇ ਹੋਏ ਏਅਰਪੋਰਟ ਉਤੇ ਐੱਨ ਆਰ ਆਈ ਸਭਾ ਦੇ ਨਾਂਅ ਇੱਕ ਚਿੱਠੀ ਲਿਖ ਕੇ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਆਪਣੇ ਪਤੀ ਦਾ ਘਰ ਛੱਡ ਕੇ ਜਾ ਰਹੀ ਹੈ। ਉਹ ਆਪਣੇ ਪਤੀ ਨਾਲ ਨਹੀਂ ਰਹਿਣਾ ਚਾਹੁੰਦੀ। ਔਰਤ ਦੇ ਪਤੀ ਨੇ ਦੋਸ਼ ਲਾਇਆ ਹੈ ਕਿ ਉਸ ਦੀ ਪਤਨੀ ਜਾਂਦੇ ਸਮੇਂ ਘਰ ਤੋਂ 600 ਯੂਰੋ ਅਤੇ 16 ਤੋਂ 20 ਤੋਲੇ ਦੇ ਕਰੀਬ ਸੋਨੇ ਦੇ ਗਹਿਣੇ ਵੀ ਆਪਣੇ ਨਾਲ ਲੈ ਗਈ ਹੈ।

ਕੱਲ੍ਹ ਪ੍ਰੈੱਸ ਕਲੱਬ ਵਿੱਚ ਪਹੁੰਚੇ ਏਕਤਾ ਨਗਰ ਵਾਸੀ ਗੌਰਵ ਕੋਰਪਾਲ ਪੁੱਤਰ ਅਸ਼ੋਕ ਕੁਮਾਰ ਨੇ ਦੱਸਿਆ ਕਿ ਸਾਲ 2001 ਤੋਂ ਉਹ ਸਪੇਨ ਵਿੱਚ ਰਹਿ ਰਿਹਾ ਹੈ। ਸਪੇਨ ਦੀ ਪੀ ਆਰ ਲੈਣ ਪਿੱਛੋਂ ਉਹ ਉਥੇ ਖੇਤੀ ਦਾ ਕੰਮ ਕਰਦਾ ਸੀ। ਇਸ ਦੌਰਾਨ ਸਾਲ 2009 ਵਿੱਚ ਉਸ ਦਾ ਫਗਵਾੜਾ ਦੇ ਮੁਹੱਲਾ ਪ੍ਰੀਤ ਨਗਰ ਦੀ ਵੀਣਾ ਸ਼ਰਮਾ ਪੁੱਤਰੀ ਜੋਗਿੰਦਰਪਾਲ ਦੇ ਨਾਲ ਵਿਆਹ ਹੋਇਆ ਅਤੇ ਸੱਤ ਮਹੀਨੇ ਬਾਅਦ ਉਸ ਨੇ ਆਪਣੀ ਪਤਨੀ ਨੂੰ ਵੀ ਸਪੇਨ ਸੱਦ ਲਿਆ। ਇਸ ਦੇ ਬਾਅਦ ਉਸ ਦੇ ਦੋ ਬੱਚਿਆਂ ਦਾ ਉਥੇ ਜਨਮ ਹੋਇਆ। ਇਸ ਦੌਰਾਨ ਉਸ ਦੀ ਪਤਨੀ ਨੂੰ ਸਪੇਨ ਦਾ ਪੀ ਆਰ ਮਿਲ ਚੁੱਕੀ ਸੀ, ਜਿਸ ਪਿੱਛੋਂ ਸਾਲ 2018 ਵਿੱਚ ਉਸ ਦੀ ਪਤਨੀ ਦੋਵਾਂ ਬੱਚਿਆਂ ਨਾਲ ਜਲੰਧਰ ਰਹਿਣ ਆ ਗਈ। ਇਸ ਦੌਰਾਨ ਇੱਕ ਮਹੀਨੇ ਪਹਿਲਾਂ ਉਸ ਨੂੰ ਪਤਾ ਲੱਗਾ ਕਿ ਉਸ ਦੀ ਪਤਨੀ ਵੀਣਾ ਬੱਚਿਆਂ ਨੂੰ ਛੱਡ ਕੇ ਕਿਤੇ ਚਲੀ ਗਈ ਹੈ। ਉਹ ਜਲੰਧਰ ਆਏ ਤਾਂ ਪਤਾ ਲੱਗਾ ਕਿ ਵੀਣਾ ਘਰ ਛੱਡ ਕੇ ਆਪਣੇ ਨਾਲ ਨਕਦੀ ਅਤੇ ਸੋਨੇ ਦਾ ਗਹਿਣੇ ਲੈ ਕੇ ਜਰਮਨੀ ਚਲੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤੋਂ ਪਹਿਲਾਂ ਕਈ ਵਾਰ ਉਸ ਦੇ ਮਾਤਾ-ਪਿਤਾ ਨੇ ਫੋਨ ਕਰ ਕੇ ਉਸ ਨੂੰ ਦੱਸਿਆ ਸੀ ਕਿ ਵੀਣਾ ਘਰ ਵਿੱਚ ਇੱਕ ਅਣਪਛਾਤੇ ਟੈਕਸੀ ਡਰਾਈਵਰ ਨੂੰ ਬੁਲਾਉਂਦੀ ਹੈ। ਉਸ ਨੇ ਕਿਹਾ ਕਿ ਉਸ ਨੂੰ ਨਹੀਂ ਪਤਾ ਕਿ ਉਹ ਕੀ ਕਰੇ, ਕਿਉਂਕਿ ਪੁਲਸ ਵੀ ਇਸ ਕੇਸ ਵਿੱਚ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਨ ਤੋਂ ਵੱਧ ਕੁਝ ਕਰਨ ਲਈ ਤਿਆਰ ਨਹੀਂ। ਐੱਸ ਪੀ ਸੈਂਟਰਲ ਹਰਸਿਮਰਨ ਸਿੰਘ ਨੇ ਕਿਹਾ ਕਿ ਜਦੋਂ ਉਕਤ ਮਹਿਲਾ ਆਪਣੇ ਪਤੀ ਦਾ ਘਰ ਛੱਡ ਕੇ ਭੱਜੀ ਤਾਂ ਲੀਗਲ ਤੌਰ ਉਤੇ ਉਸ ਦਾ ਘਰ ਦੀ ਜਾਇਦਾਦ ਜਾਂ ਗਹਿਣਿਆਂ 'ਤੇ ਹੱਕ ਸੀ। ਇਸ ਕਾਰਨ ਚੋਰੀ ਦਾ ਮਾਮਲਾ ਦਰਜ ਨਹੀਂ ਕਰ ਸਕਦੇ, ਪਰੰਤੂ ਪੁਲਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਕੇ ਬਣਦੀ ਕਾਰਵਾਈ ਕਰੇਗੀ।

# ਚੋਰੀ ਕਰ ਕੇ ਸਾਮਾਨ ਵੇਚਣ ਲਈ ਜਲੰਧਰ ਆਏ ਚਾਰ ਗ੍ਰਿਫਤਾਰ

ਜਲੰਧਰ, 6 ਅਗਸਤ (ਪੋਸਟ ਬਿਊਰੋ)- ਦਿਹਾਤੀ ਜ਼ਿਲਾ ਜਲੰਧਰ ਦੀ ਪੁਲਸ ਦੇ ਸੀ ਆਈ ਏ ਸਟਾਫ-2 ਨੇ ਪਠਾਨਕੋਟ ਰੋਡ ਉਤੇ ਕਸਬਾ ਭੋਗਪੁਰ ਨੇੜੇ ਐਤਵਾਰ ਸ਼ਾਮ ਆਟੋ ਵਿੱਚ ਆ ਰਹੇ ਚਾਰ ਚੋਰ ਗ੍ਰਿਫਤਾਰ ਕੀਤੇ ਹਨ। ਇਸ ਗੈਂਗ ਨੇ 28 ਜੁਲਾਈ ਦੀ ਰਾਤ ਪਠਾਨਕੋਟ ਦੇ ਕੈਂਟ ਏਰੀਆ ਵਿੱਚ ਲੈਫਟੀਨੈਂਟ ਕਰਨਲ ਦੇ ਘਰ ਚੋਰੀ ਕੀਤੀ ਸੀ। ਇਨ੍ਹਾਂ ਕੋਲੋਂ ਕਰਨਲ ਦੇ ਘਰੋਂ ਚੋਰੀ ਕੀਤੇ 5000 ਡਾਲਰ, 2.40 ਲੱਖ ਰੁਪਏ ਦੇ ਸੋਨੇ ਦੇ ਗਹਿਣੇ, ਇੱਕ ਲੇਡੀਜ਼ ਘੜੀ, ਦੋ ਚਾਂਦੀ ਦੀ ਚੇਨ, ਦੋ ਕੈਮਰੇ ਤੇ ਦੋ ਮੋਬਾਈਲ ਫੋਨ ਬਰਾਮਦ ਹੋਏ ਹਨ। ਪੁਲਸ ਨੇ ਜੰਮੂ ਦੇ 19 ਸਾਲਾ ਰਾਹੁਲ ਉਰਫ ਕਸ਼ਮੀਰੀ, ਪਠਾਨਕੋਟ ਦੇ 31 ਸਾਲਾ ਰਾਜ ਕੁਮਾਰ ਰਾਜੂ, 19 ਸਾਲਾ ਪਵਨ ਕੁਮਾਰ ਜਾਵੇਦ ਅਤੇ 25 ਸਾਲਾ ਕਾਜੀਮੰਡੀ ਦੇ ਰਾਜ ਕੁਮਾਰ ਉਰਫ ਲਾਲ ਬੱਚਾ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਦੋ ਦਿਨ ਦਾ ਰਿਮਾਂਡ ਲਿਆ ਹੈ।

ਡੀ ਐੱਸ ਪੀ ਅਮਨਦੀਪ ਸਿੰਘ ਬਰਾੜ ਨੇ ਦੱਸਿਆ ਕਿ 15 ਅਗਸਤ ਨੂੰ ਵਿਸ਼ੇਸ਼ ਚੈਕਿੰਗ ਕੀਤੀ ਜਾ ਰਹੀ ਹੈ ਤਾਂ ਪਠਾਨਕੋਟ ਵੱਲੋਂ ਆ ਰਹੇ ਆਟੋ ਦੀ ਨੰਬਰ ਪਲੇਟ ਮਿੱਟੀ ਨਾਲ ਢੱਕੀ ਹੋਈ ਸੀ। ਡਰਾਈਵਰ ਰਾਜ ਕੁਮਾਰ ਨੇ ਦੱਸਿਆ ਕਿ ਪਠਾਨਕੋਟ ਤੋਂ ਜਲੰਧਰ ਜਾ ਰਹੇ ਹਨ। ਤਲਾਸ਼ੀ ਲਈ ਗਈ ਤਾਂ ਸੋਨੇ ਦੇ ਗਹਿਣੇ ਤੇ ਅਮਰੀਕੀ ਡਾਲਰ ਮਿਲੇ। ਰਾਜ ਕੁਮਾਰ ਕਤਲ ਦੇ ਕੇਸ ਵਿੱਚ ਜ਼ਮਾਨਤ 'ਤੇ ਆਇਆ ਹੋਇਆ ਹੈ। ਲਾਲ ਬੱਚਾ ਜੇਲ੍ਹ ਵਿੱਚ ਸੀ ਤਾਂ ਉਸ ਦੀ ਦੋਸਤੀ ਰਾਜ ਕੁਮਾਰ ਨਾਲ ਹੋ ਗਈ ਸੀ। ਰਾਜ ਕੁਮਾਰ ਨੇ ਕਿਹਾ ਕਿ ਜੰਮੂ ਅਤੇ ਪਠਾਨਕੋਟ ਵਿੱਚ ਚੋਰੀਆਂ ਕਰਦੇ ਹਨ। ਇੱਕ ਆਟੋ ਪਠਾਨਕੋਟ ਵਿੱਚ ਖੜ੍ਹਾ ਰਹਿੰਦਾ ਹੈ। ਰਾਜ ਕੁਮਾਰ ਨੇ ਮੰਨਿਆ ਵਿੱਚ 28 ਜੁਲਾਈ ਦੀ ਰਾਤ ਪਠਾਨਕੋਟ ਦੇ ਮਾਮੂਨ ਕੈਂਟ ਏਰੀਆ ਵਿੱਚ ਵੱਡੀ ਚੋਰੀ ਕੀਤੀ ਸੀ। ਉਥੋਂ ਡਾਲਰ ਮਿਲੇ ਸਨ। ਉਹ ਪਠਾਨਕੋਟ ਵਿੱਚ ਸੋਨੇ ਦੇ ਗਹਿਣੇ ਵੇਚਣਾ ਚਾਹੁੰਦੇ ਸਨ, ਪਰ ਜੰਮੂ ਵਿੱਚ ਤਣਾਅ ਬਾਰੇ ਖਬਰਾਂ ਆਉਣ ਲੱਗੀਆਂ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

•Super Visa Insurance
•Visitor Visa Insurance
•Travel Insurance
•Student Insurance
•New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
Avon Financial
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

ਨਵਾਂ ਘਾਹ ਲਵਾਉ
647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
www.ksgpestcontrol.ca
ksgpestcontrol@gmail.com
Amarjeet Singh Gill

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ
ਇੱਕ ਵਾਰੀ ਕਾਲ ਜ਼ਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law, Business Law, Wills & Estates, Family Law, Power of Attorney, Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca



# ਧਾਰਾ 370 ਦੀ ਬਹਿਸ ਨੇ ਧਾਰਾ 371 ਦਾ ਮੁੱਦਾ ਵੀ ਉਛਾਲਿਆ

*** ਕਈ ਰਾਜਾਂ ਨੂੰ ਮਿਲੇ ਹੋਏ ਹਨ ਵਿਸ਼ੇਸ਼ ਅਧਿਕਾਰ**

ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ)- ਬੀਤੀ 5 ਅਗਸਤ ਦੇ ਦਿਨ ਨੂੰ ਮੋਦੀ ਸਰਕਾਰ ਨੇ ਭਾਰਤੀ ਇਤਿਹਾਸ ਵਿੱਚ ਦਰਜ ਕਰਵਾ ਦਿੱਤਾ ਹੈ। ਇਸ ਦਿਨ ਨੂੰ ਮੋਦੀ ਸਰਕਾਰ ਨੇ ਐਲਾਨ ਜੰਮੂ-ਕਸ਼ਮੀਰ ਰਾਜ ਦੀ ਵਿਸ਼ੇਸ਼ ਧਾਰਾ 370 ਤੇ ਧਾਰਾ 35ਏ ਨੂੰ ਖ਼ਤਮ ਕਰ ਦਿੱਤਾ ਹੈ। ਰਾਜ ਸਭਾ ਵਿੱਚ ਇਸ ਦਾ ਸੰਕਲਪ ਪੇਸ਼ ਕਰ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਲਾਨ ਕੀਤਾ ਕਿ ਇਸ ਦੇ ਬਾਅਦ ਦੇਸ਼ ਦੇ ਦੂਸਰੇ ਹਿੱਸਿਆ ਵਿਚੇ ਲੋਕ ਵੀ ਓਥੇ ਜ਼ਮੀਨ ਖਰੀਦ ਸਕਦੇ ਹਨ। ਇਸ ਦੇ ਨਾਲ ਇਹ ਸਵਾਲ ਉੱਠ ਪਿਆ ਹੈ ਕਿ ਭਾਰਤ ਦੇ ਕਈ ਹੋਰ ਰਾਜਾਂ ਵਿੱਚ 370 ਦੀ ਥਾਂ ਇੱਕ ਹੋਰ ਧਾਰਾ 371 ਲਾਗੂ ਹੈ ਅਤੇ ਇਸ ਕਾਰਨ ਓਥੇ ਦੂਸਰੇ ਰਾਜਾਂ ਦੇ ਭਾਰਤੀ ਨਾਗਰਿਕ ਜ਼ਮੀਨ ਨਹੀਂ ਖਰੀਦ ਸਕਦੇ। ਲੋਕ ਸਭਾ ਵਿੱਚ ਕਾਂਗਰਸ ਪਾਰਲੀਮੈਂਟ ਮੈਂਬਰ ਮੁਨੀਸ਼ ਤਿਵਾੜੀ ਨੇ ਵੀ ਧਾਰਾ 371 ਦਾ ਮੁੱਦਾ ਚੁੱਕਿਆ ਹੈ।

ਵਰਨਣ ਯੋਗ ਹੈ ਕਿ ਮਈ 2013 ਵਿੱਚ ਗੋਆ ਦੇ ਓਦੋਂ ਦੇ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਸੀ ਕਿ ਧਾਰਾ 371 ਹੇਠ ਮਿਜ਼ੋਰਮ, ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਦੇ ਵਾਂਗ ਗੋਆ ਨੂੰ ਵੀ ਵਿਸ਼ੇਸ਼ ਅਧਿਕਾਰ ਦੇ ਦਿੱਤਾ ਜਾਵੇ ਜਾਂ ਮਾਲਕੀ ਅਤੇ ਤਬਾਦਲੇ ਨੂੰ ਨਿਯਮਤ ਕਰਨ ਲਈ ਸੰਵਿਧਾਨ ਦੀ ਕੋਈ ਹੋਰ ਵਿਵਸਥਾ ਲਾਗੂ ਕੀਤੀ ਜਾਵੇ। ਏਦਾਂ ਕਰਨ ਪਿੱਛੇ ਗੋਆ ਸਰਕਾਰ ਦਾ ਇਰਾਦਾ ਇਸ ਸੂਬੇ ਦੀ ਪਛਾਣ ਸੁਰੱਖਿਅਤ ਕਰਨਾ ਸੀ। ਇਸ ਤਰ੍ਹਾਂ ਕਈ ਹੋਰ ਸੂਬੇ ਵੀ ਵਿਸ਼ੇਸ਼ ਦਰਜੇ ਦੀ ਮੰਗ ਚੁੱਕਦੇ ਰਹੇ ਹਨ। ਸੰਵਿਧਾਨ ਦੀ ਧਾਰਾ 371 ਗੁਜਰਾਤ, ਨਾਗਾਲੈਂਡ ਤੇ ਮਹਾਰਾਸ਼ਟਰ ਸਮੇਤ ਕਈ ਰਾਜਾਂ ਨੂੰ ਵਿਸ਼ੇਸ਼ ਪ੍ਰਬੰਧ ਕਰਨ ਦੇ ਲਈ ਆਗਿਆ ਦਿੰਦੀ ਹੈ।




ਮਹਾਰਾਸ਼ਟਰ ਅਤੇ ਗੁਜਰਾਤ ਦੇ ਗਵਰਨਰ ਨੂੰ ਧਾਰਾ 371 ਹੇਠ ਵਿਸ਼ੇਸ਼ ਇਹ ਜ਼ਿੰਮੇਵਾਰੀ ਦਿੱਤੀ ਗਈ ਹੈ ਕਿ ਉਹ ਮਹਾਰਾਸ਼ਟਰ ਦੇ ਵਿਦਰਭ, ਮਰਾਠਵਾੜਾ ਅਤੇ ਗੁਜਰਾਤ ਦੇ ਸੌਰਾਸ਼ਟਰ ਅਤੇ ਕੱਛ ਦੇ ਵੱਖਰੇ ਵਿਕਾਸ ਬੋਰਡ ਬਣਾ ਸਕਦੇ ਹਨ, ਜਿਸ ਨਾਲ ਇਨ੍ਹਾਂ ਇਲਾਕਿਆਂ ਵਿੱਚ ਵਿਕਾਸ ਲਈ ਫੰਡ ਦਿੱਤਾ ਜਾਵੇਗਾ। ਗਵਰਨਰ ਨੂੰ ਪੂਰਾ ਅਧਿਕਾਰ ਹੈ ਕਿ ਉਹ ਟੈਕਨੀਕਲ ਐਜੂਕੈਸ਼ਨਜ਼ ਵੋਕੇਸ਼ਨਲ ਟ੍ਰੇਨਿੰਗ ਤੇ ਰੁਜ਼ਗਾਰ ਦੇ ਪ੍ਰੋਗਰਾਮਾਂ ਦੀ ਵਿਵਸਥਾ ਕਰ ਸਕਦਾ ਹੈ।

ਸੰਵਿਧਾਨ ਦੀ ਏਸੇ ਧਾਰਾ 371 ਦੇ ਅਧੀਨ ਇਹ ਪ੍ਰਬੰਧ ਹੈ ਕਿ ਅਜਿਹੇ ਕਿਸੇ ਆਦਮੀ ਨੂੰ ਨਾਗਾਲੈਂਡ ਵਿੱਚ ਜ਼ਮੀਨ ਖਰੀਦਣ ਦੀ ਇਜਾਜ਼ਤ ਨਹੀਂ, ਜੋ ਓਥੇ ਦਾ ਨਾਗਰਿਕ ਨਹੀਂ। ਏਥੇ ਜ਼ਮੀਨ ਸਿਰਫ਼ ਓਥੋਂ ਦੇ ਨਾਗਰਿਕ ਖਰੀਦ ਸਕਦੇ ਹਨ।

ਸਾਲ 1975 ਵਿੱਚ ਸਭ ਤੋਂ ਬਾਅਦ ਸਿੱਕਮ ਭਾਰਤੀ ਯੂਨੀਅਨ ਵਿੱਚ ਸ਼ਾਮਲ ਹੋਇਆ ਸੀ ਤੇ ਇਸ ਦੇ ਨਾਲ ਧਾਰਾ 371 ਹੇਠ ਇਸ ਰਾਜ ਦੀ ਸਰਕਾਰ ਨੂੰ ਪੂਰੇ ਸੂਬੇ ਦੀ ਜ਼ਮੀਨ ਦਾ ਅਧਿਕਾਰ ਦਿੱਤਾ ਗਿਆ ਹੈ, ਭਾਵੇਂ ਉਹ ਜ਼ਮੀਨ ਭਾਰਤ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਕਿਸੇ ਦੀ ਨਿੱਜੀ ਜ਼ਮੀਨ ਕਿਉਂ ਨਾ ਹੋਵੇ। ਇਸ ਪ੍ਰਬੰਧ ਹੇਠ ਸਿੱਕਮ ਦੀ ਵਿਧਾਨ ਸਭਾ ਦਾ ਕਾਰਜਕਾਲ ਸਿਰਫ ਚਾਰ ਸਾਲਾਂ ਦਾ ਮਿਥਿਆ ਹੈ।

ਧਾਰਾ 371 ਬੀ ਦੇ ਅਨੁਸਾਰ ਅਸਾਮ ਵਿੱਚ ਵਿਸ਼ੇਸ਼ ਪ੍ਰਬੰਧ ਹਨ ਤੇ ਜਦੋਂ 1972 ਵਿੱਚ ਮਣੀਪੁਰ ਬਣਾਇਆ ਗਿਆ ਤਾਂ ਇਸ ਨੂੰ ਵਿਸ਼ੇਸ਼ ਪ੍ਰਬੰਧ ਦੇਣ ਲਈ ਧਾਰਾ 371-ਸੀ ਲਿਆਂਦੀ ਗਈ ਸੀ।

ਮਿਜ਼ੋਰਮ ਵਿੱਚ ਸਿਰਫ਼ ਓਥੋਂ ਦੇ ਆਦਿਵਾਸੀ ਲੋਕ ਇਸ ਧਾਰਾ ਮੁਤਾਬਿਕ ਓਥੋਂ ਦੀ ਜ਼ਮੀਨ ਦੇ ਮਾਲਕ ਹੋਣਗੇ। ਓਥੇ ਪ੍ਰਾਈਵੇਟ ਸੈਕਟਰ ਉਦਯੋਗ ਚਲਾਉਣ ਲਈ ਜ਼ਮੀਨ ਲੈ ਸਕਦਾ ਹੈ, ਪਰ ਉਹ ਸਿਰਫ਼ ਸੂਬਾ ਸਰਕਾਰ ਦੇ ਮਿਜ਼ੋਰਮ ਐਕਟ 2016 ਹੇਠ ਅਜਿਹਾ ਕਰ ਸਕਦੇ ਹਨ।

ਧਾਰਾ 371 ਦੇ ਅਧੀਨ ਹੈਦਰਾਬਾਦ ਤੇ ਕਰਨਾਟਕ ਖੇਤਰ ਦੇ ਵੱਖਰੇ ਵਿਕਾਸ ਬੋਰਡ ਬਣਾਉਣ ਦਾ ਪ੍ਰਬੰਧ ਹੈ। ਇਸ ਦੇ ਨਾਲ ਰਾਜ ਸਰਕਾਰ ਦੀਆਂ ਸਿੱਖਿਆ ਸੰਸਥਾਵਾਂ ਅਤੇ ਨੌਕਰੀਆਂ ਵਿੱਚ ਹੈਦਰਾਬਾਦ ਤੇ ਕਰਨਾਟਕ ਵਿੱਚ ਜੰਮੇ ਲੋਕਾਂ ਨੂੰ ਤੈਅ ਹੱਦ ਤੱਕ ਰਾਖਵਾਂਕਰਨ ਵੀ ਦਿੱਤਾ ਜਾਂਦਾ ਹੈ।

## ਜੰਮੂ ਕਸ਼ਮੀਰ ਵਿੱਚ ਪ੍ਰਾਪਰਟੀ ਵਿੱਚ 50 ਫੀਸਦੀ ਤੱਕ ਉਛਾਲ ਆ ਸਕਦੈ



ਜੰਮੂ, 6 ਅਗਸਤ (ਪੋਸਟ ਬਿਊਰੋ)- ਜੰਮੂ ਕਸ਼ਮੀਰ 'ਤੇ ਮੋਦੀ ਸਰਕਾਰ ਦੇ ਇਤਿਹਾਸਕ ਫੈਸਲੇ ਨੂੰ ਭਾਵੇਂ ਕਾਂਗਰਸ ਅਤੇ ਪੀ ਡੀ ਪੀ ਵਰਗੀਆਂ ਪਾਰਟੀਆਂ ਜੰਮੂ ਕਸ਼ਮੀਰ ਦੀ ਜਨਤਾ ਨਾਲ ਧੋਖਾ ਦੱਸਦੀਆਂ ਹਨ, ਇਸ ਫੈਸਲੇ ਨਾਲ ਜੰਮੂ ਕਸ਼ਮੀਰ ਵਿੱਚ ਪ੍ਰਾਪਰਟੀ ਦੇ ਰੇਟ ਵਿੱਚ 50 ਫੀਸਦੀ ਦੇ ਉਛਾਲ ਦਾ ਅੰਦਾਜ਼ਾ ਲਾਇਆ ਜਾ ਰਿਹਾ ਹੈ।

ਅਸਲ ਵਿੱਚ ਮੋਦੀ ਸਰਕਾਰ ਦੇ ਇਸ ਫੈਸਲੇ ਦੇ ਬਾਅਦ ਭਾਰਤ ਦਾ ਕੋਈ ਵੀ ਨਾਗਰਿਕ ਜਦੋਂ ਚਾਹੇ ਤਾਂ ਉਹ ਜੰਮੂ ਕਸ਼ਮੀਰ ਵਿੱਚ ਘਰ, ਪਲਾਟ, ਖੇਤੀ ਦੀ ਜ਼ਮੀਨ, ਦੁਕਾਨ ਆਦਿ ਖਰੀਦ ਸਕੇਗਾ। ਪਹਿਲਾਂ ਕੇਵਲ ਇਸ ਰਾਜ ਦਾ ਵਾਸੀ ਹੀ ਜਾਇਦਾਦ ਖਰੀਦ ਸਕਦਾ ਸੀ। ਮੋਦੀ ਸਰਕਾਰ ਦੇ ਇਸ ਫੈਸਲੇ ਦੇ ਜੰਮੂ ਕਸ਼ਮੀਰ ਦੇ ਰੀਅਲ ਅਸਟੇਟ ਵਿੱਚ ਜ਼ਬਰਦਸਤ ਉਛਾਲ ਦੀ ਉਮੀਦ ਕੀਤੀ ਜਾ ਰਹੀ ਹੈ। ਜੰਮੂ ਕਸ਼ਮੀਰ ਵਿੱਚ ਦੇਸ਼ ਦੀ ਤੁਲਨਾ ਵਿੱਚ ਪ੍ਰਾਪਰਟੀ ਦੀ ਕੀਮਤ ਬੇਹੱਦ ਘੱਟ ਹੈ। ਸ੍ਰੀਨਗਰ ਦੇ ਪੰਥਾ ਚੌਕ ਇਲਾਕੇ ਵਿੱਚ ਫਿਲਹਾਲ 2300 ਰੁਪਏ ਸਕੇਅਰ ਫੁੱਟ ਦੇ ਹਿਸਾਬ ਘਰ ਮਿਲ ਜਾਂਦੇ ਹਨ, ਜਦ ਕਿ ਇਹ ਇਲਾਕਾ ਲੋਕੇਸ਼ਨ ਪੱਖੋਂ ਬਿਹਤਰੀਨ ਹੈ। ਪੰਥਾ ਚੌਕ ਇਲਾਕੇ ਵਿੱਚ ਸਟੇਡੀਅਮ ਅਤੇ ਕੇਂਦਰੀ ਵਿਦਿਆਲਾ ਵੀ ਹੈ, ਪਰ ਇਥੇ ਪ੍ਰਾਪਰਟੀ ਦੇ ਰੇਟ ਦੇਸ਼ ਦੇ ਦੂਸਰੇ ਸ਼ਹਿਰਾਂ ਦੇ ਮੁਕਾਬਲੇ ਬੇਹੱਦ ਘੱਟ ਹਨ। ਜੰਮੂ ਦੇ ਪੱਕੀ-ਢੱਕੀ ਇਲਾਕੇ ਵਿੱਚ ਵੀ ਪ੍ਰਾਪਰਟੀ ਦੇ ਰੇਟ ਵਿੱਚ ਉਛਾਲ ਦੀ ਆਸ ਹੈ। ਪੱਕੀ-ਢੱਕੀ ਦੇ ਨੇੜੇ ਮੁਬਾਰਕ ਮੰਡੀ ਪਲੇਸ ਹੈ, ਜਿੱਥੇ ਫਿਲਹਾਲ ਚਾਲੀ ਲੱਖ ਰੁਪਏ ਵਿੱਚ 1,634 ਸਕੇਅਰ ਫੁੱਟ ਦਾ ਛੇ ਮਰਲੇ ਦਾ ਘਰ ਆਸਾਨੀ ਨਾਲ ਮਿਲ ਜਾਂਦਾ ਹੈ। ਜੰਮੂ ਕਸ਼ਮੀਰ ਦੀ ਤੁਲਨਾ ਵਿੱਚ ਦੇਸ਼ ਦੇ ਹੋਰਨਾਂ ਸ਼ਹਿਰਾਂ ਵਿੱਚ ਪ੍ਰਾਪਰਟੀ ਦੀ ਕੀਮਤ ਕਾਫੀ ਵੱਧ ਹੈ। ਉਤਰ ਪ੍ਰਦੇਸ਼ ਦੇ ਮੇਰਠ ਸ਼ਹਿਰ ਵਿੱਚ ਵੀ ਜੰਮੂ ਕਸ਼ਮੀਰ ਤੋਂ ਜ਼ਿਆਦਾ ਪ੍ਰਾਪਰਟੀ ਦੇ ਰੇਟ ਹਨ। ਦਰਅਸਲ ਜੰਮੂ ਕਸ਼ਮੀਰ ਵਿੱਚ ਹੁਣ ਤੱਕ ਬਾਹਰੀ ਲੋਕ ਘਰ ਜ਼ਮੀਨ ਨਹੀਂ ਖਰੀਦ ਸਕਦੇ ਸਨ, ਜਿਸ ਕਾਰਨ ਪ੍ਰਾਪਰਟੀ ਦੀ ਕੀਮਤ ਇੱਕ ਨਾਨ-ਮੈਟਰੋ ਸਿਟੀ ਦੇ ਮੁਕਾਬਲੇ ਵੀ ਘੱਟ ਹੈ।

## ਸੁਬਰਾਮਣੀਅਮ ਸਵਾਮੀ ਨੇ ਮਕਬੂਜ਼ਾ ਕਸ਼ਮੀਰ ਦੀ ਵਾਪਸੀ ਨੂੰ ਨਵਾਂ ਏਜੰਡਾ ਕਹਿ ਦਿੱਤਾ

ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ)- ਰਾਜ ਸਭਾ ਦੇ ਨਾਮਜ਼ਦ ਮੈਂਬਰ ਸੁਬਰਾਮਣੀਅਮ ਸਵਾਮੀ ਨੇ ਕੱਲ੍ਹ ਕਿਹਾ ਕਿ ਧਾਰਾ 370 ਨੂੰ ਖਤਮ ਕਰਨ ਤੋਂ ਬਾਅਦ ਨਰਿੰਦਰ ਮੋਦੀ ਸਰਕਾਰ ਦਾ ਅਗਲਾ ਏਜੰਡਾ ਪਾਕਿਸਤਾਨੀ ਕਬਜ਼ੇ ਵਾਲੇ ਖੇਤਰ (ਮਕਬੂਜ਼ਾ ਕਸ਼ਮੀਰ) ਨੂੰ ਵਾਪਸ ਹਾਸਲ ਕਰਨਾ ਹੋਣਾ ਚਾਹੀਦਾ ਹੈ।



ਧਾਰਾ 370 ਨੂੰ ਖਤਮ ਕਰਨ ਦੇ ਮਤੇ ਦਾ ਸਮਰਥਨ ਕਰਦੇ ਹੋਏ ਸਵਾਮੀ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਕਸ਼ਮੀਰ ਮਸਲੇ ਉਤੇ ਵਿਚੋਲਗੀ ਕਰਨ ਲਈ ਕੁਝ ਨਹੀਂ ਰਹਿ ਗਿਆ। ਉਹ ਸਿਰਫ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਭਾਰਤ ਤੋਂ ਗੈਰ ਕਾਨੂੰਨੀ ਤਰੀਕੇ ਨਾਲ ਹਾਸਲ ਜ਼ਮੀਨ ਵਾਪਸ ਕਰਨ ਕਰਨ ਲਈ ਕਹਿ ਸਕਦੇ ਹਨ। ਉਨ੍ਹਾਂ ਕਿਹਾ, 'ਪਾਕਿਸਤਾਨ ਦੇ ਕਬਜ਼ੇ ਵਾਲੇ ਖੇਤਰ ਨੂੰ ਵਾਪਸ ਲੈਣਾ ਸਾਡਾ ਅਗਲਾ ਏਜੰਡਾ ਹੈ। ਮੈਨੂੰ ਆਸ ਹੈ ਕਿ ਜਿਸ ਫੈਸਲਾਕੁਨ ਸਮਰੱਥਾ ਨਾਲ ਪ੍ਰਧਾਨ ਮੰਤਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਹ ਕਦਮ ਚੁੱਕਿਆ ਹੈ, ਉਹ ਅਗਲਾ ਕਦਮ ਵੀ ਉਠਾਉਣਗੇ, ਖਾਸ ਕਰਕੇ ਉਦੋਂ ਜਦ ਕਿ ਅਸੀਂ ਪਾਰਲੀਮੈਂਟ ਦੇ ਮਤੇ ਮੁਤਾਬਕ ਉਸ ਨੂੰ ਵਾਪਸ ਹਾਸਲ ਕਰਨ ਲਈ ਤਿਆਰ ਹਾਂ।' ਇਸ ਸੰਬੰਧ ਵਿੱਚ ਉਨ੍ਹਾਂ ਦੱਸਿਆ ਕਿ ਨਰਸਿਮ੍ਹਾ ਰਾਓ ਸਰਕਾਰ ਦੇ ਸਮੇਂ ਪਾਰਲੀਮੈਂਟ ਨੇ ਮਕਬੂਜ਼ਾ ਕਸ਼ਮੀਰ ਨੂੰ ਵਾਪਸ ਲੈਣ ਲਈ ਸਰਬ ਸੰਮਤੀ ਨਾਲ ਮਤਾ ਪਾਸ ਕੀਤਾ ਸੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਦੋਂ ਤੱਕ ਧਾਰਾ 370 ਹੋਂਦ ਵਿੱਚ ਸੀ, ਕਈ ਅਨਸਰ ਉਸ ਦਾ ਫਾਇਦਾ ਉਠਾ ਰਹੇ ਸਨ। ਇਹੀ ਨਹੀਂ, ਪਿੱਛੇ ਜਿਹੇ ਇਮਰਾਨ ਖਾਨ ਜਦੋਂ ਅਮਰੀਕੀ ਰਾਸ਼ਟਰਪਤੀ ਨਾਲ ਮਿਲੇ ਤੇ ਅਮਰੀਕੀ ਰਾਸ਼ਟਰਪਤੀ ਨੇ ਗਲਤੀ ਨਾਲ ਕਹਿ ਦਿੱਤਾ ਕਿ ਉਹ ਵਿਚੋਲਗੀ ਕਰਨ ਦੇ ਇੱਛੁਕ ਹਨ ਤਾਂ ਕੁਝ ਅਨਸਰ ਬੇਹੱਦ ਉਤਸ਼ਾਹਿਤ ਹੋ ਗਏ ਸਨ। ਕਾਨੂੰਨ ਤੋਂ ਅਣਜਾਣ ਰਹਿਣ ਲਈ ਕਾਂਗਰਸ ਦੀ ਆਲੋਚਨਾ ਕਰਦੇ ਹੋਏ ਸਵਾਮੀ ਨੇ ਕਿਹਾ ਕਿ ਧਾਰਾ 370 ਨੂੰ ਰਾਸ਼ਟਰਪਤੀ ਦੇ ਆਦੇਸ਼ ਨਾਲ ਹਟਾਇਆ ਜਾ ਸਕਦਾ ਹੈ ਤੇ ਉਸ ਲਈ ਸੰਵਿਧਾਨ ਵਿੱਚ ਸੋਧ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ, ਸੰਵਿਧਾਨ ਸਭਾ ਨੇ ਆਪਣੀ ਕਾਰਵਾਈ 1956 ਵਿੱਚ ਖਤਮ ਕੀਤੀ ਸੀ ਅਤੇ ਜੰਮੂ ਕਸ਼ਮੀਰ ਦੇ ਸੰਵਿਧਾਨ ਦੀ ਭੂਮਿਕਾ ਦੀ ਸਿਫਾਰਸ਼ ਕੀਤੀ ਸੀ, ਜਿਹੜਾ ਕਹਿੰਦਾ ਹੈ ਕਿ ਜੰਮੂ ਕਸ਼ਮੀਰ ਭਾਰਤ ਦਾ ਅਨਿੱਖੜਵਾਂ ਹਿੱਸਾ ਹੋਵੇਗਾ। ਜੰਮੂ ਕਸ਼ਮੀਰ ਭਾਰਤ ਦਾ ਅਭਿੰਨ ਅੰਗ ਹੈ। ਇਹ ਜੰਮੂ ਕਸ਼ਮੀਰ ਦੇ ਸੰਵਿਧਾਨ ਵਿੱਚ ਹੈ। ਸੰਵਿਧਾਨ 'ਚ ਧਾਰਾ 370 ਦਾ ਕੋਈ ਜ਼ਿਕਰ ਨਹੀਂ ਹੈ, ਇਸ ਲਈ ਮੈਨੂੰ ਲੱਗਦਾ ਹੈ ਕਿ ਕਾਂਗਰਸ ਦੇ ਨੇਤਾ ਕਾਨੂੰਨ ਤੋਂ ਬਿਲਕੁਲ ਅਣਜਾਣ ਹਨ। ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਕਾਨੂੰਨ ਕੀ ਕਹਿੰਦਾ ਹੈ।

## ਪੱਤਰਕਾਰਾਂ ਨੂੰ ਮਾਲੇਗਾਓਂ ਕੇਸ ਦੀ ਬੰਦ ਕਮਰਾ ਸੁਣਵਾਈ ਉੱਤੇ ਇਤਰਾਜ਼

ਮੁੰਬਈ, 6 ਅਗਸਤ (ਪੋਸਟ ਬਿਊਰੋ)- ਮਾਲੇਗਾਓਂ ਧਮਾਕਾ ਮਾਮਲੇ 'ਚ ਪੱਤਰਕਾਰਾਂ ਦੇ ਇਕ ਗਰੁੱਪ ਨੇ ਵਿਸ਼ੇਸ਼ ਅਦਾਲਤ ਵਿੱਚ ਬੰਦ ਕਮਰੇ ਵਿੱਚ ਸੁਣਵਾਈ ਦੀ ਐਨ ਆਈ ਏ ਦੀ ਪਟੀਸ਼ਨ ਦੇ ਖਿਲਾਫ ਅਰਜ਼ੀ ਦਿੱਤੀ ਹੈ।



ਮਹਾਰਾਸ਼ਟਰ ਦੇ ਨਾਸਿਕ ਜ਼ਿਲੇ ਦੇ ਮਾਲੇਗਾਓਂ ਕਸਬੇ ਦੀ ਮਸਜਿਦ ਵਿੱਚ 29 ਸਤੰਬਰ 2008 ਨੂੰ ਹੋਏ ਧਮਾਕੇ ਵਿੱਚ ਛੇ ਲੋਕ ਮਾਰੇ ਗਏ ਅਤੇ 100 ਜ਼ਖਮੀ ਹੋਏ ਸਨ। ਇਸ ਮਾਮਲੇ 'ਚ ਭਾਜਪਾ ਐਮ ਪੀ ਪ੍ਰਗਿਆ ਸਿੰਘ ਠਾਕੁਰ ਅਤੇ ਲੈਫਟੀਨੈਂਟ ਕਰਨਲ ਪ੍ਰਸਾਦ ਪੁਰੋਹਿਤ ਦੋਸ਼ੀ ਹਨ। ਬੰਦ ਕਮਰਾ ਸੁਣਵਾਈ ਵਿੱਚ ਜੱਜ, ਦੋਵਾਂ ਧਿਰਾਂ ਦੇ ਵਕੀਲ, ਮੁਦੱਈ ਤੇ ਦੂਸਰੀ ਧਿਰ ਹੀ ਮੌਜੂਦ ਰਹਿੰਦੇ ਹਨ। ਇਸ ਤਰ੍ਹਾਂ ਦੀ ਸੁਣਵਾਈ 'ਚ ਮੀਡੀਆ ਅਤੇ ਆਮ ਲੋਕਾਂ ਦੇ ਸਾਹਮਣੇ ਨਹੀਂ ਹੁੰਦੀ। ਇਸ ਸੁਣਵਾਈ ਦੀ ਜਾਣਕਾਰੀ ਵੀ ਜਨਤਕ ਨਹੀਂ ਕੀਤੀ ਜਾ ਸਕਦੀ। ਪਿਛਲੇ ਹਫਤੇ ਰਾਸ਼ਟਰੀ ਜਾਂਚ ਏਜੰਸੀ (ਐਨ ਆਈ ਏ) ਨੇ ਅਦਾਲਤ 'ਚ ਬੰਦ ਕਮਰਾ ਸੁਣਵਾਈ ਦੀ ਅਰਜ਼ੀ ਦਿੱਤੀ ਸੀ। ਇਸ ਲਈ ਮਾਮਲੇ ਦਾ ਸੰਵੇਦਨਸ਼ੀਲ ਹੋਣਾ ਦੱਸਿਆ ਗਿਆ ਸੀ। ਇਸ ਨੂੰ 38 ਗਵਾਹਾਂ ਦੀ ਸੁਰੱਖਿਆ ਦੇ ਪੱਖ ਤੋਂ ਜ਼ਰੂਰੀ ਦੱਸਿਆ ਸੀ। ਐਨ ਆਈ ਏ ਨੇ ਆਪਣੀ ਅਰਜ਼ੀ 'ਚ ਕਿਹਾ ਸੀ ਕਿ ਇਹ ਉਸ ਇਲਾਕੇ 'ਚ ਹੋਈ ਵਾਰਦਾਤ ਦਾ ਕੇਸ ਹੈ ਜਿਥੇ ਇਕ ਖਾਸ ਭਾਈਚਾਰੇ ਦੇ ਲੋਕਾਂ ਦੀ ਬਹੁਗਿਣਤੀ ਹੈ। ਇਸ ਨਾਲ ਸੁਣਵਾਈ ਦੀ ਜਾਣਕਾਰੀ ਜਨਤਕ ਹੋਣ 'ਤੇ ਤਣਾਅ ਵਧੇਗਾ ਤੇ ਗਵਾਹਾਂ ਦੀ ਸੁਰੱਖਿਆ ਖਤਰੇ 'ਚ ਪਵੇਗੀ।

ਕੱਲ੍ਹ ਐਨ ਆਈ ਏ ਦੀ ਇਸ ਤਰ੍ਹਾਂ ਦੀ ਅਰਜ਼ੀ ਦੇ ਖਿਲਾਫ ਵੱਖ-ਵੱਖ ਅਖਬਾਰਾਂ ਅਤੇ ਟੀ ਵੀ ਨਿਊਜ਼ ਚੈਨਲਾਂ ਦੇ 11 ਪੱਤਰਕਾਰਾਂ ਨੇ ਅਰਜ਼ੀ ਦਿੱਤੀ। ਉਨ੍ਹਾਂ ਨੇ ਜਾਣਕਾਰੀਆਂ ਨੂੰ ਗੁਪਤ ਨਾ ਰੱਖਣ ਦੀ ਅਪੀਲ ਕੀਤੀ। ਵਕੀਲ ਰਿਜ਼ਮਾਨ ਮਰਚੈਂਟਅ ਤੇ ਗਾਇਤਰੀ ਗੋਖਲੇ ਦੀ ਇਸ ਅਰਜ਼ੀ 'ਚ ਪੱਤਰਕਾਰਾਂ ਨੇ ਮਾਮਲੇ ਦੀ ਰਿਪੋਰਟਿੰਗ ਦੇ ਆਪਣੇ ਅਧਿਕਾਰ ਤੇ ਉਸ ਦੀ ਜਾਣਕਾਰੀ ਜਨਤਾ ਨੂੰ ਦੇਣ ਦਾ ਹਵਾਲਾ ਦਿੱਤਾ ਅਤੇ ਕਿਹਾ ਹੈ ਕਿ ਮਾਮਲੇ ਨੂੰ ਗੁਪਤ ਬਣਾਈ ਰੱਖਣ ਨਾਲ ਬਿਆਨ ਕਰਨ ਦੀ ਆਜ਼ਾਦੀ ਦੇ ਅਧਿਕਾਰ ਦਾ ਘਾਣ ਹੋਵੇਗਾ। ਜਸਟਿਸ ਵਿਨੋਦ ਪਡਾਲਕਰ ਨੇ ਪੱਤਰਕਾਰਾਂ ਦੀ ਅਰਜ਼ੀ ਨੂੰ ਪ੍ਰਵਾਨ ਕਰ ਲਿਆ ਹੈ। ਇਸ 'ਤੇ ਐਨ ਆਈ ਏ ਵੱਲੋਂ ਜਵਾਬ ਦਾਖਲ ਕੀਤਾ ਜਾਵੇਗਾ।

## ਸੱਜਣ ਕੁਮਾਰ ਨੂੰ ਜ਼ਮਾਨਤ ਦੇਣ ਤੋਂ ਸੁਪਰੀਮ ਕੋਰਟ ਦਾ ਇਨਕਾਰ

ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ 1984 ਦੇ ਸਿੱਖ ਕਤਲੇਆਮ ਦੇ ਕੇਸ ਆਮ ਮਾਮਲੇ ਨਹੀਂ ਹਨ ਤੇ ਕਾਂਗਰਸ ਦੇ ਸਾਬਕਾ ਆਗੂ ਸੱਜਣ ਕੁਮਾਰ ਦੇ ਕੇਸ ਵਿੱਚ ਸੁਣਵਾਈ ਤੋਂ ਬਿਨਾਂ ਉਸ ਦੀ ਉਮਰ ਕੈਦ ਦੀ ਸਜ਼ਾ ਨੂੰ ਰੱਦ ਕਰਨ ਦਾ ਹੁਕਮ ਦੇਣਾ ਮੁਸ਼ਕਲ ਹੈ। ਇਸ ਕੇਸ ਵਿੱਚ ਸੁਪਰੀਮ ਕੋਰਟ ਨੇ ਕਿਹਾ ਕਿ ਸੱਜਣ ਕੁਮਾਰ ਦੀ ਅਪੀਲ 'ਤੇ ਅਗਲੇ ਸਾਲ ਮਈ ਮਹੀਨੇ ਵਿੱਚ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਵਿਸ਼ੇਸ਼ ਬੈਂਚ ਸੁਣਵਾਈ ਕਰੇਗੀ। ਇਸ ਤੋਂ ਪਹਿਲਾਂ ਸੀ ਬੀ ਆਈ ਨੇ ਸੱਜਣ ਕੁਮਾਰ ਦੀ ਜ਼ਮਾਨਤ ਦਾ ਵਿਰੋਧ ਕੀਤਾ ਅਤੇ ਕਿਹਾ ਸੀ ਕਿ ਸੱਜਣ ਕੁਮਾਰ ਦੇ ਵਿਰੁੱਧ ਅਪਰਾਧ ਸਾਬਤ ਹੋ ਚੁੱਕੇ ਹਨ। ਨਾਲ ਹੀ ਦੂਜੇ ਕੇਸਾਂ ਦੀ ਸੁਣਵਾਈ ਵੀ ਜਾਰੀ ਹੈ ਅਤੇ ਉਹ ਸੀ ਬੀ ਆਈ ਦੇ ਕੰਮ ਵਿੱਚ ਰੁਕਾਵਟ ਪਾ ਚੁੱਕਾ ਹੈ। ਕੋਰਟ ਨੇ ਸੀ ਬੀ ਆਈ ਦੇ ਬਾਕੀ ਕੇਸਾਂ ਦਾ ਵੇਰਵਾ ਮੰਗਿਆ ਸੀ। ਸੱਜਣ ਦੀ ਅਪੀਲ ਅਤੇ ਜ਼ਮਾਨਤ ਪਟੀਸ਼ਨ ਉਤੇ ਸੁਪਰੀਮ ਕੋਰਟ ਨੇ ਸੀ ਬੀ ਆਈ ਨੂੰ ਨੋਟਿਸ ਜਾਰੀ ਕਰ ਕੇ ਛੇ ਹਫਤਿਆਂ 'ਚ ਜਵਾਬ ਮੰਗਿਆ ਸੀ।

## ਜੰਮੂ ਕਸ਼ਮੀਰ ਲਈ ਵੱਖਰਾ ਸੰਵਿਧਾਨ ਅਤੇ ਝੰਡਾ ਨਹੀਂ ਹੋਵੇਗਾ

ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ)- ਧਾਰਾ 370 ਰੱਦ ਕਰਨ ਜਾਣ ਨਾਲ ਜੰਮੂ ਕਸ਼ਮੀਰ ਦਾ ਅੱਗੇ ਲਈ ਕੋਈ ਵੱਖਰਾ ਝੰਡਾ ਜਾਂ ਸੰਵਿਧਾਨ ਨਹੀਂ ਹੋਵੇਗਾ ਅਤੇ ਵਿਧਾਨ ਸਭਾ ਦੀ ਮਿਆਦ ਵੀ ਹੋਰ ਰਾਜਾਂ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦਿੱਲੀ ਤੇ ਪੁੱਡੂਚੇਰੀ ਵਾਂਗ ਪੰਜ ਸਾਲਾਂ ਦੀ ਹੋਵੇਗੀ। ਪਹਿਲਾਂ ਜੰਮੂ ਕਸ਼ਮੀਰ ਵਿਧਾਨ ਸਭਾ ਦੀ ਮਿਆਦ ਛੇ ਸਾਲਾਂ ਦੀ ਹੁੰਦੀ ਸੀ ਅਤੇ ਇਸ ਗੱਲੋਂ ਇਹ ਰਾਜ ਬਾਕੀ ਰਾਜਾਂ ਤੋਂ ਵੱਖਰਾ ਸੀ।

ਸਰਕਾਰੀ ਅਧਿਕਾਰੀਆਂ ਦੇ ਮੁਤਾਬਕ ਨਵੇਂ ਕੇਂਦਰੀ ਸ਼ਾਸਤ ਪ੍ਰਦੇਸ਼ ਜੰਮੂ ਕਸ਼ਮੀਰ ਲਈ ਲੈਫਟੀਨੈਂਟ ਗਵਰਨਰ ਲਾਇਆ ਜਾਵੇਗਾ ਅਤੇ ਵਿਧਾਨ ਸਭਾ ਦੇ 107 ਹਲਕੇ ਹੋਣਗੇ, ਜਦ ਕਿ ਹੱਦਬੰਦੀ ਪਿੱਛੋਂ ਹਲਕਿਆਂ ਦੀ ਗਿਣਤੀ ਵਧਾ ਕੇ 114 ਕੀਤੀ ਜਾਵੇਗੀ। ਧਾਰਾ 35-ਏ ਰੱਦ ਹੋਣ ਨਾਲ ਹੋਰ ਰਾਜਾਂ ਦੇ ਲੋਕ ਜੰਮੂ ਕਸ਼ਮੀਰ ਵਿੱਚ ਜ਼ਮੀਨ ਅਤੇ ਜਾਇਦਾਦ ਖਰੀਦਣ ਦੇ ਯੋਗ ਹੋਣਗੇ ਅਤੇ ਇਥੇ ਸੂਚਨਾ ਅਧਿਕਾਰ ਐਕਟ ਵੀ ਲਾਗੂ ਹੋਵੇਗਾ। ਇਸ ਸੂਬੇ ਵਿੱਚ ਅਪਰਾਧਕ ਕੇਸਾਂ ਨਾਲ ਨਜਿੱਠਣ ਲਈ ਰਣਬੀਰ ਪੀਨਲ ਕੋਡ ਦੀ ਥਾਂ ਇੰਡੀਅਨ ਪੀਨਲ ਕੋਡ ਲਾਗੂ ਹੋਵੇਗਾ ਤੇ ਕਿਸੇ ਵੀ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਾਗੂ ਕਰਨ ਵਾਲੀ ਧਾਰਾ 356 ਜੰਮੂ ਕਸ਼ਮੀਰ ਅਤੇ ਲੱਦਾਖ ਵਿੱਚ ਵੀ ਲਾਗੂ ਕੀਤੀ ਜਾ ਸਕੇਗੀ। ਹਾਲੇ ਤੱਕ ਰਾਜ ਸਰਕਾਰ ਦੇ ਨਾਕਾਮ ਰਹਿਣ ਉਤੇ ਜੰਮੂ ਕਸ਼ਮੀਰ ਦੇ ਸੰਵਿਧਾਨ ਦੀ ਧਾਰਾ 92 ਹੇਠ ਗਵਰਨਰ ਸ਼ਾਸਨ ਛੇ ਮਹੀਨਿਆਂ ਲਈ ਲਾਇਆ ਜਾਂਦਾ ਸੀ ਅਤੇ ਫਿਰ ਰਾਸ਼ਟਰਪਤੀ ਰਾਜ ਲਾਗੂ ਕਰਕੇ ਉਸ ਦੀ ਮਿਆਦ ਵਧਾਈ ਜਾਂਦੀ ਸੀ। ਅੱਗੇ ਤੋਂ ਕੇਂਦਰ ਦੀ ਸਰਕਾਰ ਦੋਵਾਂ ਕੇਂਦਰੀ ਸ਼ਾਸਤ ਪ੍ਰਦੇਸ਼ਾਂ ਵਿੱਚ ਲੋੜ ਪੈਣ 'ਤੇ ਵਿੱਤੀ ਐਮਰਜੈਂਸੀ ਐਲਾਨਣ ਲਈ ਧਾਰਾ 360 ਵੀ ਲਾਗੂ ਕਰ ਸਕਦੀ ਹੈ। ਅਧਿਕਾਰੀਆਂ ਮੁਤਾਬਕ ਚੋਣ ਕਮਿਸ਼ਨ ਵੱਲੋਂ ਹਲਕਿਆਂ ਦੀ ਨਵੀਂ ਨਿਸ਼ਾਨਦੇਹੀ ਵੇਲੇ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਦੀਆਂ 24 ਸੀਟਾਂ ਖਾਲੀ ਰਹਿਣਗੀਆਂ। ਵਿਧਾਨ ਸਭਾ 'ਚ ਇਸ ਵੇਲੇ 87 ਸੀਟਾਂ ਹਨ। ਲੱਦਾਖ ਦੇ ਵੱਖਰਾ ਯੂ ਟੀ ਬਣਨ ਨਾਲ ਚਾਰ ਸੀਟਾਂ ਉਸ 'ਚੋਂ ਮਨਫੀ ਹੋ ਜਾਣਗੀਆਂ। ਲੱਦਾਖ ਵਿੱਚ ਕਾਰਗਿਲ ਅਤੇ ਲੇਹ ਜ਼ਿਲੇ ਸ਼ਾਮਲ ਹੋਣਗੇ।

## ਅੰਤਰਰਾਸ਼ਟਰੀ ਮੀਡੀਆ ਵਿੱਚ ਵੀ ਕਸ਼ਮੀਰ ਦਾ ਮੁੱਦਾ ਛਾਇਆ

ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ)- ਜੰਮੂ ਕਸ਼ਮੀਰ ਬਾਰੇ ਭਾਰਤ ਸਰਕਾਰ ਦੇ ਫੈਸਲੇ ਦੀ ਦੁਨੀਆ ਵਿੱਚ ਚਰਚਾ ਹੋ ਰਹੀ ਹੈ। ਅੰਤਰਰਾਸ਼ਟਰੀ ਮੀਡੀਆ ਦੇ ਕਈ ਪ੍ਰਮੁੱਖ ਅਖਬਾਰਾਂ ਅਤੇ ਟੀ ਵੀ ਚੈਨਲਾਂ ਨੇ ਇਸ ਖਬਰ ਨੂੰ ਪ੍ਰਮੁੱਖਤਾ ਨਾਲ ਛਾਪਿਆ ਅਤੇ ਇਸ ਬਾਰੇ ਚਰਚਾ ਕੀਤੀ ਦੱਸੀ ਜਾਂਦੀ ਹੈ।



ਅਮਰੀਕਾ ਦੇ ਚਰਚਿਤ ਅਖਬਾਰ ਦਿ ਨਿਊ ਯਾਰਕ ਟਾਈਮਜ਼ ਨੇ ਧਾਰਾ 370 ਹਟਣ ਅਤੇ ਕਸ਼ਮੀਰ ਵਿੱਚ ਫੌਜ ਦੀ ਤੈਨਾਤੀ ਬਾਰੇ ਖਬਰ ਦਿੱਤੀ ਹੈ ਅਤੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ ਧਾਰਾ 370 ਹਟਾਉਣ ਦਾ ਮੁੱਦਾ ਪਿਛਲੀਆਂ ਆਮ ਚੋਣਾਂ ਦੇ ਆਪਣੇ ਐਲਾਨ ਪੱਤਰ ਵਿੱਚ ਸ਼ਾਮਲ ਕੀਤਾ ਸੀ। ਵਾਸ਼ਿੰਗਟਨ ਪੋਸਟ ਨੇ ਆਪਣੀ ਰਿਪੋਰਟ ਵਿੱਚ ਧਾਰਾ 370 ਹਟਣ ਦੇ ਬਾਅਦ ਜੰਮੂ ਕਸ਼ਮੀਰ ਵਿੱਚ ਅਸਥਿਰਤਾ ਵਧਣ ਦਾ ਸ਼ੱਕ ਜ਼ਾਹਰ ਕੀਤਾ ਹੈ। ਨਿਊ ਯਾਰਕ ਦੇ ਰਾਜਨੀਤਕ ਮਾਹਰ ਅੰਕਿਤ ਪਾਂਡਾ ਦੇ ਹਵਾਲੇ ਨਾਲ ਵਾਸ਼ਿੰਗਟਨ ਪੋਸਟ ਨੇ ਕਿਹਾ, ਇਹ ਅਨੁਮਾਨ ਲਾਉਣਾ ਕਠਿਨ ਹੈ ਕਿ ਇਸ ਫੈਸਲੇ ਦਾ ਨਤੀਜਾ ਅੱਗੇ ਕੀ ਹੋਣ ਵਾਲਾ ਹੈ।

ਬ੍ਰਿਟੇਨ ਦੇ ਪ੍ਰਮੁੱਖ ਅਖਬਾਰ ਦਿ ਗਾਰਡੀਅਨ ਨੇ ਲਿਖਿਆ ਕਿ ਭਾਜਪਾ ਲੰਬੇ ਸਮੇਂ ਤੋਂ ਧਾਰਾ 370 ਹਟਾਉਣ ਦੀ ਮੰਗ ਕਰਦੀ ਰਹੀ ਹੈ, ਪਰ ਪਹਿਲੀ ਵਾਰ ਇਸ ਦਿਸ਼ਾ ਵਿੱਚ ਠੋਸ ਕਦਮ ਚੁੱਕਿਆ ਗਿਆ ਹੈ। ਇਹ ਫੈਸਲਾ ਭਵਿੱਖ ਵਿੱਚ ਭਾਰਤੀ ਪ੍ਰਧਾਨ ਮੰਤਰੀ ਮੋਦੀ ਦੀ ਵਿਰਾਸਤ ਦਾ ਪ੍ਰਤੀਕ ਬਣ ਸਕਦਾ ਹੈ। ਇਸ ਮੌਕੇ ਅਖਬਾਰ ਨੇ ਫੈਸਲੇ 'ਤੇ ਪਾਕਿਸਤਾਨ ਵੱਲੋਂ ਪੁਰਜ਼ੋਰ ਵਿਰੋਧ ਹੋਣ ਦੀ ਵੀ ਗੱਲ ਕੀਤੀ ਹੈ। ਕਤਰ ਦੇ ਟੀ ਵੀ ਚੈਨਲ ਅਲ ਜ਼ਜੀਰਾ ਨੇ ਵੀ ਆਪਣੀ ਵੈੱਬਸਾਈਟ ਉਤੇ ਧਾਰਾ 370 ਦੇ ਹਟਣ ਨਾਲ ਜੁੜੀਆਂ ਕਈ ਖਬਰਾਂ ਨੂੰ ਜਗ੍ਹਾ ਦਿੱਤੀ ਅਤੇ ਆਪਣੀ ਰਿਪੋਰਟ ਵਿੱਚ ਭਾਰਤ ਸਰਕਾਰ ਦੇ ਫੈਸਲੇ ਦਾ ਸਮਰਥਨ ਅਤੇ ਉਸ ਦੇ ਵਿਰੁੱਧ ਵਿੱਚ ਖੜ੍ਹੇ ਪ੍ਰਮੁੱਖ ਨੇਤਾਵਾਂ ਦੇ ਬਿਆਨਾਂ ਨੂੰ ਸ਼ਾਮਲ ਕੀਤਾ ਹੈ।

ਪਾਕਿਸਤਾਨੀ ਅਖਬਾਰ ਡਾਨ ਦੀ ਵੈੱਬਸਾਈਟ ਵੀ ਮੋਦੀ ਸਰਕਾਰ ਦੇ ਇਸ ਫੈਸਲੇ ਨਾਲ ਜੁੜੀਆਂ ਖਬਰਾਂ ਦੇ ਨਾਲ ਭਰੀ ਹੋਈ ਹੈ। ਉਸ ਨੇ ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਅਤੇ ਪੀ ਡੀ ਪੀ ਪਾਰਟੀ ਦੀ ਮੁਖੀ ਮਹਿਬੂਬਾ ਮੁਫਤੀ ਦੇ ਨਾਲ ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਦੇ ਬਿਆਨਾਂ ਨੂੰ ਪਹਿਲ ਦਿੱਤੀ ਹੈ। ਇਸ ਦੇ ਇਲਾਵਾ ਜੰਮੂ ਕਸ਼ਮੀਰ ਤੋਂ ਧਾਰਾ 370 ਹਟਣ ਦੇ ਮਾਇਨੇ ਕੀ ਹਨ, ਇਸ ਬਾਰੇ ਵੀ ਰਿਪੋਰਟ ਦਿੱਤੀ ਗਈ ਹੈ।

## ਡੇਰਾ ਮੁਖੀ ਦੀ ਪੈਰੋਲ ਦੀ ਮੰਗ ਬਾਰੇ ਉਸ ਦੀ ਪਤਨੀ ਹਾਈ ਕੋਰਟ ਜਾ ਪਹੁੰਚੀ

ਚੰਡੀਗੜ੍ਹ, 6 ਅਗਸਤ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ 85 ਸਾਲਾ ਮਾਂ ਦਿਲ ਦੇ ਰੋਗ ਦੀ ਸ਼ਿਕਾਰ ਹੈ ਅਤੇ ਜਲਦੀ ਹੀ ਉਸ ਦੀ ਐਂਜੀਓਗ੍ਰਾਫੀ ਕਰਵਾਈ ਜਾਣੀ ਹੈ। ਇਸ ਲਈ ਮਾਂ ਦੀ ਇੱਛਾ ਹੈ ਕਿ ਇਸ ਮੌਕੇ ਉਸ ਦਾ ਬੇਟਾ ਉਸ ਦੇ ਕੋਲ ਹੋਵੇ, ਜਿਸ ਕਰ ਕੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਤਿੰਨ ਹਫਤੇ ਦੀ ਪੈਰੋਲ ਦਿੱਤੇ ਜਾਣ ਦੀ ਮੰਗ ਲਈ ਉਸ ਦੀ ਪਤਨੀ ਹਰਜੀਤ ਕੌਰ ਨੇ ਹਾਈ ਕੋਰਟ ਨੂੰ ਅਰਜ਼ੀ ਦਿੱਤੀ ਹੈ। ਜਸਟਿਸ ਕੁਲਦੀਪ ਸਿੰਘ ਨੇ ਇਸ ਅਰਜ਼ੀ ਦਾ ਨਿਪਟਾਰਾ ਕਰਦੇ ਹੋਏ ਸੋਨਾਰੀਆ ਜੇਲ੍ਹ ਦੇ ਸੁਪਰਡੈਂਟ ਨੂੰ ਸਿਰਸਾ ਡੇਰੇ ਦੇ ਮੁਖੀ ਦੀ ਪੈਰੋਲ ਦੀ ਇਸ ਅਰਜ਼ੀ ਦੇ ਬਾਰੇ ਹਰਿਆਣਾ ਗੁਡ ਕੰਡਕਟ ਪ੍ਰਿਜ਼ਨਰਜ਼ ਟੈਮਪਰੇਰੀ ਰਿਲੀਜ਼ ਐਕਟ ਦੀ ਧਾਰਾ 3 (1) (ਏ) ਦੇ ਤਹਿਤ ਤੈਅ ਸਮਾਂ ਸੀਮਾ ਦੇ ਅੰਦਰ ਫੈਸਲਾ ਲੈਣ ਦੇ ਹੁਕਮ ਦੇ ਦਿੱਤੇ ਹਨ। ਇਸ ਦੇ ਨਾਲ ਕੋਰਟ ਨੇ ਕਿਹਾ ਕਿ ਜੇ ਜੇਲ੍ਹ ਸੁਪਰਡੈਂਟ ਡੇਰਾ ਮੁਖੀ ਦੀ ਇਸ ਅਰਜ਼ੀ ਤੋਂ ਸੰਤੁਸ਼ਟ ਨਹੀਂ ਤਾਂ ਉਹ ਇਸ ਅਰਜ਼ੀ 'ਤੇ ਗੌਰ ਕੀਤੇ ਜਾਣ ਲਈ ਇਸ ਨੂੰ ਸੰਬੰਧਤ ਅਥਾਰਟੀ ਕੋਲ ਭੇਜ ਸਕਦੇ ਹਨ ਅਤੇ ਸੰਬੰਧਤ ਅਥਾਰਟੀ ਵੀ ਐਕਟ ਦੀ ਤੈਅ ਸੀਮਾ ਦੇ ਅੰਦਰ ਇਸ ਅਰਜ਼ੀ ਦਾ ਨਿਪਟਾਰਾ ਕਰੇ।


Tri-City
Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
Avtar Singh Tiwana
Sales Rep.




Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City
Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।



## ਐੱਫ ਏ ਟੀ ਐੱਫ ਨਿਗਰਾਨੀ ਸੂਚੀ ਵਿੱਚੋਂ ਨਾ ਨਿਕਲਿਆ ਤਾਂ ਪਾਕਿ ਫਸ ਸਕਦੈ




ਇਸਲਾਮਾਬਾਦ, 6 ਅਗਸਤ (ਪੋਸਟ ਬਿਊਰੋ)- ਬੁਰੇ ਹਾਲ ਵਿੱਚ ਫਸੇ ਪਾਕਿਸਤਾਨ ਨੂੰ ਕੌਮਾਂਤਰੀ ਕਰੰਸੀ ਫੰਡ (ਆਈ ਐੱਮ ਐੱਫ) ਤੋਂ ਮਿਲਣ ਵਾਲਾ ਛੇ ਅਰਬ ਡਾਲਰ ਦਾ ਕਰਜ਼ਾ ਲਟਕ ਵੀ ਸਕਦਾ ਹੈ।

ਇਸਲਾਮਾਬਾਦ ਵਿੱਚ ਬੈਠੀ ਆਈ ਐੱਮ ਐੱਫ ਦੀ ਪ੍ਰਤੀਨਿਧ ਟੈਰੀਜ਼ਾ ਸਾਂਚੇਜ ਨੇ ਕਿਹਾ ਹੈ ਕਿ ਜੇਕਰ ਪਾਕਿਸਤਾਨ ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਦੀ ਗ੍ਰੇਅ ਲਿਸਟ (ਯਾਨੀ ਨਿਗਰਾਨੀ ਸੂਚੀ) ਤੋਂ ਬਾਹਰ ਨਾ ਨਿਕਲ ਸਕਿਆ ਤਾਂ ਪਿੱਛੇ ਜਿਹੇ ਮਨਜ਼ੂਰ ਹੋਇਆ ਕਰਜ਼ਾ ਖ਼ਤਰੇ ਵਿੱਚ ਪੈ ਜਾਵੇਗਾ। ਐਕਸਪ੍ਰੈੱਸ ਟ੍ਰਿਬਿਊਨ ਅਖ਼ਬਾਰ ਵਿੱਚ ਛਪੀ ਰਿਪੋਰਟ ਵਿੱਚ ਟੈਰੀਜ਼ਾ ਦੇ ਹਵਾਲੇ ਨਾਲ ਕਿਹਾ ਗਿਆ ਹੈ, 'ਐੱਫ ਏ ਟੀ ਐੱਫ ਦੀ ਨਿਗਰਾਨੀ ਸੂਚੀ ਵਿੱਚੋਂ ਨਿਕਲਣ ਵਿੱਚ ਅਸਫਲ ਹੋਣ ਉੱਤੇ ਆਈ ਐੱਮ ਐੱਫ ਦਾ ਕਰਜ਼ਾ ਖ਼ਤਰੇ ਵਿੱਚ ਪੈ ਜਾਵੇਗਾ। ਇਸ ਤੋਂ ਬਾਹਰ ਆਉਣਾ ਪਾਕਿਸਤਾਨ ਲਈ ਬੇਹੱਦ ਅਹਿਮ ਹੈ। ਇਸ ਨਾਲ ਉਹ ਆਪਣੀਆਂ ਆਰਥਿਕ ਲੋੜਾਂ ਨੂੰ ਪੂਰਾ ਕਰਨ ਲਈ ਨਿੱਜੀ ਖੇਤਰ ਤੋਂ ਵੀ ਧਨ ਲੈਣ ਦੇ ਯੋਗ ਹੋਵੇਗਾ। ਐੱਫ ਏ ਟੀ ਐੱਫ ਦੀ ਸੂਚੀ ਵਿੱਚ ਬਣੇ ਰਹੇ ਤਾਂ ਪੈਸੇ ਦਾ ਆਉਣਾ ਮੱਠਾ ਪੈਣ ਦੇ ਨਾਲ ਹੀ ਨਿੱਜੀ ਖੇਤਰ ਉੱਤੇ ਵੀ ਅਸਰ ਪਵੇਗਾ।'

ਆਈ ਐੱਮ ਐੱਫ ਨੇ ਪਿਛਲੇ ਮਹੀਨੇ ਆਰਥਿਕ ਸੰਕਟ ਵਿੱਚ ਫਸੇ ਪਾਕਿਸਤਾਨ ਨੂੰ ਛੇ ਅਰਬ ਡਾਲਰ ਦਾ ਕਰਜ਼ਾ ਦੇਣ ਉੱਤੇ ਮੋਹਰ ਲਾਈ ਸੀ। ਸੰਸਾਰ ਪੱਧਰ ਉੱਤੇ ਅੱਤਵਾਦੀ ਫੰਡਿੰਗ ਉੱਤੇ ਨਜ਼ਰ ਰੱਖਣ ਵਾਲੀ ਸੰਸਥਾ ਐੱਫ ਏ ਟੀ ਐੱਫ ਨੇ ਪਾਕਿਸਤਾਨ ਨੂੰ ਜੂਨ 2018 ਵਿੱਚ ਆਪਣੀ ਗ੍ਰੇਅ ਸੂਚੀ ਵਿੱਚ ਪਾਇਆ ਅਤੇ 27 ਨੁਕਤਿਆਂ ਉੱਤੇ ਕਾਰਵਾਈ ਕਰਨ ਲਈ ਕਿਹਾ ਸੀ। ਇਸ ਸੂਚੀ ਵਿੱਚ ਉਨ੍ਹਾਂ ਦੇਸ਼ਾਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਜੋ ਅੱਤਵਾਦੀ ਫੰਡਿੰਗ ਰੋਕਣ ਵਿੱਚ ਅਸਫਲ ਰਹਿੰਦੇ ਹਨ। ਇਸ ਸੂਚੀ ਵਿੱਚ ਪਿਆ ਰਹੇ ਤਾਂ ਪਾਕਿਸਤਾਨ ਨਾਲ ਕਾਰੋਬਾਰ ਕਰਨ ਵਾਲੇ ਬੈਂਕ ਤੇ ਸੰਸਾਰ ਪੱਧਰ ਦੀਆਂ ਕੰਪਨੀਆਂ ਵਿੱਤੀ ਸਬੰਧ ਰੱਖਣ ਉੱਤੇ ਮੁੜ ਵਿਚਾਰ ਕਰ ਸਕਦੀਆਂ ਹਨ।

## ਕਾਹਿਰਾ ਵਿੱਚ ਸੜਕ ਹਾਦਸੇ ਮਗਰੋਂ ਧਮਾਕੇ ਕਾਰਨ 20 ਮੌਤਾਂ, 47 ਜ਼ਖਮੀ




ਜਖਮੀਆਂ ਨੂੰ ਹਸਪਤਾਲ ਲਿਜਾਏ ਜਾਣ ਦਾ ਇਕ ਦ੍ਰਿਸ਼।

ਕਾਹਿਰਾ, 6 ਅਗਸਤ (ਪੋਸਟ ਬਿਊਰੋ)- ਕਾਹਿਰਾ ਵਿੱਚ ਤੇਜ਼ ਰਫਤਾਰ ਕਾਰ ਦੀ ਸਾਹਮਣੇ ਤੋਂ ਆਏ ਤਿੰਨ ਵਾਹਨਾਂ ਨਾਲ ਹੋਈ ਟੱਕਰ ਪਿੱਛੋਂ ਹੋਏ ਵੱਡੇ ਧਮਾਕੇ ਵਿੱਚ ਘੱਟੋ-ਘੱਟ 20 ਜਣਿਆਂ ਦੀ ਮੌਤ ਹੋ ਗਈ ਤੇ 47 ਜ਼ਖਮੀ ਹੋ ਗਏ।

ਮਿਸਰ ਦੇ ਸਿਹਤ ਮੰਤਰਾਲੇ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਹਾਦਸਾ ਦੇਰ ਰਾਤ ਕੇਂਦਰੀ ਕਾਹਿਰਾ ਦੇ ਨੈਸ਼ਨਲ ਕੈਂਸਰ ਇੰਸਟੀਚਿਊਟ ਦੇ ਬਾਹਰ ਵਾਪਰਿਆ। ਮ੍ਰਿਤਕਾਂ ਵਿੱਚੋਂ ਚਾਰ ਜਣਿਆਂ ਦੀ ਪਛਾਣ ਨਹੀਂ ਹੋ ਸਕੀ। ਸਿਹਤ ਮੰਤਰਾਲੇ ਦੇ ਬੁਲਾਰੇ ਖਾਲਿਦ ਮੇਗਾਹਿਡ ਨੇ ਦੱਸਿਆ ਕਿ ਜ਼ਖਮੀਆਂ ਵਿੱਚੋਂ ਤਿੰਨ ਚਾਰ ਜਣਿਆਂ ਦੀ ਹਾਲਤ ਗੰਭੀਰ ਬਣੀ ਹੋਈ ਹੈ। ਉਹ ਬੁਰੀ ਤਰ੍ਹਾਂ ਝੁਲਸੇ ਹੋਏ ਹਨ। ਸੋਸ਼ਲ ਮੀਡੀਆ ਉਤੇ ਅੱਗ ਦੀਆਂ ਲਪਟਾਂ ਵਿੱਚ ਘਿਰੀ ਕਾਰ ਅਤੇ ਕੈਂਸਰ ਇੰਸਟੀਚਿਊਟ ਵਿੱਚੋਂ ਮਰੀਜ਼ਾਂ ਨੂੰ ਬਾਹਰ ਕੱਢੇ ਜਾਣ ਦੀਆਂ ਵੀਡੀਓਜ਼ ਚੱਲ ਰਹੀਆਂ ਹਨ। ਇਸ ਹਾਦਸੇ ਵਿੱਚ ਕੈਂਸਰ ਇੰਸਟੀਚਿਊਟ ਵੀ ਬੁਰੀ ਤਰ੍ਹਾਂ ਨੁਕਸਾਨਿਆ ਗਿਆ। ਮੇਗਾਹਿਡ ਅਨੁਸਾਰ ਇੰਸਟੀਚਿਊਟ ਵਿੱਚੋਂ 78 ਮਰੀਜ਼ਾਂ ਨੂੰ ਦੂਸਰੇ ਹਸਪਤਾਲਾਂ ਵਿੱਚ ਇਲਾਜ ਲਈ ਤਬਦੀਲ ਕੀਤਾ ਗਿਆ ਹੈ। ਮਿਸਰ ਸਰਕਾਰ ਨੇ ਘਟਨਾ ਦੀ ਜਾਂਚ ਦੇ ਆਦੇਸ਼ ਦਿੱਤੇ ਹਨ।

## ਪੁਲਸ ਮੁਲਾਜ਼ਮ ਨੇ ਸੱਤ ਸਾਥੀਆਂ ਨੂੰ ਗੋਲੀਆਂ ਮਾਰ ਕੇ ਮਾਰਿਆ



ਜਖਮੀ ਨੂੰ ਹਸਪਤਾਲ ਲਿਜਾਂਦੇ ਸਾਥੀ।

ਕਾਬੁਲ, 6 ਅਗਸਤ (ਪੋਸਟ ਬਿਊਰੋ)- ਇਥੇ ਇਕ ਅਫਗਾਨ ਪੁਲਸ ਮੁਲਾਜ਼ਮ ਨੇ ਕੰਧਾਰ ਦੇ ਦੱਖਣੀ ਖਿੱਤੇ ਵਿੱਚ ਆਪਣੇ ਸਾਥੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ, ਜਿਸ ਕਾਰਨ ਸੱਤ ਪੁਲਸ ਮੁਲਾਜ਼ਮਾਂ ਦੀ ਮੌਤ ਹੋ ਗਈ। ਮੁਲਜ਼ਮ ਘਟਨਾ ਬਾਅਦ ਮੌਕੇ ਤੋਂ ਫਰਾਰ ਹੋ ਗਿਆ। ਤਾਲਿਬਾਨ ਨੇ ਇਸ ਹਮਲੇ ਦੀ ਜਾਣਕਾਰੀ ਲਈ ਹੈ।

ਇਸ ਸੰਬੰਧ ਵਿੱਚ ਤਾਲਿਬਾਨ ਦਾ ਕਹਿਣਾ ਹੈ ਕਿ ਪੁਲਸ ਮੁਲਾਜ਼ਮ ਉਨ੍ਹਾਂ ਦੇ ਗੁਟ ਵਿੱਚ ਸ਼ਾਮਲ ਹੋ ਗਿਆ ਹੈ। ਵਰਨਣ ਯੋਗ ਹੈ ਕਿ ਬੀਤੇ ਹਫਤੇ ਕੰਧਾਰ ਜ਼ਿਲੇ ਵਿੱਚ ਇਕ ਅਫਗਾਨ ਫੌਜੀ ਨੇ ਦੋ ਅਮਰੀਕੀ ਜਵਾਨਾਂ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਹਿਰਾਸਤ ਵਿੱਚ ਲਏ ਜ਼ਖਮੀ ਹਮਲਾਵਰ ਨੂੰ ਤਾਲਿਬਾਨ ਨੇ 'ਹੀਰੋ' ਬਣਾ ਦਿੱਤਾ ਸੀ, ਪਰ ਉਸ ਹਮਲੇ ਦੀ ਕਿਸੇ ਗੁਟ ਨੇ ਜ਼ਿੰਮੇਵਾਰੀ ਨਹੀਂ ਲਈ ਸੀ। ਤਾਜ਼ਾ ਹਮਲਾ ਕੰਧਾਰ ਵਿੱਚ ਹੋਇਆ ਹੈ। ਸੂਬਾਈ ਸਰਕਾਰ ਦੇ ਇੱਕ ਬੁਲਾਰੇ ਜਮਾਲ ਨਾਸਿਰ ਬੜਕਜ਼ਈ ਨੇ ਦੱਸਿਆ ਕਿ ਹਮਲਾ ਕਰਨ ਬਾਅਦ ਮੁਲਜ਼ਮ ਫਰਾਰ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਤਾਲਿਬਾਨ ਦੇ ਬੁਲਾਰੇ ਕਾਰੀ ਯੂਸਫ ਅਹਿਮਦੀ ਨੇ ਹਮਲੇ ਦੀ ਜ਼ਿੰਮੇਵਾਰੀ ਲੈਂਦਿਆਂ ਕਿਹਾ ਕਿ ਪੁਲਸ ਮੁਲਾਜ਼ਮ ਉਨ੍ਹਾਂ ਦੇ ਗੁੱਟ ਵਿੱਚ ਸ਼ਾਮਲ ਹੋ ਗਿਆ ਹੈ। ਵਰਨਣ ਯੋਗ ਹੈ ਕਿ ਹਾਲ ਦੀ ਘੜੀ ਤਾਲਿਬਾਨ ਦਾ ਦੇਸ਼ ਦੇ ਅੱਧੇ ਹਿੱਸੇ 'ਤੇ ਕੰਟਰੋਲ ਹੈ ਅਤੇ ਉਹ ਲਗਾਤਾਰ ਅਫਗਾਨ ਸੁਰੱਖਿਆ ਬਲਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਅਫਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ ਗਨੀ ਨੇ ਟਵੀਟ ਵਿੱਚ ਹਮਲੇ ਦੀ ਨਿਖੇਧੀ ਕੀਤੀ ਹੈ।

## ਟਰੰਪ ਨੇ ਅਮਰੀਕਾ ਵਿੱਚ ਵੈਨਜ਼ੁਏਲਾ ਦੀਆਂ ਸਭ ਜਾਇਦਾਦਾਂ ਫ੍ਰੀਜ਼ ਕਰਨ ਦਾ ਹੁਕਮ ਦਿੱਤਾ



ਵਾਸ਼ਿੰਗਟਨ, 6 ਅਗਸਤ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੈਨਜ਼ੁਏਲਾ ਉੱਤੇ ਨਵੀਆਂ ਪਾਬੰਦੀਆਂ ਲਾਉਣ ਦਾ ਆਦੇਸ਼ ਦਿੱਤਾ ਹੈ। ਇਸ ਦੇ ਤਹਿਤ ਅਮਰੀਕਾ ਵਿੱਚ ਮੌਜੂਦ ਵੈਨਜ਼ੁਏਲਾ ਸਰਕਾਰ ਦੀਆਂ ਸਾਰੀਆਂ ਜਾਇਦਾਦਾਂ ਨੂੰ ਫ੍ਰੀਜ਼ ਕਰ ਦਿੱਤਾ ਗਿਆ ਹੈ। ਵੈਨਜ਼ੁਏਲਾ ਵਿੱਚ ਲੋਕਤੰਤਰ ਬਹਾਲੀ ਬਾਰੇ ਪੇਰੂ ਵਿੱਚ ਹੋਣ ਵਾਲੇ ਕੌਮਾਂਤਰੀ ਸੰਮੇਲਨ ਤੋਂ ਪਹਿਲਾਂ ਡੋਨਾਲਡ ਟਰੰਪ ਨੇ ਇਹੋ ਜਿਹਾ ਸਖਤ ਹੁਕਮ ਜਾਰੀ ਕਰ ਦਿੱਤਾ ਹੈ। ਇਸ ਸੰਮੇਲਨ ਵਿੱਚ ਅਮਰੀਕਾ ਸਰਕਾਰ ਦੇ ਕੌਮੀ ਸੁਰੱਖਿਆ ਸਲਾਹਕਾਰ ਜੌਨ ਬੋਲਟਨ ਸਮੇਤ ਕਈ ਅਧਿਕਾਰੀ ਹਿੱਸਾ ਲੈ ਸਕਦੇ ਹਨ।

ਡੋਨਾਲਡ ਟਰੰਪ ਨੇ ਵੈਨਜ਼ੁਏਲਾ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਸੱਤਾ ਤੋਂ ਲਾਹੁਣ ਲਈ ਇਹੋ ਜਿਹਾ ਕਦਮ ਚੁੱਕਿਆ ਹੈ। ਅਮਰੀਕਾ ਦਾ ਕਹਿਣਾ ਹੈ ਕਿ ਮਾਦੁਰੋ ਵੱਲੋਂ ਸੱਤਾ ਉੱਤੇ ਨਾਜਾਇਜ਼ ਕਬਜ਼ਾ ਕੀਤੇ ਜਾਣ ਅਤੇ ਓਥੇ ਹੋ ਰਹੇ ਮਨੁੱਖੀ ਅਧਿਕਾਰ ਅਤੇ ਬੋਲਣ ਦੀ ਆਜ਼ਾਦੀ ਦੇ ਘਾਣ ਦੇ ਖ਼ਿਲਾਫ਼ ਟਰੰਪ ਨੇ ਇਹ ਕਦਮ ਚੁੱਕਿਆ ਹੈ। ਵੈਨਜ਼ੁਏਲਾ ਵਿੱਚ ਇਸ ਸਾਲ ਵਿਰੋਧੀ ਧਿਰ ਦੇ ਨੇਤਾ ਜੁਆਨ ਗੁਈਦੋ ਨੇ ਆਪਣੇ ਆਪ ਨੂੰ ਦੇਸ਼ ਦਾ ਅੰਤ੍ਰਿਮ ਰਾਸ਼ਟਰਪਤੀ ਐਲਾਨ ਕਰ ਦਿੱਤਾ ਸੀ ਅਤੇ ਅਮਰੀਕਾ ਅਤੇ ਕਈ ਹੋਰ ਦੇਸ਼ਾਂ ਨੇ ਇਸ ਦੀ ਹਮਾਇਤ ਕੀਤੀ ਸੀ, ਪਰ ਦੇਸ਼ ਦੀ ਫ਼ੌਜ ਦੇ ਨਾਲ ਰੂਸ, ਚੀਨ ਅਤੇ ਕਿਊਬਾ ਦੀ ਮਦਦ ਨਾਲ ਮਾਦੁਰੋ ਹਾਲੇ ਵੀ ਸੱਤਾ ਉੱਤੇ ਕਾਬਿਜ਼ ਹਨ। ਇਸ ਕਾਰਨ ਅਮਰੀਕਾ ਤੇ ਵੈਨਜ਼ੁਏਲਾ ਦਾ ਟਕਰਾਅ ਜਾਰੀ ਹੈ। ਵਾਲ ਸਟ੍ਰੀਟ ਜਰਨਲ ਮੁਤਾਬਕ ਬੀਤੇ ਤਿੰਨ ਦਹਾਕਿਆਂ ਦੇ ਦੌਰਾਨ ਪਹਿਲੀ ਵਾਰ ਕਿਸੇ ਪੱਛਮੀ ਦੇਸ਼ ਦੇ ਖ਼ਿਲਾਫ਼ ਅਮਰੀਕਾ ਨੇ ਇਹੋ ਜਿਹਾ ਕਦਮ ਚੁੱਕਿਆ ਹੈ। ਵੈਨਜ਼ੁਏਲਾ ਉੱਤੇ ਓਦਾਂ ਦੀਆਂ ਪਾਬੰਦੀਆਂ ਲਾਈਆਂ ਹਨ, ਜਿਵੇਂ ਉੱਤਰੀ ਕੋਰੀਆ, ਈਰਾਨ, ਸੀਰੀਆ ਤੇ ਕਿਊਬਾ ਉੱਤੇ ਲੱਗੀਆਂ ਹਨ।

ਪਿਛਲੇ ਹਫ਼ਤੇ ਟਰੰਪ ਨੇ ਇਕ ਸਵਾਲ ਦੇ ਜਵਾਬ ਵਿੱਚ ਵੈਨਜ਼ੁਏਲਾ ਉੱਤੇ ਪਾਬੰਦੀ ਲਾਉਣ ਉੱਤੇ ਹਾਮੀ ਭਰੀ ਸੀ। ਉਦੋਂ ਮਾਦੁਰੋ ਨੇ ਇਸ ਨੂੰ ਨਾਜਾਇਜ਼ ਕਦਮ ਦੱਸਦਿਆਂ ਸੁਰੱਖਿਆ ਕੌਂਸਲ ਵਿੱਚ ਇਸ ਦੇ ਵਿਰੋਧ ਦੀ ਗੱਲ ਕਹੀ ਸੀ। ਤੇਲ ਵਾਲਾ ਇਹ ਦੇਸ਼ ਪਿਛਲੇ ਪੰਜ ਸਾਲਾਂ ਤੋਂ ਆਰਥਿਕ ਮੰਦੀ ਦਾ ਸਾਹਮਣਾ ਕਰ ਰਿਹਾ ਹੈ। ਕੌਮਾਂਤਰੀ ਕਰੰਸੀ ਫੰਡ ਮੁਤਾਬਕ ਇਸ ਸਾਲ ਦੇਸ਼ ਦੇ ਅਰਥਚਾਰੇ ਵਿੱਚ 35 ਫ਼ੀਸਦੀ ਦੀ ਗਿਰਾਵਟ ਹੋਵੇਗੀ। ਦੇਸ਼ ਦੀ ਇਕ ਤਿਹਾਈ ਜਨਤਾ ਇਸ ਸਮੇਂ ਖਾਣੇ ਅਤੇ ਦਵਾਈਆਂ ਦੀ ਕਮੀ ਨਾਲ ਜੂਝ ਰਹੀ ਹੈ।

## ਚੰਦ ਅਤੇ ਬੁੱਧ ਉੱਤੇ ਉਮੀਦ ਤੋਂ ਵੱਧ ਪਾਣੀ ਹੋ ਸਕਦੈ

ਵਾਸ਼ਿੰਗਟਨ, 6 ਅਗਸਤ (ਪੋਸਟ ਬਿਊਰੋ)- ਚੰਦਰਮਾ ਅਤੇ ਬੁੱਧ ਉੱਤੇ ਆਮ ਸਮਝ ਤੋਂ ਕਿਤੇ ਵੱਧ ਪਾਣੀ ਦੀ ਮੌਜੂਦਗੀ ਹੋ ਸਕਦੀ ਹੈ। ਨਾਸਾ ਪੁਲਾੜ ਯਾਨ ਤੋਂ ਮਿਲੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਇਹ ਨਤੀਜਾ ਕੱਢਿਆ ਗਿਆ ਹੈ। ਜਰਨਲ 'ਨੇਚਰ ਜਿਓਸਾਇੰਸ' ਵਿੱਚ ਛਪੇ ਇਕ ਅਧਿਐਨ ਦੇ ਅਨੁਸਾਰ ਚੰਦ ਅਤੇ ਬੁੱਧ ਦੇ ਧਰੁਵਾਂ ਨੇੜਲੇ ਟੋਇਆਂ ਵਿੱਚ ਬਰਫ ਹੋਣ ਦੀ ਸੰਭਾਵਨਾ ਹੈ। ਕੈਲੀਫੋਰਨੀਆ ਯੂਨੀਵਰਸਿਟੀ ਦੇ ਲਿਓਰ ਰੂਬਾਨੇਂਕੋ ਨੇ ਕਿਹਾ ਕਿ ਉਨ੍ਹਾਂ ਨੇ ਪਾਇਆ ਕਿ ਬਰਫ ਦੇ ਟੁਕੜੇ ਉਨ੍ਹਾਂ ਸਥਾਨਾਂ 'ਤੇ ਮਿਲਦੇ ਹਨ ਜਿਥੇ ਪਹਿਲਾਂ ਚੰਦਰਮਾ ਦੇ ਦੱਖਣੀ ਧਰੁਵ ਦੇ ਕੋਲ ਬਰਫ ਪਾਈ ਗਈ ਸੀ ਅਤੇ ਨਤੀਜਾ ਕੱਢਿਆ ਕਿ ਇਹ ਸ਼ਾਇਦ ਬਰਫ ਦੀ ਮੋਟੀ ਪਰਤ ਦੇ ਕਾਰਨ ਅਜਿਹੇ ਹਨ। ਇਸ ਤੋਂ ਪਹਿਲਾਂ ਦੂਰਬੀਨ ਦੇ ਨਜ਼ਰੀਏ ਅਤੇ ਪੁਲਾੜ ਯਾਰਨੋ ਨੇ ਬੁੱਧ ਗ੍ਰਹਿ 'ਤੇ ਬਰਫ ਦੇ ਭੰਡਾਰਾਂ ਦਾ ਪਤਾ ਲਾਇਆ ਸੀ, ਪਰ ਚੰਦ ਬਾਰੇ ਅਜੇ ਤੱਕ ਇਹ ਜਾਣਕਾਰੀ ਨਹੀਂ ਸੀ। ਨਵੇਂ ਅਧਿਐਨ ਨਾਲ ਇਸ ਦੀ ਸੰਭਾਵਨਾ ਹੋ ਗਈ ਹੈ ਕਿ ਚੰਦ 'ਤੇ ਵੀ ਬਰਫ ਦੀ ਮੋਟੀ ਪਰਤ ਹੋ ਸਕਦੀ ਹੈ। ਚੰਦ ਅਤ ਬੁੱਧ ਦੇ ਧਰੁਵਾਂ ਨੂੰ ਸਾਡੀ ਸੌਰ ਪ੍ਰਣਾਲੀ ਵਿੱਚ ਸਭ ਤੋਂ ਠੰਢੀ ਜਗ੍ਹਾ ਮੰਨਿਆ ਜਾਂਦਾ ਹੈ।

## ਅਸਲਾ ਕਾਨੂੰਨ ਉੱਤੇ ਅਮਰੀਕਾ ਅਜੇ ਵੀ ਗੰਭੀਰ ਨਹੀਂ




ਫਰਿਜ਼ਨੋ, 6 ਅਗਸਤ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਵੱਧ ਤਾਕਤਵਰ ਦੇਸ਼ ਅਮਰੀਕਾ 'ਚ ਆਏ ਦਿਨ ਗੋਲੀਆਂ ਚੱਲਣੀਆਂ ਚਿੰਤਾ ਦਾ ਵਿਸ਼ਾ ਬਣ ਗਈਆਂ ਹਨ। ਇਸ ਕਤਲੋਗਾਰਤ ਨੂੰ ਰੋਕਣ ਲਈ ਹਥਿਆਰਾਂ ਦੀ ਖੁੱਲ੍ਹੀ ਵਿਕਰੀ ਉਤੇ ਸਰਕਾਰ ਅਜੇ ਵੀ ਕੋਈ ਕਾਨੂੰਨ ਸਖਤ ਨਹੀਂ ਕਰ ਰਹੀ।

ਬੀਤੇ ਕੁਝ ਦਿਨਾਂ ਵਿੱਚ ਅਮਰੀਕਾ ਦੇ ਵੱਖੋ-ਵੱਖ ਸ਼ਹਿਰਾਂ 'ਚ ਗੋਰੇ ਅੱਤਵਾਦ ਨੇ ਕਰੀਬ 50 ਦੇ ਕਰੀਬ ਬੇਕਸੂਰ ਲੋਕਾਂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ। ਸ਼ਹਿਰ ਗਿੱਲਰੋਏ, ਕੈਲੇਫੋਰਨੀਆ 'ਚ ਸਾਲਾਨਾ 'ਲੱਸਣ ਦੇ ਮੇਲੇ' ਦੌਰਾਨ ਨੇਵਾਡਾ ਸਟੇਟ ਦੇ 19 ਸਾਲਾ ਕੱਟੜ ਗੋਰੇ ਨੇ ਏ ਕੇ 47 ਨਾਲ ਗੋਲੀਆਂ ਚਲਾ ਕੇ ਦੋ ਬੱਚਿਆਂ ਅਤੇ ਇਕ 25 ਸਾਲ ਦੇ ਵਿਅਕਤੀ ਨੂੰ ਮਾਰ ਦਿੱਤਾ। ਇਸ ਤੋਂ ਤੁਰੰਤ ਬਾਅਦ ਪੁਲਸ ਦੇ ਘੇਰੇ ਵਿੱਚ ਆਉਣ ਕਰਕੇ ਆਪਣੇ ਆਪ ਨੂੰ ਵੀ ਗੋਲੀ ਮਾਰ ਲਈ। ਇਸੇ ਤਰ੍ਹਾਂ ਮਿਸੀਸਿੱਪੀ ਸਟੇਟ ਦੇ ਸਾਊਥ ਹੈਵਿਨ ਸ਼ਹਿਰ ਵਿੱਚ ਕੰਮ ਤੋਂ ਕੱਢੇ ਕਾਮੇ ਨੇ ਸਥਾਨਕ ਵਾਲਮਾਰਟ 'ਚ ਦਾਖਲ ਹੋ ਕੇ ਦੋ ਕਾਮਿਆਂ ਨੂੰ ਮਾਰ ਦਿੱਤਾ। ਪਰਸੋਂ ਟੈਕਸਾਸ ਦੇ 'ਐਲ ਪਾਸੋ' ਸ਼ਹਿਰ ਦੇ ਸਿਆਰਾ ਵੈਂਸਟਾ ਸ਼ਾਪਿੰਗ ਮਾਲ 'ਚ 21 ਸਾਲਾ ਕੱਟੜਪੰਥੀ ਗੋਰੇ ਨੇ ਮੈਕਸੀਕਨ ਮੂਲ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਤੇ 20 ਦੇ ਕਰੀਬ ਬੇਕਸੂਰ ਲੋਕਾਂ ਨੂੰ ਮਾਰ ਮੁਕਾਇਆ, ਜਦ ਕਿ 40 ਲੋਕ ਇਸ ਗੋਲੀਬਾਰੀ 'ਚ ਜ਼ਖਮੀ ਹੋ ਗਏ।

ਪਤਾ ਲੱਗਾ ਹੈ ਕਿ ਇਸ ਕਤਲੇਆਮ ਦੀ ਘਟਨਾ ਤੋਂ ਪਹਿਲਾਂ ਕਾਤਲ ਨੇ ਸ਼ੋਸ਼ਲ ਮੀਡੀਆ ਉੱਤੇ ਚਾਰ ਪੇਜਾਂ ਦਾ ਨਫਰਤੀ ਨੋਟ ਵੀ ਲਿਖਿਆ ਸੀ। ਉਸ ਨੂੰ ਪੁਲਸ ਨੇ ਜ਼ਿੰਦਾ ਗ੍ਰਿਫਤਾਰ ਕਰ ਲਿਆ। ਇਸੇ ਤਰ੍ਹਾਂ ਅਮਰੀਕਾ ਦੀ ਓਹਾਈਓ ਸਟੇਟ ਦੇ ਡੈਟਿਨ ਸ਼ਹਿਰ ਦੀ ਇਕ ਬਾਰ ਵਿੱਚ ਗੋਲੀਬਾਰੀ ਕਰਕੇ ਇਕ ਹੋਰ ਕਾਤਲ ਨੇ 9 ਲੋਕਾਂ ਦੀ ਜਾਨ ਲੈ ਲਈ ਅਤੇ 26 ਨੂੰ ਜ਼ਖਮੀ ਕਰ ਦਿੱਤਾ। ਬਾਅਦ 'ਚ ਕਾਤਲ ਆਪ ਵੀ ਪੁਲਸ ਦੀ ਗੋਲੀ ਨਾਲ ਮਾਰਿਆ ਗਿਆ।

## ਭਾਰਤ ਸਮੇਤ 17 ਦੇਸ਼ਾਂ ਨੂੰ ਪਾਣੀ ਦੇ ਸੰਕਟ ਦਾ ਸਾਹਮਣਾ



ਵਸ਼ਿੰਗਟਨ, 6 ਅਗਸਤ (ਪੋਸਟ ਬਿਊਰੋ)- ਭਾਰਤ ਉਨ੍ਹਾਂ 17 ਦੇਸ਼ਾਂ ਵਿਚ ਸ਼ਾਮਲ ਹੈ, ਜਿੱਥੇ ਰੁੱਖਾਂ ਦੀ ਗਿਣਤੀ ਕੁੱਲ ਆਬਾਦੀ ਦਾ ਚੌਥਾ ਹਿੱਸਾ ਹੈ ਤੇ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਹੇ ਹਨ। ਸੰਸਾਰ ਦੇ 198 ਦੇਸ਼, ਉਨ੍ਹਾਂ ਦੇ ਸੂਬੇ ਤੇ ਪਿੰਡਾਂ ਵਿਚ ਪਾਣੀ ਦਾ ਸੰਕਟ, ਕਾਲ ਦਾ ਸੰਕਟ ਦੇ ਆਧਾਰ ਉੱਤੇ ਰਿਪੋਰਟ ਦਿੱਤੀ ਗਈ ਹੈ।

ਪਾਣੀ ਦੇ ਸੰਕਟ ਦੇ ਪੱਖ ਤੋਂ ਭਾਰਤ 13ਵੇਂ ਨੰਬਰ ਉੱਤੇ ਹੈ। ਭਾਰਤ ਦੀ ਆਬਾਦੀ ਪਾਣੀ ਦੇ ਸੰਕਟ ਵਾਲੇ ਦੇਸ਼ਾਂ ਦੀ ਆਬਾਦੀ ਤੋਂ ਤਿੰਨ ਗੁਣਾ ਵੱਧ ਹੈ। ਉਨ੍ਹਾਂ ਦਾ ਗੁਆਂਢੀ ਦੇਸ਼ ਚੀਨ ਇਸ ਪੱਖੋਂ ਕਾਫ਼ੀ ਸੁਰੱਖਿਅਤ ਅਤੇ 56ਵੇਂ ਸਥਾਨ ਉੱਤੇ ਹੈ। ਪਾਣੀ ਨੂੰ ਬਚਾਉਣ ਲਈ ਚੀਨ ਭਾਰਤ ਤੋਂ ਵੱਧ ਸਾਵਧਾਨ ਹੈ ਅਤੇ ਉਸ ਨੇ ਆਪਣੇ ਆਪ ਨੂੰ ਪਾਣੀ ਦੇ ਸੰਕਟ ਤੋਂ ਬਚਾ ਲਿਆ ਹੈ। ਦੂਸਰੇ ਦੇਸ਼ਾਂ ਵਿੱਚੋਂ ਬੈਲਜੀਅਮ ਦਾ ਇਸ ਵਿਚ 23ਵਾਂ ਨੰਬਰ ਹੈ। ਅਸਲ ਵਿਚ ਯੂਰਪ ਦੇ ਕਈ ਦੇਸ਼ਾਂ ਵਿਚ ਪਾਣੀ ਦਾ ਸੰਕਟ ਵਧ ਰਿਹਾ ਹੈ। ਇਨ੍ਹਾਂ ਵਿਚੋਂ ਦੱਖਣ ਦਾ ਇਟਲੀ, ਸਿਸਲੀ, ਦੱਖਣ ਤੇ ਪੱਛਮ ਸਪੇਨ, ਭੂ-ਮੱਧ ਸਾਗਰ ਦੇ ਕਿਨਾਰੇ ਵੱਸਿਆ ਤੁਰਕੀ ਦੇਸ਼ ਪ੍ਰਮੁੱਖ ਹਨ। ਗਰਮੀਆਂ ਵਿਚ ਟੂਰਿਸਟ ਦੀ ਵਜ੍ਹਾ ਨਾਲ ਪਾਣੀ ਦੀ ਮੰਗ ਵੱਧ ਹੋ ਜਾਂਦੀ ਹੈ। ਹੋਟਲਾਂ, ਸਵਿਮਿੰਗ ਪੂਲਾਂ ਤੇ ਗੌਲਫ਼ ਕੋਰਸਿਸ ਵਿਚ ਪਾਣੀ ਸਭ ਤੋਂ ਵੱਧ ਵਰਤਿਆ ਜਾਂਦਾ ਹੈ। ਸਪੇਨ 28ਵੇਂ, ਤੁਰਕੀ 32ਵੇਂ ਅਤੇ ਇਟਲੀ 44ਵੇਂ ਸਥਾਨ ਉਤੇ ਹੈ। ਇਹ ਸਾਰੇ ਪਾਣੀ ਦੇ ਗਹਿਰੇ ਸੰਕਟ ਨਾਲ ਜੂਝਣ ਵਾਲੇ ਦੇਸ਼ਾਂ ਦੀ ਸ਼੍ਰੇਣੀ ਵਿਚ ਹਨ। ਦੱਖਣੀ ਅਫ਼ਰੀਕਾ ਇਸ ਪੱਖ ਤੋਂ 48ਵੇਂ ਨੰਬਰ ਉਤੇ ਹੈ। ਆਸਟ੍ਰੇਲੀਆ 50ਵੇਂ, ਚੀਨ 56ਵੇਂ, ਫ੍ਰਾਂਸ 59ਵੇਂ, ਜਰਮਨੀ 62ਵੇਂ ਅਤੇ ਇੰਡੋਨੇਸ਼ੀਆ ਦਾ 65ਵੇਂ ਨੰਬਰ ਉੱਤੇ ਹੈ। ਅਮਰੀਕਾ ਲੋਅ ਮੀਡੀਅਮ ਸ਼੍ਰੇਣੀ ਵਿਚ ਹੈ, ਜਿਸ ਦਾ ਨੰਬਰ 74ਵਾਂ ਹੈ।

Honesty, Reliability, Commitment
Hira Randhawa
Broker
HomeLife SilverCity
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585

$679,999 — Flower-Town & Mclaughlin
Cozy Bungalow Built On 50*146.9 Ft Lot. This Home Is Perfect For First-Time Buyers. 3+2 Bdrms With 2 Full Bthrms. Fully Renovated Kitchen. Lots Of Outdoor Space For Summer Pot Lights On The Main Floor. The Whole House Rented For $ 2900.

$689,999 — Chinguacousy & Drinkwater
A Great Opportunity To Own This Beautiful 3+1 Bedroom Detached Home In Brampton Prime Location!! Close To Schools, Mississauga, Hwy 407 And Much More Amenities!! This Home Is Good For A Single -Family Residence Or You Can Convert The Basement For Rental Potential!!

$699,000 — Netherwood/Morning Star
4 Bedrooms Semi-Detached, Five Backsplit House With Two Bedrooms Basement With Separate Entrance, Huge Lot, 6 Car Parking, Good Sized Rooms, Very Desirable Location, Property Is Rented For $3200 + Utilities.

$699,900 — Edenbrook Hill/Wanless
Beautiful Detached Home, Kitchen With Breakfast Area, Ceramic Floor And Walk-Out To Backyard. Master Bedroom Has 3Pc Ensuite Bathroom, Hardwood On Main Floors, Close To School, Park And All Amenities. Stainless Steel Appls.

Call For:
RESP, SUPER -VISA,& TRAVEL
Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
• Low Down payment/Flexible Terms
• Large Inventory of New Trucks & Trailers
• Quick Approvals • Honest Service
• Best Rate in Town • Offices all over Canada
For more Information Contact
Rajdeep: 647.707.4167
Office: 905.678.2424

MICHELIN · Hankook · Continental · ROADLUX · BFGoodrich · AEOLUS · COMPASAL · Chevron · Delo
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਇੱਕ ਕਾਂਗਰਸੀ ਤੇ ਦੋ ਸਮਾਜਵਾਦੀ ਮੈਂਬਰਾਂ ਨੇ ਰਾਜ ਸਭਾ ਛੱਡੀ

ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ)- ਰਾਜ ਸਭਾ ਵਿੱਚ ਕੱਲ੍ਹ ਸਮਾਜਵਾਦੀ ਪਾਰਟੀ ਦੇ ਸੁਰਿੰਦਰ ਸਿੰਘ ਨਾਗਰ, ਸੰਜੇ ਸੇਠ ਅਤੇ ਕਾਂਗਰਸ ਦੇ ਭੁਵਨੇਸ਼ਵਰ ਕਾਲਿਤਾ ਨੇ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਗਿਆ।

ਕੱਲ੍ਹ ਰਾਜ ਸਭਾ ਦੀ ਬੈਠਕ ਸ਼ੁਰੂ ਹੋਣ 'ਤੇ ਚੇਅਰਮੈਨ ਐਮ ਵੈਂਕਈਆ ਨਾਇਡੂ ਨੇ ਸੁਰਿੰਦਰ ਸਿੰਘ ਨਾਗਰ, ਸੰਜੇ ਸੇਠ ਅਤੇ ਭੁਵਨੇਸ਼ਵਰ ਕਾਲਿਤਾ ਦੇ ਅਸਤੀਫੇ ਬਾਰੇ ਸਦਨ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੈਂਬਰਾਂ ਨੇ ਦੋ ਅਗਸਤ ਨੂੰ ਆਪੋ ਆਪਣੇ ਅਸਤੀਫੇ ਦੇ ਦਿੱਤੇ ਸਨ ਜਿਨ੍ਹਾਂ ਨੂੰ ਮਨਜ਼ੂਰ ਕਰ ਲਿਆ ਗਿਆ ਹੈ। ਰਾਜ ਸਭਾ ਵਿੱਚ ਉੱਤਰ ਪ੍ਰਦੇਸ਼ ਦੀ ਪ੍ਰਤੀਨਿਧਤਾ ਕਰਦੇ ਸੁਰਿੰਦਰ ਸਿੰਘ ਨਾਗਰ ਦਾ ਕਾਰਜਕਾਲ ਚਾਰ ਜੁਲਾਈ 2022 ਤੱਕ ਸੀ। ਸੰਜੇ ਸੇਠ ਨੂੰ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ ਦੇ ਬੜਾ ਕਰੀਬੀ ਮੰਨਿਆ ਜਾਂਦਾ ਸੀ। ਰਾਜ ਸਭਾ ਵਿੱਚ ਉਨ੍ਹਾਂ ਦਾ ਕਾਰਜਕਾਲ ਵੀ 2022 ਤੱਕ ਸੀ। ਇਸ ਤੋਂ ਪਹਿਲਾਂ 16 ਜੁਲਾਈ ਨੂੰ ਸਮਾਜਵਾਦੀ ਪਾਰਟੀ ਦੇ ਰਾਜ ਸਭਾ ਮੈਂਬਰ ਨੀਰਜ ਸ਼ੇਖਰ ਨੇ ਵੀ ਪਾਰਟੀ ਅਤੇ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ।

ਭੁਵਨੇਸ਼ਵਰ ਕਾਲਿਤਾ ਰਾਜ ਸਭਾ ਵਿੱਚ ਕਾਂਗਰਸ ਪਾਰਟੀ ਵੱਲੋਂ ਅਸਾਮ ਦੀ ਅਗਵਾਈ ਕਰਦੇ ਸਨ। ਰਾਜ ਸਭਾ ਦੇ ਚੇਅਰਮੈਨ ਐੱਮ ਵੈਂਕਈਆ ਨਾਇਡੂ ਨੇ ਉਨ੍ਹਾਂ ਦੇ ਅਸਤੀਫੇ ਬਾਰੇ ਦੱਸਿਆ। ਕਾਲਿਤਾ ਦਾ ਉਸ ਸਦਨ ਵਿੱਚ ਕਾਰਜਕਾਲ ਨੌਂ ਅਪ੍ਰੈਲ 2022 ਤੱਕ ਸੀ। ਚੇਅਰਮੈਨ ਐੱਮ ਵੈਂਕਈਆ ਨਾਇਡੂ ਨੇ ਦੱਸਿਆ ਕਿ ਜੰਮੂ ਕਸ਼ਮੀਰ ਦੇ ਮੁੱਦੇ ਉੱਤੇ ਚਰਚਾ ਲਈ ਨਿਯਮ 267 ਹੇਠ ਵਿਰੋਧੀ ਧਿਰ ਦੇ ਨੇਤਾ ਗੁਲਾਮ ਨਬੀ ਆਜ਼ਾਦ, ਸਮਾਜਵਾਦੀ ਪਾਰਟੀ ਦੇ ਰਾਮਗੋਪਾਲ ਯਾਦਵ, ਸੀ ਪੀ ਆਈ ਐੱਮ ਦੇ ਈਲਾਮਾਰਮ ਕਰੀਮ, ਆਮ ਆਦਮੀ ਪਾਰਟੀ ਦੇ ਸੰਜੇ ਸਿੰਘ ਅਤੇ ਕਾਂਗਰਸ ਦੇ ਭੁਵਨੇਸ਼ਵਰ ਕਾਲਿਤਾ ਨੇ ਨੋਟਿਸ ਦਿੱਤਾ ਹੋਇਆ ਸੀ। ਨਾਇਡੂ ਨੇ ਕਿਹਾ, ਕਿਉਂਕਿ ਕਾਲਿਤਾ ਨੇ ਰਾਜ ਸਭਾ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ ਹੈ, ਇਸ ਲਈ ਉਨ੍ਹਾਂ ਦਾ ਨੋਟਿਸ ਕੋਈ ਮਹੱਤਤਾ ਨਹੀਂ ਰੱਖਦਾ।

# ਅਮਰੀਕਾ ਨੇ ਚੀਨ ਨੂੰ ਕਰੰਸੀ ਦੇ ਨਾਲ ਛੇੜਛਾੜ ਕਰਨ ਵਾਲਾ ਦੇਸ਼ ਐਲਾਨਿਆ

ਵਾਸ਼ਿੰਗਟਨ, 6 ਅਗਸਤ (ਪੋਸਟ ਬਿਊਰੋ)- ਅਮਰੀਕਾ ਨੇ ਸਰਕਾਰੀ ਤੌਰ ਉੱਤੇ ਚੀਨ ਨੂੰ ਕਰੰਸੀ ਹੇਰਾਫੇਰੀ ਕਰਨ ਵਾਲਾ ਦੇਸ਼ ਐਲਾਨ ਕਰ ਕੇ ਚੀਨ ਉੱਤੇ ਉਸ ਦੀ ਕਰੰਸੀ ਯੁਆਨ ਨੂੰ ਵਪਾਰ ਵਿਚ ਅਣ-ਉਚਿਤ ਮੁਕਾਬਲੇਬਾਜ਼ੀ ਲਈ ਵਰਤਣ ਦਾ ਦੋਸ਼ ਲਾਇਆ ਹੈ। ਆਸ ਕੀਤੀ ਜਾ ਰਹੀ ਹੈ ਕਿ ਇਸ ਕਦਮ ਨਾਲ ਵਪਾਰ ਦੇ ਮੋਰਚੇ ਉੱਤੇ ਦੁਨੀਆ ਦੀਆਂ ਦੋ ਵੱਡੀਆਂ ਅਰਥ ਵਿਵਸਥਾਵਾਂ ਵਾਲੇ ਦੇਸ਼ਾਂ ਅਮਰੀਕਾ ਅਤੇ ਚੀਨ ਦੇ ਵਿਚਾਲੇ ਟੱਕਰ ਹੋ ਸਕਦੀ ਹੈ।



ਇਸ ਸੰਬੰਧ ਵਿੱਚ ਅਮਰੀਕਾ ਨੇ ਚੀਨ ਨੂੰ ਆਪਣੇ ਕਰੰਸੀ ਯੁਆਨ ਨੂੰ ਸੱਤ ਡਾਲਰ ਦੇ ਪੱਧਰ ਤੋਂ ਘੱਟ ਰੱਖਣ ਦੀ ਆਗਿਆ ਦੇਣ ਪਿੱਛੋਂ ਇਹ ਕਦਮ ਚੁੱਕਿਆ ਹੈ। ਅਮਰੀਕੀ ਵਿੱਤ ਵਿਭਾਗ ਨੇ ਐਲਾਨ ਵਿਚ ਕਿਹਾ ਹੈ ਕਿ ਵਿੱਤ ਮੰਤਰੀ ਸਟੀਵਨ ਨਿਉਚਿਨ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਹਦਾਇਤ ਉੱਤੇ ਚੀਨ ਨੂੰ ਇਕ ਕਰੰਸੀ-ਛੇੜਛਾੜ ਕਰਨ ਵਾਲਾ ਦੇਸ਼ ਐਲਾਨ ਕਰ ਦਿੱਤਾ ਹੈ। ਵਿਭਾਗ ਨੇ ਬਿਆਨ ਵਿਚ ਕਿਹਾ ਕਿ ਇਸ ਫ਼ੈਸਲੇ ਪਿੱਛੋਂ ਨਿਉਚਿਨ ਅੰਤਰਰਾਸ਼ਟਰੀ ਕਰੰਸੀ ਫੰਡ ਨਾਲ ਸੰਪਰਕ ਕਰਨਗੇ ਤਾਂ ਕਿ ਚੀਨ ਦੇ ਅਣ-ਉਚਿਤ ਮੁਕਾਬਲੇ ਨੂੰ ਰੋਕਿਆ ਜਾ ਸਕੇ। ਇਸ ਬਿਆਨ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਟਵੀਟ ਵਿਚ ਕਿਹਾ ਸੀ ਕਿ ਚੀਨ ਅਣ-ਉਚਿਤ ਵਪਾਰਕ ਗਤੀਵਿਧੀਆਂ ਤੇ ਕਰੰਸੀ ਨਿਯਮ ਦੀਆਂ ਦਰਾਂ ਵਿਚ ਹੇਰਾਫੇਰੀ ਕਰ ਕੇ ਅਮਰੀਕਾ ਤੋਂ ਅਰਬਾਂ ਡਾਲਰ ਲੈ ਰਿਹਾ ਹੈ ਅਤੇ ਇਹ ਇਸ ਨੂੰ ਅੱਗੇ ਜਾਰੀ ਰੱਖਣ ਦਾ ਇਰਾਦਾ ਰੱਖਦਾ ਹੈ। ਇਹ ਇਕਪਾਸੜ ਹੈ ਅਤੇ ਇਹ ਕਈ ਸਾਲ ਪਹਿਲਾਂ ਬੰਦ ਹੋ ਜਾਣਾ ਚਾਹੀਦਾ ਸੀ। ਵਿਤ ਵਿਭਾਗ ਨੇ ਪੀਪੁਲਸ ਬੈਂਕ ਆਫ ਚਾਈਨਾ ਦੇ ਬਿਆਨ ਦਾ ਹਵਾਲਾ ਦਿੰਦੇ ਹੋਏ ਦੋਸ਼ ਲਾਇਆ ਕਿ ਪੀ ਬੀ ਓ ਸੀ ਨੇ ਮੰਨ ਲਿਆ ਹੈ ਕਿ ਉਸ ਨੂੰ ਅਪਣੀ ਕਰੰਸੀ ਵਿਚ ਹੇਰਫੇਰ ਕਰਨ ਦਾ ਵਿਆਪਕ ਅਨੁਭਵ ਹੈ ਅਤੇ ਉਹ ਏਦਾਂ ਕਰਨ ਲਈ ਤਿਆਰ ਰਹਿੰਦੇ ਹਨ। ਰਾਸ਼ਟਰਪਤੀ ਟਰੰਪ ਨੇ ਸਾਲ 2016 ਵਿਚ ਆਪਣੀ ਚੋਣ ਮੁਹਿੰਮ ਵੇਲੇ ਚੀਨ ਨੂੰ ਕਰੰਸੀ-ਛੇੜਛਾੜ ਵਾਲਾ ਦੇਸ਼ ਬਣਾਉਣ ਦਾ ਵਾਅਦਾ ਕੀਤਾ ਸੀ, ਪਰ ਵਿੱਤ ਮੰਤਰਾਲੇ ਨੇ ਇਹ ਕਦਮ ਚੁੱਕਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਚੀਨ ਨੂੰ ਨਿਗਰਾਨੀ ਸੂਚੀ ਵਿਚ ਸ਼ਾਮਲ ਕਰ ਦਿੱਤਾ ਸੀ।

# ਭਾਰਤੀ ਵਿਅਕਤੀ ਉੱਤੇ ਪਤਨੀ ਤੇ ਉਸ ਦੇ ਰਿਸ਼ਤੇਦਾਰਾਂ ਨੂੰ ਮਾਰਨ ਦਾ ਦੋਸ਼

ਨਿਊ ਯਾਰਕ, 6 ਅਗਸਤ (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਭਾਰਤੀ ਮੂਲ ਦੇ ਵਿਅਕਤੀ 'ਤੇ ਆਪਣੀ ਪਤਨੀ ਸਣੇ ਚਾਰ ਪਰਵਾਰਕ ਮੈਂਬਰਾਂ ਨੂੰ ਮਾਰਨ ਦਾ ਦੋਸ਼ ਲਾਇਆ ਗਿਆ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ 37 ਸਾਲਾ ਗੁਰਪ੍ਰੀਤ ਸਿੰਘ ਨੇ ਓਹੀਓ ਦੇ ਹੈਮਿਲਟਨ ਸਿਟੀ ਅਪਾਰਟਮੈਂਟ ਵਿੱਚ ਆਪਣੀ ਪਤਨੀ ਅਤੇ ਸਹੁਰਿਆਂ ਦੇ ਰਿਸ਼ਤੇਦਾਰਾਂ ਸਣੇ ਚਾਰ ਜਣਿਆਂ ਦੀ ਹੱਤਿਆ ਕਰ ਦਿੱਤੀ ਸੀ। ਇਨ੍ਹਾਂ ਖਬਰ ਅਨੁਸਾਰ ਗੁਰਪ੍ਰੀਤ ਸਿੰਘ ਨੂੰ ਦੋਸ਼ੀ ਪਾਏ ਜਾਣ 'ਤੇ ਮੌਤ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਕਨੈਕਟੀਕਟ ਤੋਂ ਵਾਪਸ ਆਉਣ ਪਿੱਛੋਂ ਉਸ ਨੂੰ ਸ਼ੁੱਕਰਵਾਰ ਨੂੰ ਬਟਲਰ ਕਾਉਂਟੀ ਜੇਲ੍ਹ ਭੇਜਿਆ ਗਿਆ ਅਤੇ ਸੋਮਵਾਰ ਨੂੰ ਉਸ ਨੂੰ ਅਦਾਲਤ ਵਿੱਚ ਪੇਸ਼ ਹੋਣਾ ਸੀ। ਬਟਲਰ ਕਾਉਂਟੀ ਦੀ ਗ੍ਰੈਂਡ ਜਿਊਰੀ ਨੇ ਗੁਰਪ੍ਰੀਤ ਸਿੰਘ ਉਤੇ ਕਤਲ ਦੇ ਦੋਸ਼ ਤੈਅ ਕੀਤੇ ਸਨ।

# ਕਿਰਾਏ ਦੀ ਕੁੱਖ ਉੱਤੇ ਪਾਬੰਦੀ ਵਾਲਾ ਬਿੱਲ ਲੋਕ ਸਭਾ 'ਚ ਪਾਸ

ਨਵੀਂ ਦਿੱਲੀ, 6 ਅਗਸਤ (ਪੋਸਟ ਬਿਊਰੋ)- ਕਿਰਾਏ ਦੀ ਕੁੱਖ 'ਤੇ ਪਾਬੰਦੀ ਲਾਉਣ ਵਾਲੇ ਸਰੋਗੇਸੀ (ਰੈਗੂਲੇਸ਼ਨ) ਬਿੱਲ 2019 ਨੂੰ ਲੋਕ ਸਭਾ ਨੇ ਕੱਲ੍ਹ ਜ਼ਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ। ਇਸ ਦੌਰਾਨ ਲੋਕ ਸਭਾ ਨੇ ਕਿੰਨਰਾਂ ਨੂੰ ਸਮਾਜਿਕ, ਆਰਥਿਕ ਅਤੇ ਵਿਦਿਅਕ ਪੱਧਰ ਉੱਤੇ ਬਰਾਬਰੀ ਦੇਣ ਵਾਲੇ ਬਿੱਲ 'ਤੇ ਵੀ ਮੋਹਰ ਲਾ ਦਿੱਤੀ ਹੈ। ਇਸ ਦੇ ਬਾਅਦ ਕਿਰਾਏ ਦੀ ਕੁੱਖ ਉੱਤੇ ਪਾਬੰਦੀ ਬਾਰੇ ਕੌਮੀ ਅਤੇ ਸੂਬਾ ਪੱਧਰ 'ਤੇ ਸਰੋਗੇਸੀ ਬੋਰਡ ਬਣਾਏ ਜਾਣਗੇ ਅਤੇ ਪਰਾਈ ਕੁੱਖ ਤੋਂ ਜਨਮੇ ਬੱਚਿਆਂ ਨੂੰ ਕਿਸੇ ਵੀ ਹਾਲਤ ਵਿੱਚ ਜੋੜੇ ਛੱਡ ਨਹੀਂ ਸਕਣਗੇ।

ਇਸ ਦੌਰਾਨ ਟਰਾਂਸਜੈਂਡਰ ਪਰਸਨਜ਼ (ਪ੍ਰੋਟੋਕਸ਼ਨ ਆਫ ਰਾਈਟਸ) ਬਿੱਲ 2019 ਨੂੰ ਵੀ ਜ਼ਬਾਨੀ ਵੋਟ ਨਾਲ ਲੋਕ ਸਭਾ ਵਿੱਚ ਪਾਸ ਕਰ ਦਿੱਤਾ ਗਿਆ। ਕਾਂਗਰਸ ਆਗੂ ਅਧੀਰ ਰੰਜਨ ਚੌਧਰੀ ਨੂੰ ਸਦਨ ਦੇ ਕੰਮ ਨੂੰ ਮੁਲਤਵੀ ਕਰਨ ਲਈ ਦਿੱਤੇ ਨੋਟਿਸ ਉੱਤੇ ਨਾ ਬੋਲਣ ਦੇਣ ਕਰਕੇ ਕੁਝ ਵਿਰੋਧੀ ਪਾਰਟੀਆਂ ਨੇ ਹੰਗਾਮਾ ਕੀਤਾ। ਕੇਂਦਰੀ ਸਮਾਜਿਕ ਨਿਆਂ ਮੰਤਰੀ ਰਤਨ ਲਾਲ ਕਟਾਰੀਆ ਨੇ ਕਿਹਾ ਕਿ ਕਿੰਨਰਾਂ ਦੇ ਹੱਕਾਂ ਦੀ ਰਾਖੀ ਲਈ ਕੌਮੀ ਅਥਾਰਿਟੀ ਬਣਾਉਣ ਦੀ ਬਿੱਲ 'ਚ ਵਿਵਸਥਾ ਹੈ। ਇਸ ਦੌਰਾਨ ਸੁਪਰੀਮ ਕੋਰਟ ਵਿੱਚ ਜੱਜਾਂ ਦੀ ਗਿਣਤੀ ਵਧਾਉਣ ਲਈ ਲੋਕ ਸਭਾ 'ਚ ਕੱਲ੍ਹ ਬਿੱਲ ਪਾਸ ਹੋ ਗਿਆ ਹੈ। ਇਸ ਵੇਲੇ ਸੁਪਰੀਮ ਕੋਰਟ ਦੇ ਮਨਜ਼ੂਰ ਸ਼ੁਦਾ ਜੱਜਾਂ ਦੀ ਗਿਣਤੀ ਚੀਫ ਜਸਟਿਸ ਨੂੰ ਮਿਲਾ ਕੇ 31 ਹੈ।

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

# ਸਕਾਟਲੈਂਡ ਦੇ ਲੋਕ ਯੂ ਕੇ ਤੋਂ ਆਜ਼ਾਦ ਹੋਣਾ ਚਾਹੁੰਦੇ ਨੇ

ਲੰਡਨ, 6 ਅਗਸਤ (ਪੋਸਟ ਬਿਊਰੋ)- ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਬੌਰਿਸ ਜੌਹਨਸਨ ਦੇ ਅਹੁਦਾ ਸੰਭਾਲਣ ਤੋਂ ਦੋ ਹਫਤੇ ਬਾਅਦ ਸਕਾਟਲੈਂਡ ਦੇ ਵੱਖ ਹੋਣ ਦੇ ਅਸਾਰ ਵਧਣ ਦੀ ਖਬਰ ਆਈ ਹੈ। ਇਨ੍ਹਾਂ ਖਬਰਾਂ ਅਨੁਸਾਰ ਜੇ ਇਕ ਨਵਾਂ ਜਨਮੱਤ ਕਰਵਾਇਆ ਜਾਵੇ ਤਾਂ ਸਕਾਟਲੈਂਡ ਦੇ ਲੋਕ ਆਜ਼ਾਦ ਹੋਣ ਦੇ ਹੱਕ 'ਚ ਫਤਵਾ ਦੇਣਗੇ।

ਨਵੇਂ ਸਰਵੇਖਣ ਅਨੁਸਾਰ 46 ਫੀਸਦੀ ਸਕਾਟਲੈਂਡ ਦੇ ਲੋਕ ਅੱਜ ਕੱਲ੍ਹ ਯੂ ਕੇ ਨੂੰ ਛੱਡਣ ਦੇ ਹੱਕ ਵਿੱਚ ਹਨ, ਜਦ ਕਿ 43 ਫੀਸਦੀ ਯੂ ਕੇ ਵਿੱਚ ਰਹਿਣ ਨੂੰ ਪਹਿਲ ਦੇ ਰਹੇ ਹਨ। ਮਾਰਚ 2017 ਮਗਰੋਂ ਇਹ ਪਹਿਲੀ ਵਾਰ ਹੈ ਕਿ ਆਜ਼ਾਦੀ ਦੇ ਹੱਕ ਵਿੱਚ ਇਸ ਤਰ੍ਹਾਂ ਦੀ ਖਬਰ ਆਈ ਹੈ। ਕੁਝ ਦਿਨ ਪਹਿਲਾਂ ਹੀ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਸਕਾਟਲੈਂਡ ਦਾ ਦੌਰਾ ਕਰਕੇ ਆਏ ਸਨ। ਸਕਾਟਲੈਂਡ ਦੀ ਪਹਿਲੀ ਮੰਤਰੀ ਨਿਕੋਲਾ ਸਟਰਜਨ ਨੇ ਕਿਹਾ ਕਿ ਇਹ ਹੈਰਾਨੀ ਜਨਕ ਸਰਵੇਖਣ ਹੈ। ਇਸ ਸਰਵੇਖਣ 'ਚ ਇਹ ਵੀ ਸਾਹਮਣੇ ਆਇਆ ਕਿ ਜ਼ਿਆਦਾਤਰ ਸਕਾਟਿਸ਼ ਲੋਕ ਯੂਰਪੀ ਯੂਨੀਆਨ ਵਿੱਚ ਰਹਿਣਾ ਚਾਹੁੰਦੇ ਹਨ। ਸਕਾਟਿਸ਼ ਪਬਲੀਕੇਸ਼ਨ ਹੌਲੀਰੋਡ ਵੱਲੋਂ ਜਾਰੀ ਲਾਰਡ ਐਸ਼ਕਰਾਫਟ ਸਰਵੇਖਣ 'ਚ ਕਿਹਾ ਗਿਆ ਹੈ ਕਿ ਜੇ ਦੁਬਾਰਾ ਜਨਮਤ ਕਰਵਾਇਆ ਜਾਂਦਾ ਹੈ ਤਾਂ 46 ਫੀਸਦੀ ਲੋਕ ਆਜ਼ਾਦੀ ਦੇ ਹੱਕ 'ਚ ਹੋਣਗੇ, ਜਦ ਕਿ 43 ਫੀਸਦੀ ਯੂ ਕੇ ਦਾ ਹਿੱਸਾ ਬਣੇ ਰਹਿਣ ਨੂੰ ਪਹਿਲ ਦੇਣਗੇ। ਕੁਝ ਲੋਕਾਂ ਨੇ ਕਿਹਾ ਹੈ ਕਿ ਉਹ ਦੁਬਿਧਾ 'ਚ ਹਨ ਕਿ ਕੀ ਕਰਨ।

# ਆਸਟਰੇਲੀਆ ਵਿੱਚ 164 ਫਰਜ਼ੀ ਵਿਆਹਾਂ ਦਾ ਪਰਦਾ ਫਾਸ਼

ਸਿਡਨੀ, 6 ਅਗਸਤ (ਪੋਸਟ ਬਿਊਰੋ)- ਆਸਟਰੇਲੀਆ ਵਿੱਚ ਕੇਂਦਰੀ ਪੁਲਸ ਨੇ 164 ਨਕਲੀ ਵਿਆਹਾਂ ਦਾ ਪਰਦਾ ਫਾਸ਼ ਕੀਤਾ ਹੈ, ਜਿਨ੍ਹਾਂ ਵਿੱਚ ਵੱਡੀ ਗਿਣਤੀ ਭਾਰਤੀ ਪੰਜਾਬੀਆਂ ਦੀ ਹੈ ਅਤੇ ਦੋਸ਼ ਹਨ ਕਿ ਪੱਕੇ ਹੋਣ ਲਈ ਆਸਟਰੇਲੀਆ ਦੇ ਨਾਗਰਿਕਾਂ ਨਾਲ ਕਾਗਜ਼ੀ ਵਿਆਹ ਕਰਵਾਏ ਗਏ ਤੇ ਹਰ ਵਿਆਹ ਸਬੰਧੀ ਕਰੀਬ 20,000 ਤੋਂ 25,000 ਡਾਲਰ ਤੱਕ ਦਾ ਨਕਦ ਲੈਣ ਦੇਣ ਹੋਇਆ ਹੈ। ਸਰਕਾਰ ਨੇ ਇਨ੍ਹਾਂ ਸਾਰੇ ਵਿਆਹਾਂ ਦੇ ਸਰਟੀਫਿਕੇਟ ਰੱਦ ਕਰ ਦਿੱਤੇ ਹਨ। ਵਿਆਹ ਚੋਂ ਬਾਅਦ ਪੱਕੇ ਵੀਜ਼ੇ ਲਈ ਦਾਖਲ ਅਰਜ਼ੀਆਂ ਨੂੰ ਵੀ ਇਮੀਗ੍ਰੇਸ਼ਨ ਵਿਭਾਗ ਨੇ ਰੱਦ ਕਰ ਦਿੱਤਾ ਹੈ।

ਮਿਲੀ ਜਾਣਕਾਰੀ ਅਨੁਸਾਰ ਪੁਲਸ ਨੇ ਨਕਲੀ ਵਿਆਹਾਂ ਬਾਰੇ ਸੂਹ ਮਿਲਣ ਉਤੇ ਗੁਪਤ ਅਪਰੇਸ਼ਨ ਚਲਾਇਆ ਹੈ। ਵਿਆਹ ਸਕੈਂਡਲ ਦਾ ਸੂਤਰਧਾਰ ਬਣੇ ਜਗਜੀਤ ਸਿੰਘ (32) ਨੂੰ ਪੁਲਸ ਨੇ ਫੜ ਲਿਆ ਤੇ ਸਰਕਾਰ ਨੇ ਉਸ ਦਾ ਭਾਰਤੀ ਪਾਸਪੋਰਟ ਜ਼ਬਤ ਕਰਕੇ ਉਸ ਉੱਤੇ ਅਦਾਲਤੀ ਕੇਸ ਪਾ ਦਿੱਤਾ ਹੈ। ਪੁਲਸ ਨੇ ਦੱਸਿਆ ਕਿ 'ਵੈਲੇਨਟਾਈਨ ਡੇਅ' ਤੋਂ ਇਕ ਦਿਨ ਪਹਿਲਾਂ ਆਸਟਰੇਲੀਆ ਵਾਸੀ ਚਾਲੋਈ ਮੌਸਨੇਰ ਨੇ ਸਿਡਨੀ ਦੇ ਬਲੈਕਟਾਊਨ ਵਿੱਚ ਆਪਣੇ ਮਾਪਿਆਂ ਦੇ ਘਰ ਇੱਕ ਸਮਾਰੋਹ ਵਿੱਚ ਸਿਧਾਰਥ ਸ਼ਰਮਾ ਨਾਲ ਵਿਆਹ ਕਰਵਾਇਆ ਸੀ। ਦੋਵਾਂ ਨੇ ਵਿਆਹ ਦੇ ਸਰਟੀਫਿਕੇਟ 'ਤੇ ਦਸਖਤ ਕੀਤੇ, ਫੋਟੋਆਂ ਖਿਚਵਾਈਆਂ ਅਤੇ ਨਵਾਂ ਸਾਂਝਾ ਬੈਂਕ ਖਾਤਾ ਖੋਲ੍ਹਿਆ। ਇਸ ਵਿਆਹ ਵਿੱਚ ਜਗਜੀਤ ਸਿੰਘ ਵਿਚੋਲਾ ਸੀ। ਦੋ ਮਹੀਨਿਆਂ ਬਾਅਦ ਸ੍ਰੀਮਤੀ ਮੌਸਨੇਰ ਨੇ ਕਬੂਲ ਕੀਤਾ ਕਿ ਉਸ ਦਾ ਵਿਆਹ ਇਕ ਸੌਦਾ ਸੀ, ਜਿਸ ਹੇਠ ਉਸ ਨੇ ਸ਼ਰਮਾ ਦੇ ਆਸਟਰੇਲੀਆ ਵਿੱਚ ਰਹਿਣ ਦਾ ਰਾਹ ਸਾਫ ਕੀਤਾ ਸੀ ਅਤੇ ਇਸ ਬਦਲੇ ਉਸ ਨੂੰ 19,500 ਡਾਲਰ ਦੀ ਕਮਾਈ ਹੋਣੀ ਸੀ। ਜਾਂਚ ਕਰਤਾਵਾਂ ਦਾ ਕਹਿਣਾ ਹੈ ਕਿ ਸ੍ਰੀਮਤੀ ਮੌਸਨੇਰ ਇਕੱਲੀ ਨਹੀਂ, ਆਸਟਰੇਲੀਆ ਦੇ ਕਈ ਹੋਰ ਆਰਥਿਕ ਤੌਰ ਉੱਤੇ ਕਮਜ਼ੋਰ ਲੋਕ ਇਸ ਜਾਅਲਸਾਜ਼ ਗਰੁੱਪ ਦਾ ਹਿੱਸਾ ਹਨ। ਉਕਤ ਕੇਸ ਤੋਂ ਇਲਾਵਾ ਜ਼ਾਇਨਾ ਯੂਸਫ ਅਤੇ ਕਰਮਜੀਤ ਸਿੰਘ, ਬੈਂਜਾਮਿਨ ਪ੍ਰੋਥਰੋ ਅਤੇ ਗੁਰਪ੍ਰੀਤ ਕੌਰ ਅਤੇ ਅਪ੍ਰੈਲ ਵ੍ਹੀਲਰ ਅਤੇ ਮਨੀਕਰਨ ਸਿੰਘ ਦਾ ਫਰਜ਼ੀ ਹੋਇਆ ਸੀ। ਇਸ ਵਿਆਹ ਘਪਲੇ ਵਿੱਚ ਭਾਰਤੀਆਂ ਦੇ ਨਾਮ ਉਭਰ ਕੇ ਸਾਹਮਣੇ ਆਏ ਹਨ, ਪਰ ਸੁਪਰਡੈਂਟ ਲੋਅ ਦਾ ਕਹਿਣਾ ਹੈ ਕਿ ਫਰਜ਼ੀ ਵਿਆਹ ਵੀਜ਼ਾ ਘੁਟਾਲਾ 'ਕਿਸੇ ਇਕ ਕੌਮ' ਨਾਲ ਨਹੀਂ ਜੁੜਿਆ।



Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਨਾਈ ਵੈਸ਼ਨੋ ਲੜਕਾ, ਉਮਰ 25 ਸਾਲ, 5'-7" ਮਾਸਟਰ ਡਿਗਰੀ ਅਕਾਊਂਟਸ ਆਸਟਰੇਲੀਆ ਲਈ ਕੈਨੇਡਾ ਜਾ ਆਸਟਰੇਲੀਆ ਵਿੱਚ ਰਹਿੰਦੀ ਮਾਸਟਰ ਡਿਗਰੀ ਵਾਲੀ ਸੁੰਦਰ ਤੇ ਵੈਸ਼ਨੋ ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-261-3212

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11", ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੁਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 I +91-98142-02918 (Whatsapp)

## ਲੜਕੀ ਦੀ ਲੋੜ

ਜੱਟ ਸਿੱਖ, ਉਮਰ 27 ਸਾਲ, ਕੱਦ 5'-11", ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 I 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 I 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11"(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3", ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6" ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ।
ਸੰਪਰਕ ਕਰੋ: 289-489-9321 ।

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਅਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3", ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6", Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 I 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce

Email Resume: hr@cellntell.com or umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਵੇਲਜ਼ ਆਫ ਕੈਸਲਮੋਰ ਸੀਨੀਅਰ ਕਲੱਬ ਨੇ ਪਹਿਲਾ ਟੂਰ ਲਾਇਆ



ਬਰੈਂਪਟਨ-ਐਤਵਾਰ 4 ਅਗਸਤ 2019 ਨੂੰ ਨਵੀਂ ਹੋਂਦ 'ਚ ਆਈ ਵੇਲਜ਼ ਆਫ ਕੈਸਲਮੋਰ ਸੀਨੀਅਰ ਕਲੱਬ ਨੇ ਨਿਆਗਰਾ ਫਾਲ ਮੇਲੇ ਦਾ ਆਪਣਾ ਪਹਿਲਾ ਟੂਰ ਸਫਲਤਾ ਪੂਰਵਕ ਲਾਇਆ। ਸਵੇਰੇ ਕੋਈ 11 ਕੁ ਵਜੇ ਟ੍ਰੀਲਾਈਨ ਸਕੂਲ ਤੋਂ ਬਸ ਭਰ ਕੇ ਨਿਆਗਰਾ ਫਾਲ ਵੱਲ ਚਾਲੇ ਪਾਏ ਗਏ। ਪਹਿਲਾਂ ਵੇਲੈਂਡ ਕੈਨਾਲ ਵਿਖੇ ਪਹੁੰਚਿਆ ਗਿਆ ਜਿੱਥੇ ਲੇਕ ਓਨਟਾਰੀਓ ਨੂੰ ਲੇਕ ਐਰੀ ਨਾਲ ਜੋੜਦੀ 42 ਕਿਲੋਮੀਟਰ ਲੰਬੀ ਨਹਿਰ ਇਸ ਤਰ੍ਹਾਂ ਬਣਾਈ ਗਈ ਹੈ ਕਿ ਇਸ ਵਿੱਚ ਚੱਲਣ ਵਾਲੇ ਸ਼ਿਪ ਨੀਂਵੇਂ ਪੱਧਰ ਤੋਂ ਉੱਚੇ ਪੱਧਰ ਤੱਕ 7 ਲੌਕਾਂ ਰਾਹੀਂ ਪਾਣੀ ਰੋਕ ਕੇ ਵਿਸ਼ੇਸ਼ ਤਕਨੀਕ ਨਾਲ ਚੜ੍ਹਾਏ ਜਾਂਦੇ ਹਨ। ਇਨਸਾਨੀ ਕਾਰੀਗਰੀ ਦੀ ਇਹ ਇੱਕ ਬੇਹਤਰੀਨ ਮਿਸਾਲ ਹੈ। ਇੱਥੇ ਇੱਕ ਮਿਊਜ਼ੀਅਮ ਵੀ ਹੈ ਜਿਸ ਨੂੰ ਚੰਗੀ ਤਰ੍ਹਾਂ ਦੇਖਣ ਸਮਝਣ ਲਈ ਪੂਰਾ ਦਿਨ ਵੀ ਕਾਫੀ ਨਹੀਂ ਪਰ ਸਰਸਰੀ ਨਜ਼ਰ ਮਾਰਿਆਂ ਜਾਹਰ ਹੁੰਦਾ ਹੈ ਕਿ ਇਨਸਾਨ ਨੇ ਇਤਿਹਾਸ ਵਿਚ ਵੀ ਤਰੱਕੀ ਦੀਆਂ ਵੱਡੀਆਂ ਪੁਲਾਂਘਾਂ ਪੁੱਟੀਆਂ ਸਨ। ਇੱਥੇ ਭੋਜਨ ਛਕਣ ਉਪਰੰਤ ਨਿਆਗਰਾ ਫਾਲ ਵੱਲ ਚਾਲੇ ਪਾਏ ਗਏ। ਮੇਲਾ ਹੋਣ ਕਰਕੇ ਇੱਥੇ ਬੜੀਆਂ ਹੀ ਰੌਣਕਾਂ ਸਨ। ਇੱਕ ਪਾਸੇ ਸਟੇਜ 'ਤੇ ਪੰਜਾਬੀ ਗੀਤ ਸੰਗੀਤ ਦਾ ਦੌਰ ਚੱਲ ਰਿਹਾ ਸੀ ਦੂਜੇ ਪਾਸੇ ਲੋਕੀਂ ਕੁਦਰਤ ਦੇ ਅਦਭੁਤ ਕਰਿਸ਼ਮੇ ਦੁਨਿਆਂ ਦੇ ਇੱਕ ਵੱਡੇ ਝਰਨੇ ਦਾ ਨਜ਼ਾਰਾ ਲੈ ਰਹੇ ਸਨ। ਸ਼ਾਮੀ ਪੌਣੇ ਕੁ ਸੱਤ ਵਜੇ ਵਾਪਸੀ ਦਾ ਬਿਗਲ ਵੱਜ ਗਿਆ ਤੇ ਸਭ ਬੱਸ ਵਿਚ ਆਪਣੀ ਸੀਟ 'ਤੇ ਵਿਰਾਜਮਾਨ ਹੋ ਗਏ। ਇਸ ਸਫਲ ਟੂਰ ਲਈ ਪ੍ਰਧਾਨ ਵਤਨ ਸਿੰਘ ਗਿੱਲ ਅਤੇ ਸੈਕਟਰੀ ਹਰਪਾਲ ਸਿੰਘ ਛੀਨਾ ਹੁਰਾਂ ਤੋਂ ਅਲਾਵਾ ਕਲੱਬ ਦੇ ਸਾਰੇ ਡਾਈਰੈਕਰਾਂ ਯੋਗਦਾਨ ਪਾਇਆ ਵਿਸ਼ੇਸ਼ ਕਰਕੇ ਹਰਦਿੱਤ ਸਿੰਘ ਚਾਹਲ ਅਤੇ ਰਤਨ ਸਿੰਘ ਚੀਮਾ ਬੜੀ ਸਰਗਰਮ ਭੂਮਿਕਾ ਨਿਭਾਈ ਜਿਸ ਲਈ ਸਭ ਮੈਂਬਰਾਂ ਇਨ੍ਹਾਂ ਦਾ ਧੰਨਵਾਦ ਕੀਤਾ। ਅਗਲੇ ਟੂਰਾਂ ਦਾ ਵੇਰਵਾ ਇਸ ਤਰ੍ਹਾਂ ਹੈ। 1 ਸਿਤੰਬਰ ਐਤਵਾਰ ਨੂੰ ਟੋਰੰਟੋ ਵਿਖੇ ਏਅਰ ਸ਼ੋ ਵੇਖਣ ਜਾਇਆ ਜਾਵੇਗਾ ਅਤੇ 9 ਸਿਤੰਬਰ ਸੋਮਵਾਰ ਨੂੰ ਚਿੜਿਆਘਰ (ਜ਼ੂ) ਦਾ ਟੂਰ ਹੈ ਜੋ ਇਸ ਦਿਨ ਸੀਨੀਅਰਾਂ ਲਈ ਮੁਫਤ ਹੁਦਾ ਹੈ। ਚਾਹਵਾਨ ਸੱਜਣ ਸੈਕਟਰੀ ਹਰਪਾਲ ਸਿੰਘ ਛੀਨਾ (647 824 1096) ਜਾਂ ਪ੍ਰਧਾਨ ਵਤਨ ਸਿੰਘ ਗਿੱਲ (905 915 3476) ਕੋਲ ਸਮੇਂ ਸਿਰ ਨਾਂਅ ਲਿਖਾ ਦੇਣ। ਧੰਨਵਾਦ।

## ਪ੍ਰੇਮਿਕਾ ਦੇ ਵਾਰਸਾਂ ਦੀ ਕੁੱਟ ਪਿੱਛੋਂ 10 ਦਿਨਾਂ ਤੋਂ ਗਾਇਬ ਨੌਜਵਾਨ ਦਰਬਾਰ ਸਾਹਿਬ 'ਚ ਮਿਲਿਆ

ਮੋਗਾ, 6 ਅਗਸਤ (ਪੋਸਟ ਬਿਊਰੋ)- ਪ੍ਰੇਮਿਕਾ ਦੇ ਪਰਵਾਰ ਵੱਲੋਂ ਕੀਤੀ ਗਈ ਕੁੱਟਮਾਰ ਦੇ ਬਾਅਦ 10 ਦਿਨ ਤੋਂ ਗਾਇਬ ਨੌਜਵਾਨ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਮਿਲ ਗਿਆ ਹੈ। ਇਸ ਘਟਨਾ ਦੇ ਬਾਅਦ ਕਤਲ ਹੋਣ ਦੇ ਡਰ ਤੋਂ ਉਹ ਭੱਜ ਕੇ ਇਥੇ ਆ ਗਿਆ ਅਤੇ ਸੇਵਾ ਕਰਨ ਲੱਗ ਪਿਆ ਸੀ। ਐਤਵਾਰ ਨੂੰ ਉਸ ਨੂੰ ਉਦਾਸ ਦੇਖ ਕੇ ਸੇਵਾਦਾਰ ਨੇ ਪੁੱਛਿਆ ਤਾਂ ਉਸ ਨੇ ਸਭ ਸੱਚ ਦਿੱਤਾ। ਇਸ ਦੇ ਬਾਅਦ ਉਸ ਦੇ ਮਾਤਾ-ਪਿਤਾ ਨੂੰ ਸੂਚਨਾ ਦਿੱਤੀ ਗਈ।

ਕੱਲ੍ਹ ਪੁਲਸ ਨੇ ਨੌਜਵਾਨ ਨੂੰ ਕੁੱਟਣ ਵਾਲੇ ਪ੍ਰੇਮਿਕਾ ਦੇ ਪਿਤਾ ਜਗਰੂਪ ਸਿੰਘ ਅਤੇ ਮਾਤਾ ਰਾਣੀ ਨੂੰ ਪਿੰਡ ਚੂਹੜਚੱਕ ਨੇੜਿਓਂ ਗ੍ਰਿਫਤਾਰ ਕਰ ਲਿਆ। ਨੌਜਵਾਨ ਦੇ ਨਾਲ ਦੋਵਾਂ ਦਾ ਮੈਡੀਕਲ ਕਰਾਇਆ ਗਿਆ। ਪਿੰਡ ਚੂਹੜਚੱਕ ਦੇ ਸੁਖਚੈਨ ਸਿੰਘ ਨੇ ਦੱਸਿਆ ਕਿ 27 ਜੁਲਾਈ ਦੀ ਰਾਤ ਉਹ ਪ੍ਰੇਮਿਕਾ ਨੂੰ ਮਿਲਣ ਕੰਧ ਟੱਪ ਕੇ ਉਸ ਦੇ ਘਰ ਗਿਆ ਸੀ। ਇੰਨੇ ਵਿੱਚ ਪ੍ਰੇਮਿਕਾ ਦੇ ਪਿਤਾ ਨੇ ਉਸ ਨੂੰ ਫੜ ਲਿਆ ਤੇ ਨੰਗਾ ਕਰ ਕੇ ਕੁੱਟਮਾਰ ਕੀਤੀ। ਕਿਸੇ ਤਰ੍ਹਾਂ ਜਾਨ ਬਚਾ ਕੇ ਉਹ ਉਥੋਂ ਭੱਜ ਨਿਕਲਿਆ। ਅਜੀਤਵਾਲ ਪਹੁੰਚਣ ਦੇ ਬਾਅਦ ਟਰੱਕ ਵਿੱਚ ਲਿਫਟ ਲੈ ਕੇ ਮੋਗਾ ਪਹੁੰਚਿਆ। ਉਥੋਂ ਬਸ ਫੜ ਕੇ ਅੰਮ੍ਰਿਤਸਰ ਦਰਬਾਰ ਸਾਹਿਬ ਜਾ ਪਹੁੰਚਿਆ। ਉਥੇ ਉਹ ਸੇਵਾ ਕਰਨ ਵਿੱਚ ਲੱਗ ਗਿਆ, ਪਰ ਐਤਵਾਰ ਨੂੰ ਉਹ ਉਦਾਸ ਅਤੇ ਪ੍ਰੇਸ਼ਾਨ ਹੋਣ ਦੇ ਕਾਰਨ ਇਕ ਸੇਵਾਦਾਰ ਨੇ ਉਸ ਤੋਂ ਪੁੱਛਿਆ ਤਾਂ ਸਾਰੀ ਕਹਾਣੀ ਦੱਸੀ। ਇਸ 'ਤੇ ਸੇਵਾਦਾਰ ਨੇ ਪਰਵਾਰ ਨੂੰ ਫੋਨ ਕਰ ਕੇ ਬੁਲਾਇਆ ਅਤੇ ਉਸ ਨੂੰ ਉਨ੍ਹਾਂ ਦੇ ਹਵਾਲੇ ਕਰ ਦਿੱਤਾ।


### ਕਾਨੂੰਨੀ ਨੋਟਿਸ

ਇਹ ਨੋਟਿਸ ਜਲਵਿੰਦਰ ਸਿੰਘ ਸਿੱਧੂ ਸਬੰਧੀ ਪ੍ਰੋਸੀਡਿੰਗਜ਼ ਲਈ ਹੈ। ਤੁਹਾਡੇ ਖਿਲਾਫ ਕਾਨੂੰਨੀ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ ਜਿਸ ਦਾ ਕੋਰਟ ਫਾਈਲ ਨੰ:122/19 ਹੈ। ਜੇ ਤੁਸੀਂ ਇਸ ਸਬੰਧੀ ਜਵਾਬ ਦੇਣਾ ਚਾਹੁੰਦੇ ਹੋਂ ਜਾਂ ਖੁਦ ਦਾ ਬਚਾਅ ਕਰਨਾ ਚਾਹੁੰਦੇ ਹੋਂ ਤਾਂ ਤੁਹਾਨੂੰ ਬਿਨੈਕਰਤਾ ਗੁਰੁਵੀਂਤ ਸੰਘਾ ਦੇ ਵਕੀਲ ਨਾਲ 905-497-7200 ਉੱਤੇ ਸੰਪਰਕ ਕਰਨਾ ਚਾਹੀਦਾ ਹੈ ਜਾਂ 7755 ਹੁਰੌਨਤਾਰੀਓ ਸਟਰੀਟ, ਬਰੈਂਪਟਨ, ਓਨਟਾਰੀਓ ਸਥਿਤ ਕੋਰਟਹਾਊਸ ਵਿਖੇ ਮੁਲਾਕਾਤ ਕਰਨੀ ਚਾਹੀਦੀ ਹੈ। ਜੇ ਤੁਸੀਂ ਅਜਿਹਾ ਕਰਨ ਵਿੱਚ ਅਸਫਲ ਰਹਿੰਦੇ ਹੋਂ ਤਾਂ ਤੁਹਾਡੀ ਗੈਰਹਾਜ਼ਰੀ ਵਿੱਚ ਤੇ ਬਿਨਾਂ ਕੋਈ ਅਗਾਊਂ ਨੋਟਿਸ ਦੇ ਤੁਹਾਡੇ ਖਿਲਾਫ ਆਰਡਰ ਜਾਰੀ ਕੀਤੇ ਜਾ ਸਕਦੇ ਹਨ।


## ਐੱਨ ਆਰ ਆਈ ਦੀ ਬਜ਼ੁਰਗ ਮਾਂ ਨੂੰ ਨੌਕਰਾਣੀ ਨੇ ਨਸ਼ੇ ਦੀ ਆਦੀ ਬਣਾ ਕੇ 86 ਲੱਖ ਰੁਪਏ ਹੜੱਪੇ

ਜੀਰਾ, 6 ਅਗਸਤ (ਪੋਸਟ ਬਿਊਰੋ)- ਵਿਦੇਸ਼ ਵੱਸਦੇ ਇੱਕ ਪੰਜਾਬੀ (ਐੱਨ ਆਰ ਆਈ) ਦੀ 81 ਸਾਲਾ ਬਜ਼ੁਰਗ ਮਾਂ ਨੂੰ ਨੌਕਰਰਾਣੀ ਵੱਲੋਂ ਨਸ਼ੇ ਦਾ ਆਦੀ ਬਣਾ ਕੇ ਵਿਆਜ 'ਤੇ ਪੈਸੇ ਚੜ੍ਹਾਉਣ ਦੇ ਨਾਂਅ 'ਤੇ ਧੋਖੇ ਨਾਲ 86 ਲੱਖ ਰੁਪਏ ਹੜੱਪਣ ਦਾ ਮਾਮਲਾ ਸਾਹਮਣੇ ਆਇਆ ਹੈ। ਪੈਸੇ ਮੰਗਣ 'ਤੇ ਦੋਸ਼ੀ ਨੌਕਰਾਣੀ ਨੇ ਆਪਣੇ ਸਾਥੀਆਂ ਦੇ ਨਾਲ ਬਜ਼ੁਰਗ ਮਹਿਲਾ ਤੇ ਉਸ ਦੀ ਐਨ ਆਰ ਆਈ ਬੇਟੀ ਉੱਤੇ ਹਮਲਾ ਕਰ ਕੇ ਉਨ੍ਹਾਂ ਨੂੰ ਜ਼ਖਮੀ ਕਰ ਦਿੱਤਾ।

ਇਸ ਸੰਬੰਧ ਵਿੱਚ ਦੋਸ਼ ਲਾਇਆ ਗਿਆ ਹੈ ਕਿ ਹਮਲੇ ਦੌਰਾਨ ਹਮਲਾਵਰ ਉਸ ਘਰ ਵਿੱਚ ਰੱਖੇ 20 ਤੋਲੇ ਦੇ ਸੋਨੇ ਦੇ ਗਹਿਣੇ ਤੇ ਸਵਿਫਟ ਡਿਜ਼ਾਈਰ ਕਾਰ ਵੀ ਆਪਣੇ ਨਾਲ ਲੈ ਗਏ। ਪੁਲਸ ਨੇ ਬਜ਼ੁਰਗ ਮਹਿਲਾ ਦੀ ਸ਼ਿਕਾਇਤ 'ਤੇ ਚਾਰ ਨਾਮਜ਼ਦ ਅਤੇ ਪੰਜ ਅਣਪਛਾਤਿਆਂ ਉੱਤੇ ਕੇਸ ਦਰਜ ਕੀਤਾ ਹੈ। ਪੀੜਤ ਐਨ ਆਰ ਆਈ ਰੀਮਾ ਨੇ ਦੱਸਿਆ ਕਿ ਉਹ ਜਰਮਨੀ ਵਿੱਚ ਰਹਿੰਦੀ ਹੈ। ਉਸ ਦੇ ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਮਾਂ ਜੀਰਾ ਸ਼ਹਿਰ ਦੀ ਅਵਾਨ ਰੋਡ 'ਤੇ ਰਹਿੰਦੀ ਹੈ। ਉਸ ਦੀ ਦੇਖਭਾਲ ਕਰੀਬ ਛੇ ਸਾਲਾਂ ਤੋਂ ਬਲਜੀਤ ਕੌਰ ਕਰ ਰਹੀ ਸੀ ਤੇ ਉਸ ਨੂੰ ਉਹ ਛੇ ਹਜ਼ਾਰ ਰੁਪਏ ਮਹੀਨਾ ਤਨਖਾਹ ਦਿੰਦੀ ਸੀ, ਜਿਸ ਦੇ ਨਾਲਕ ਰਹਿਣ ਲਈ ਕੋਠੀ ਦਾ ਉਪਰਲਾ ਹਿੱਸਾ ਵੀ ਉਸ ਨੂੰ ਦਿੱਤਾ ਹੋਇਆ ਸੀ, ਪ੍ਰੰਤੂ ਪਿਛਲੇ ਕੁਝ ਮਹੀਨਿਆਂ ਵਿੱਚ ਬਲਜੀਤ ਕੌਰ ਤੇ ਉਸ ਦੇ ਪਤੀ ਬਲਜਿੰਦਰ ਸਿੰਘ ਨੇ ਉਸ ਦੀ ਮਾਂ ਨੂੰ ਡਰੱਗਸ ਦਾ ਆਦੀ ਬਣਾ ਦਿੱਤਾ। ਇਸ ਦਾ ਫਾਇਦਾ ਉਠਾ ਕੇ ਉਕਤ ਦੋਵਾਂ ਨੇ ਉਸ ਦੀ ਮਾਂ ਨੂੰ ਬੈਂਕ ਵਿੱਚ ਜਮ੍ਹਾ ਪੈਸੇ ਆਪਣੇ ਰਿਸ਼ਤੇਦਾਰਾਂ ਨੂੰ ਵਿਆਜ 'ਤੇ ਦਿਵਾ ਦਿੱਤੇ। ਉਸ ਦੇ ਲਈ ਨਸ਼ੇ ਦੀ ਹਾਲਤ ਵਿੱਚ ਮਾਂ ਤੋਂ ਚੈਕ 'ਤੇ ਹਸਤਾਖਰ ਕਰਵਾ ਲੈਂਦੇ ਸਨ। ਰੀਮਾ ਨੇ ਦੱਸਿਆ ਕਿ ਉਹ ਪੈਸੇ ਉਨ੍ਹਾਂ ਦੇ ਪਿਤਾ ਦੇ ਅਤੇ ਜੱਦੀ ਜ਼ਮੀਨ ਨੂੰ ਵੇਚ ਕੇ ਇਕੱਠੇ ਹੋਏ ਸਨ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

GABRIEL EXCAVATING & GRADING LTD.
ਮਾਰਖਮ ਵਿੱਚ ਮਕੈਨਿਕ ਦੀ ਲੋੜ
- Full Time Heavy Equipment Mechanic (310T Preferred)
- Exp. with CAT equipment & Mack Trucks
- Company truck supplied
ਹੋਰ ਵੀ ਕਈ ਸੇਵਾਵਾਂ ਤੇ ਰਿਟਾਇਰ ਹੋਣ ਤੇ ਪੈਨਸ਼ਨ ਵੀ ਦਿੱਤੀ ਜਾਂਦੀ ਹੈ
ਕਾਲ ਕਰੋ: 905-470-0482

AZ ਡਰਾਇਵਰਾਂ ਦੀ ਲੋੜ ਹੈ
New Drivers are welcome
- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Barber ਦੀ ਲੋੜ For Men Haircut
Airport ਤੇ Sandalwood ਦੇ ਏਰੀਏ 'ਚ ਇਕ ਸੈਲੋਨ ਨੂੰ Men Haircut ਲਈ Barber ਦੀ ਲੋੜ ਹੈ। ਫੁਲ ਟਾਈਮ ਕੰਮ, ਵਧੀਆ ਤਨਖਾਹ ਦਿੱਤੀ ਜਾਵੇਗੀ।
ਹੋਰ ਜਾਣਕਾਰੀ ਲਈ ਕਾਲ ਕਰੋ :
416 992 2320

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੋ ਬਰ ਨੋ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

V4U LOGISTIC INC.
Delivering "Satisfaction"... On Time ...Every Time
NOW HIRING
A/Z Drivers Needed
For Canada To US Runs
Local City Drivers @ 22/hr
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
- Disability Insurance
- Travel Insurance
- Medical Benefits
- Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਦਾ ਇਕ ਕਾਂਡ

## ਕੰਵਲ ਦਾ ਸ਼ਾਹਕਾਰ ਨਾਵਲ ਪੂਰਨਮਾਸ਼ੀ-1



-ਪ੍ਰਿੰ. ਸਰਵਣ ਸਿੰਘ-

ਜਸਵੰਤ ਸਿੰਘ 'ਕੰਵਲ' ਦੀ ਵਧੇਰੇ ਪ੍ਰਸਿੱਧੀ 'ਪੂਰਨਮਾਸ਼ੀ' ਨਾਵਲ ਪ੍ਰਕਾਸ਼ਿਤ ਹੋਣ ਨਾਲ ਹੋਈਸੀ ਜੋ ਪਹਿਲੀ ਵਾਰ 1949 ਵਿਚ ਲਾਹੌਰ ਬੁੱਕ ਸ਼ਾਪ ਲੁਧਿਆਣੇ ਨੇ ਛਾਪਿਆ। ਉਦੋਂਇਸ ਨੂੰ ਪਿੰਡਾਂ ਦੀਆਂ ਸੱਥਾਂ, ਖੁੰਢਾਂ, ਖੂਹਾਂ, ਵਿਹੜਿਆਂ, ਸਕੂਲਾਂ, ਕਾਲਜਾਂ ਅਤੇਹੱਟੀਆਂ ਭੱਠੀਆਂ 'ਤੇ ਵਾਰਸ ਦੀ ਹੀਰ ਵਾਂਗ ਪੜ੍ਹਿਆਸੁਣਿਆ ਗਿਆ। ਇਸ ਦਾ ਮੁੱਖ ਬੰਦ ਉਸ ਸਮੇਂ ਦੇ ਧਨੰਤਰ ਆਲੋਚਕ ਸੰਤ ਸਿੰਘ ਸੇਖੋਂ ਨੇ ਲਿਖਿਆ ਸੀ। ਕੰਵਲ ਨੇ ਪਹਿਲੇ ਪੰਨੇ 'ਤੇ ਸਮਰਪਣ ਵਜੋਂਇਹ ਲਫ਼ਜ਼ ਲਿਖੇ ਸਨ:


ਧੰਨਵਾਦ

ਹਾਲੀਆਂ ਪਾਲੀਆਂ ਦਾ, ਜਿਨ੍ਹਾਂ ਦੇ ਲੋਕ ਗੀਤਾਂ ਦੀਆਂ ਲਿਰਕਾਂ ਨੇ ਖੁੱਲ੍ਹੇ ਖੇਤਾਂ ਵਿਚੋਂ ਮੈਨੂੰ ਆਪਣੇ ਰਸ ਵੱਲ ਖਿੱਚਿਆ। ਉਨ੍ਹਾਂ ਪੇਂਡੂ ਕੁੜੀਆਂ ਦਾ, ਜਿਨ੍ਹਾਂ ਚਿੱਠੀਆਂ ਰਾਹੀਂ ਲੋਕ ਗੀਤ ਮੈਨੂੰ ਘੱਲੇ। ਆਪਣੇ ਛੋਟੇ ਵੀਰ ਹਰਬੰਸ ਦਾ, ਜਿਸ ਘਰ ਦੇ ਕੰਮਾਂ ਵਿਚ ਨਹੀਂ ਰੁੱਝਣ ਦਿੱਤਾ। ਸਾਹਿਤਕਾਰ ਸਾਥੀਆਂ ਦਾ, ਜਿਨ੍ਹਾਂ ਚੰਗੀਆਂ ਸਲਾਹਾਂ ਦਿੱਤੀਆਂ। ਖ਼ਾਸ ਕਰ ਕੇ ਪ੍ਰੋ. ਸੰਤ ਸਿੰਘ ਸੇਖੋਂ ਜੀ ਦਾ ਜਿਨ੍ਹਾਂ ਕੀਮਤੀ ਸਮਾਂ ਕੱਢ ਕੇ ਮੁੱਖ-ਬੰਧ ਲਿਖਣ ਦੀ ਖੇਚਲ ਕੀਤੀ।

ਉਦੋਂ ਪੰਜਾਬੀ ਆਲੋਚਨਾ ਵਿਚ ਸੰਤ ਸਿੰਘ ਸੇਖੋਂ ਦਾ ਨਾਂ ਚਲਦਾ ਸੀ। ਉਹ ਅੰਗਰੇਜ਼ੀ ਸਾਹਿਤ ਦਾ ਧੁਰੰਤਰ ਵਿਦ-ਵਾਨ ਸੀ। ਉਹ ਗੂੜ੍ਹ ਗਿਆਨੀਆਂ ਵਾਲੀ ਭਾਸ਼ਾ ਵਿਚ ਆਲੋਚਨਾ ਕਰਿਆ ਕਰਦਾ ਸੀ ਜੋ ਸਾਧਾਰਨ ਪਾਠਕਾਂ ਦੀ ਸਮਝੋਂ ਬਾਹਰ ਸੀ। ਉਸ ਦੇ 'ਮੁੱਖ-ਸ਼ਬਦ' ਸਨ, "...ਨਾਵਲ 'ਪਾਲੀ' ਨੂੰ ਸਾਰਥਿਕ ਕਰਨ ਵਾਲਾ ਵੀ ਜਿਥੋਂ ਤਕ ਸੀ, ਮਾਲਵੇ ਦਾ ਪੇਂਡੂ ਜੀਵਨ ਹੀ ਸੀ; 'ਪੂਰਨਮਾਸ਼ੀ' ਤਾਂ ਉਸ ਜੀਵਨ ਦੀ ਹੀ ਨਵੇਂ ਸਿਰੇ ਤੋਂ ਦ੍ਰਿਸ਼ਟੀ ਹੈ। ਭਾਵੇਂ ਨਾਉਂ ਉਸ ਦਾ ਵੀ ਇਕ ਪਾਤਰ ਤੇ ਉਹ ਵੀ ਬਹੁਤ ਛੋਟੇ ਪਾਤਰ ਤੋਂ ਰੱਖਿਆ ਗਿਆ ਹੈ। ਇਹ ਕਿਸੇ ਇਕ ਇਸਤਰੀ ਦੇ ਦੁੱਖਾਂ ਦਾ ਪਿਆਰਾਂ-ਭਰਿਆ ਜੀਵਨ ਹੀ ਨਹੀਂ, ਇਹ ਮਾਲਵੇ ਦੇ ਪਿੰਡਾਂ ਦਾ ਤੇ ਮਾਲਵੇ ਦੇ ਪਿੰਡਾਂ ਤੋਂ ਵੱਖਰਾ ਪੇਂਡੂ ਜੀਵਨ ਮਾਝੇ, ਬਾਰ, ਪੋਠੋਹਾਰ ਵਿਚ ਤਾਂ ਕੀ, ਯੂਰਪ ਵਿਚ ਵੀ ਹੋ ਸਕਦਾ ਜੀਵਨ ਹੈ। ਫੇਰ ਭਾਵੇਂ ਇਹ ਦੋ ਤਿੰਨ ਪਿੰਡਾਂ ਦੀ ਹੀ ਕਹਾਣੀ ਹੈ, ਇਹ ਡਿਕਨਜ਼ ਦੇ ਨਾਵਲ 'ਦੋ ਸ਼ਹਿਰਾਂ ਦੀ ਕਹਾਣੀ' ਵਾਕਰ ਕਿਸੇ ਮਹਾਨ ਘਟਨਾ ਦਾ ਇਕ ਨਿਗੂਣਾ ਜਿਹਾ ਪੱਖ ਦਰਸਾ ਕੇ ਨਹੀਂ ਰਹਿ ਜਾਂਦੀ ਸਗੋਂ ਇਹਨਾਂ ਤਿੰਨ ਪਿੰਡਾਂ ਵਿਚ ਇਕ ਦੁਨੀਆ ਬੰਦ ਕੀਤੀ ਪਈ ਹੈ।

ਜਟਕੇ ਜੀਵਨ ਦਾ ਇਹ ਯਥਾਰਥਵਾਦੀ ਚਿੱਤਰ ਜ਼ਰੂਰ ਹੈ, ਪਰ ਇਸ ਤੋਂ ਵਧ ਕੇ ਇਹ ਹੋਰ ਵੀ ਬਹੁਤ ਕੁਝ ਹੈ। ਇਹ ਇਸ ਜੀਵਨ ਦੀ ਸੁਘੜ ਆਤਮਾ ਦਾ ਪ੍ਰਕਾਸ਼ ਹੈ। ਰੂਪ, ਇਸ ਦਾ ਨਾਇਕ ਕੋਈ ਦੇਵਤਾ ਨਹੀਂ। ਉਹ ਇਕ ਵਿਆਹ ਕਰਵਾ ਕੇ ਛੱਡ ਦੇਂਦਾ ਹੈ, ਜਿਸ ਕਰਕੇ ਨਾਵਲ ਦੇ ਆਰੰਭ ਵਿਚ ਉਹ ਇਕ ਘ੍ਰਿਣਤ ਜੀਵ ਹੈ, ਪਰ ਜਿਥੇ ਉਸ ਦਾ ਇਹ ਔਗੁਣ ਸਮਾਜ ਵੱਲ ਇਕ ਮੂੜ੍ਹ ਮੱਤ ਦੀ ਵੰਗਾਰ ਦਾ ਸਿੱਟਾ ਹੈ, ਉਥੇ ਉਸ ਦਾ ਚੰਨੋ ਦੇ ਪਿਆਰ ਤੇ ਗਿਆਨੀ ਦੀ ਮਿੱਤਰਤਾ ਦੇ ਪ੍ਰਭਾਵ ਗ੍ਰਹਿਣ ਕਰਨਾ, ਉਸ ਦੀ ਮਨੁੱਖ ਸੁਹਿਰਦਤਾ ਦਾ ਪਰਮਾਣ ਹੈ। ਇਸ ਤੋਂ ਆਸ ਉਪਜਦੀ ਹੈ ਕਿ ਸਮਾਜ ਦੀਆਂ ਹਜ਼ਾਰਾਂ ਸਾਲਾਂ ਦੀਆਂ ਟੇਢੀਆਂ ਚਾਲਾਂ ਵੀ ਮਨੁੱਖ ਦੀ ਸੱਚੇ ਜੀਵਨ ਦੀ ਪ੍ਰਾਪਤੀ ਦੀ ਸੰਭਾਵਨਾ ਨੂੰ ਖ਼ਤਮ ਨਹੀਂ ਕਰ ਸਕੀਆਂ। ਰੂਪ, ਮਨੁੱਖਾ ਜੀਵਨ ਦੀ ਇਕ ਆਸ਼ਾਵਾਦੀ ਦ੍ਰਿਸ਼ਟੀ ਦਾ ਪ੍ਰਕਾਸ਼ ਹੈ।

ਸ਼ਾਮੋ ਮੈਲੀ ਹੋਣ 'ਤੇ ਵੀ ਹੀਰੇ ਦੀ ਕਣੀ ਹੈ। ਉਸ ਦੀ ਮੈਲ ਦਾ ਇਕ ਅਤਿ ਸਵੱਛ ਬਸਤਰ ਦੇ ਤਣੀ ਤੋਂ ਅਚਾਨਕ ਭੁੰਜੇ ਡਿੱਗ ਜਾਣ ਨਾਲ ਲੱਗੇ ਦਾਗ ਹਨ, ਜੋ ਇਸ ਦੀ ਸਵੱਛਤਾ ਨੂੰ ਨਸ਼ਟ ਨਹੀਂ ਕਰ ਸਕਦੇ। ਅਸੀਂ ਆਪਣੀ ਧੀ ਭੈਣ ਨੂੰ ਇਸ ਦਾਗ ਤੋਂ ਬਚਾਈ ਰੱਖਣਾ ਚਾਹੁੰਦੇ ਹਾਂ। ਪਰ ਜਿਹੜੀ ਧੀ ਭੈਣ ਇਸ ਦਾਗ ਦੇ ਲੱਗ ਜਾਣ 'ਤੇ ਸ਼ਾਮੋ ਜਿੰਨੀ ਸਵੱਛ ਰਹੇਗੀ, ਉਸ ਨੂੰ ਅਸੀਂ ਤਾਂ ਕੀ, ਸਾਰੇ ਖ਼ਿਮਾ ਕਰ ਦੇਣਗੇ, ਤੇ ਖ਼ਿਮਾ ਹੀ ਨਹੀਂ,




ਉਸ ਨੂੰ ਉਸ ਖੁਸ਼ਹਾਲੀ ਦਾ ਪੂਰਨ-ਭਾਂਤ ਭਾਗੀ ਸਮਝਾਂਗੇ ਜੋ ਉਸ ਨੂੰ ਆਪਣੇ ਸਹੁਰੇ ਘਰ ਪ੍ਰਾਪਤ ਹੁੰਦੀ ਹੈ। ਜਦੋਂ ਨਾਵਲ ਦੇ ਅੰਤ ਵਿਚ ਸ਼ਾਮੋ ਅਰ ਉਸ ਦਾ ਪੜ੍ਹਿਆ ਲਿਖਿਆ, ਕੋਟ ਪਤਲੂਣ ਵਾਲਾ ਸਰਦਾਰ, ਦਿਆਲੇ ਅਮਲੀ ਦੇ ਟਾਂਗੇ 'ਤੇ ਸਵਾਰ ਹੁੰਦੇ ਹਨ ਅਤੇ ਸ਼ਾਮੋ ਦਾ ਸਰਦਾਰ ਦਿਆਲੇ ਨਾਲ ਉਸ ਦੇ ਵਿਆਹ ਦੀ ਗੱਲ ਛੇੜ ਦੇਂਦਾ ਹੈਤਾਂ ਭਾਵੇਂ ਦਿਆਲੇ ਦੀਆਂ ਤਨਜ਼ਾਂ ਤੇ ਸ਼ਾਮੋ ਦੀਆਂ ਝੇਪਾਂ ਵਿਚ ਪੜ੍ਹਨ ਵਾਲੇ ਨੂੰ ਪ੍ਰਧਾਨ ਪ੍ਰਭਾਵ ਵਿਅੰਗ ਦਾ ਜਾਪੇ, ਮੈਨੂੰ ਇਸ ਵਿਚ ਸ਼ਾਮੋ ਦੀ ਸਵੱਛਤਾ ਦਾ ਫਲ-ਰੂਪ ਹੀ ਦਿਸਦਾ ਹੈ, ਜਿਵੇਂ ਕੋਈ ਕਹਿ ਰਿਹਾ ਹੋਵੇ ਕਿ ਇਕ-ਅੱਧ ਭੁੱਲ ਜੀਵਨ ਵਿਚ ਕੋਈ ਅਰਥ ਨਹੀਂ ਰੱਖਦੀ, ਜੇ ਤੁਹਾਡਾ ਹਿਰਦਾ ਤੇ ਸਮੁੱ-ਚਾ ਜੀਵਨ ਪੱਧਰਾ ਤੇ ਖਰਾ ਹੈ।

ਪਰ ਚੰਨੋ ਤਾਂ ਅਸਾਡੇ ਜੀਵਨ ਦੀ ਰਾਸ ਹੈ। ਬੜੇ ਸੁਭਾਗ ਦੀ ਗੱਲ ਹੈ ਕਿ ਅਸਾਡੀਆਂ ਇਸਤ੍ਰੀਆਂ ਇਸ ਕੁਚੱਜੇ ਸਮਾਜ ਵਿਚ ਵੀ ਚੰਨੋ ਜਿਹੀਆਂ ਸੁੰਦਰ ਹਨ, ਸਰੀਰ ਤੇ ਹਿਰਦੇ ਦੋਹਾਂ ਪੱਖਾਂ ਤੋਂ। ਤਦੇ ਅਸੀਂ ਹਾਲੀ ਤਕ ਇਕ ਸੱਭਿਆ ਲੋਕ ਤੁਰੇ ਆਉਂਦੇ ਹਾਂ, ਜਿਨ੍ਹਾਂ ਨੂੰ ਹਜ਼ਾਰ ਸਾਲ ਦੀ ਗੁਲਾਮੀ ਨੇ ਵੀ ਮੂਲੋਂ ਸਿਥਲ ਨਹੀਂ ਕਰ ਦਿੱਤਾ।

ਚੰਨੋ ਦਾ ਰੂਪ ਨੂੰ ਚੁਬਾਰੇ ਵਿਚ, ਤੇ ਫਿਰ ਉਹ ਜਦੋਂ ਹੋਰ ਥਾਂ ਮੰਗੀ ਜਾਂਦੀ ਹੈ, ਬਾਹਰ ਖੂਹ 'ਤੇ ਮਿਲਣਾ, ਜਦੋਂ ਕਿ ਰੂਪ ਉਸ ਨੂੰ ਨਸਾਅ ਲੈਣ ਦੇ ਇਰਾਦੇ ਨਾਲ ਰਾਤ ਨੂੰ ਮਿਲਣ ਆਇਆ ਸੀ, ਉਸ ਦੀ ਸਿਆਣਪ ਦਾ ਸਦਕਾ ਆਪਣੇ ਕਠੋਰ ਇਰਾਦੇ ਤੋਂ ਟਲ ਜਾਂਦਾ ਹੈ, ਆਪਣੇ ਆਪ ਵਿਚ ਕੁਝ ਦੁਰਵਿਸ਼ਵਾਸ਼ ਜਿਹੀਆਂ ਗੱਲਾਂ ਲੱਗਣਗੀਆਂ, ਪਰ ਚੰਨੋ ਨੂੰ ਕਲਾਕਾਰ ਨੇ ਕੁਝ ਅਜਿਹਾ ਘੜਿਆ ਹੈ ਕਿ ਉਸ ਦੀ ਹਾਲਤ ਵਿਚ ਵਿਸ਼ਵਾਸ ਨੂੰ ਕਦੇ ਸੱਟ ਨਹੀਂ ਲੱਗਦੀ। ਚੰਨੋ ਇਕ ਆਦਰਸ਼ਕ ਜੀਵ ਹੈ, ਜਿਸ ਦੇ ਸਹਾਰੇ ਵਾਸਤਵ ਜੀਵਨ ਖੜ੍ਹਾ ਹੈ।

ਚੰਨੋ ਦੇ ਸਹੁਰੇ ਘਰ ਦਾ ਜੀਵਨ ਅਸਾਡੇ ਜਟਕੇ ਜੀਵਨ ਦੀ ਮੂੰਹ-ਬੋਲਦੀ ਤਸਵੀਰ ਹੈ। ਇਸ ਵਿਚ ਅਸਾਡੀ ਗਰੀਬੀ, ਅਸਾਡੀ ਮਜਬੂਰੀ, ਅਸਾਡਾ ਕੁਚੱਜ, ਪਰ ਨਾਲ ਹੀ ਅਸਾਡੀ ਸੁਹਿਰਦਤਾ ਸਾਕਾਰ ਹੁੰਦੀਆਂ ਹਨ। ਚੰਨੋ ਦਾ ਪਤੀ ਧਰਤੀ ਦਾ ਇਕ ਧੌਲ ਹੈ, ਜਿਸ ਦੇ ਆਸਰੇ ਅਸਾਡੀ ਧਰਤੀ ਖੜ੍ਹੀ ਹੈ ਅਤੇ ਉਸ ਦੇ ਜੰਗ ਵਿਚ ਮਰ ਜਾਣ ਨਾਲ ਇਹ ਧਰਤੀ ਡੋਲਦੀ ਦਿਸਦੀ ਹੈ ਤਾਂ ਚੰਨੋ ਆਪ ਹੇਠਾਂ ਸਿਰ ਦੇ ਕੇ ਇਸ ਨੂੰ ਬਚਾਅ ਲੈਂਦੀ ਹੈ।

ਤਕਨੀਕ ਦੇ ਨੁਕਤੇ ਤੋਂ ਭਾਵੇਂ ਗੋਂਦ, ਨਾਵਲ ਜਾਂ ਕਹਾਣੀ ਦਾ ਇਕ ਅਤਿ ਲੋੜੀਂਦਾ ਅੰਗ ਹੈ, ਤਾਂ ਵੀ ਇਸ ਦੀ ਅਸਲ ਵਡਿਆਈ ਪਾਤਰਾਂ ਵਿਚ ਹੁੰਦੀ ਹੈ, ਜਿਸ ਤਰ੍ਹਾਂ ਜੀਵਨ ਵਿਚ ਘਟਨਾ ਦੀ ਭੋਇੰ ਉਤੇ ਮਹਾਂਪੁਰਸ਼ ਤੇ ਯੋਧੇ ਇਸ ਦਾ ਫਲ ਹੁੰਦੇ ਹਨ। ਤੇ ਭੋਇੰ ਦੀ ਵਡਿਆਈ ਦਾ ਨਿਰਭਰ ਫਲ ਤੋਂ ਬਿਨਾਂ ਹੋਰ ਕਾਸੇ 'ਤੇ ਹੋ ਸਕਦਾ ਹੈ? 'ਪੂਰਨਮਾਸ਼ੀ' ਘਟਨਾ ਅਥਵਾ ਗੋਂਦ ਅਰ ਪਾਤਰਾਂ, ਦੋਹਾਂ ਪੱਖਾਂ ਤੋਂ ਸੁੰਦਰ ਤੇ ਪ੍ਰਭਾਵਸ਼ਾਲੀ ਹੈ, ਪਰ ਜੋ ਤਸਵੀਰ ਚੰਨੋ, ਸ਼ਾਮੋ, ਕਰਮਾ, ਰੂਪ ਤੇ ਦਿਆਲਾ ਬਣਾਂਦੇ ਹਨ, ਉਹ ਕਿਸੇ ਚੁਗਾਠ ਵਿਚ ਵੀ ਸੁਹਣੀ ਲੱਗਣੀ ਸੀ। ਅਜਿਹੇ ਪੰਜ ਪਾਤਰ ਹਿੰਦੁਸਤਾਨੀ ਸਾਹਿਤ ਵਿਚ ਕਿਸੇ ਘਟ ਹੀ ਸਿਰਜੇ ਹੋਣਗੇ।

ਚੰਗਾ ਹੁੰਦਾ ਜੇ ਕਰਮੇ ਦੇ ਮਰਨ ਤੋਂ ਬਾਅਦ ਚੰਨੋ ਦਾ ਪਿਛਲਾ ਜੀਵਨ ਜ਼ਰਾ ਵਿਸਥਾਰ ਨਾਲ ਵਰਣਨ ਕੀਤਾ ਜਾਂਦਾ ਤੇ ਨਾਵਲ ਦਾ ਪਿਛਲਾ ਹਿੱਸਾ ਹੋਰ ਲੰਮਾ ਕਰ ਦਿੱਤਾ ਜਾਂਦਾ। ਫਿਰ ਦੋ ਪੁਸ਼ਤਾਂ ਦਾ ਉਹ ਫਰਕ ਜੋ ਰੂਪ ਤੇ ਪੂਰਨ ਦੇ ਵਿਆਹ ਵੇਲੇ ਉਹਨਾਂ ਦੀ ਸੇਵਾ ਕਰਦਿਆਂ ਦਿਖਾਇਆ ਗਿਆ, ਹੋਰ ਸਪੱਸ਼ਟ ਭਾਂਤ ਦਿਖਾਇਆ ਜਾਂਦਾ। ਜਸਵੰਤ ਸਿੰਘ ਪੰਜਾਬੀ ਵਿਚ ਨਾਨਕ ਸਿੰਘ ਦਾ ਵਾਰਸ ਹੈ। ਇਹ ਪੰਜਾਬੀ ਨਾਵਲ ਦੇ ਖੇਤਰ ਨੂੰ ਹੋਰ ਚੌੜਾਂ ਕਰ ਰਿਹਾ ਹੈ ਤੇ ਮੈਨੂ ਆਸ ਹੈ, ਕੁਝ ਸਾਲਾਂ ਤਕ ਪੰਜਾਬੀ ਨਾਵਲ, ਅਜਿਹੇ ਲੇਖਕਾਂ ਦੇ ਸਦਕਾ, ਯੂਰਪੀਨ ਨਾਵਲ ਦੀਆਂ ਉਚਾਈਆਂ ਨੂੰ ਛੁਹਣ ਲੱਗ ਜਾਣਗੇ।"

ਬਾਈ ਕੰਵਲ ਨਾਲ ਮੇਰੀ ਪਹਿਲੀ ਮਿਲਣੀ ਨਾਵਲ 'ਪੂਰਨਮਾਸ਼ੀ' ਪੜ੍ਹਨ ਨਾਲ ਹੀ ਹੋਈ ਸੀ। ਉਸ ਨੂੰ ਮਿਲਣ ਤੋਂ ਪਹਿਲਾਂ ਮੈਂ ਉਹਦੇ ਪਾਤਰਾਂ ਨੂੰ ਮਿ-ਲਆ ਸਾਂ। ਰੂਪ ਨੂੰ ਮਿਲਿਆ, ਚੰਨੋ ਨੂੰ ਮਿਲਿਆ, ਸ਼ਾਮੋ, ਬਚਨੋ, ਪ੍ਰਸਿੰਨੀ, ਸੰਤੀ, ਜਗੀਰ, ਜਿਓਣੇਤੇ ਦਿਆਲੇ ਅਮਲੀ ਨੂੰ ਮਿਲਿਆ। ਉਹਦੇ ਨਾਵਲ ਵਿਚਲੇ 'ਨਵੇਂ ਪਿੰਡ' ਉਰਫ ਢੁੱਡੀਕੇ ਦੀ ਉਸ ਜਗ੍ਹਾ ਨੂੰ ਨਿਹਾਰਿਆ ਜਿਥੇ ਖੂਹ ਚਲਦਾ ਸੀ। ਬਚਨੋ ਉਥੇ ਗੋਹੇ ਵਾਲਾ ਬੱਠਲ ਧੋਣ ਆਈ ਸੀ। ਇਹ ਮੂੰਹ 'ਨੇਰ੍ਹੇ ਰੂਪ ਨੂੰ ਮਿਲਣ ਦਾ ਬਹਾਨਾ ਸੀ। ਖੁਸ਼ਵੰਤ ਸਿੰਘ ਨੇ ਉਸ ਚਲਦੇ ਖੂਹ ਦੇ ਸਮੁੱਚੇਦ੍ਰਿਸ਼ ਨੂੰ ਅੰਗਰੇਜ਼ੀ ਦੇ ਮੈਗਜ਼ੀਨ ਇਲੱਸਟ੍ਰੇਟਿਟ ਵੀਕਲੀ ਵਿਚ ਵਡਿਆਇਆ ਸੀ। ਜਿਥੇਖੂਹ ਹੁੰਦਾ ਸੀ, ਖੇਤ ਹੁੰਦੇ ਸਨ, ਸਿਰ ਚੁੱਕਦੀਚਾਰ ਚਾਰ ਉਂਗਲਾਂ ਸੇਂਜੀ ਲੱਗ ਰਹੇ ਖੂਹ ਦੇ ਪਾਣੀ ਵਿਚ ਡੁੱਬ ਰਹੀ ਸੀਅਤੇ ਬਚਨੋ ਰੂਪ ਨੂੰ ਚੋਰੀ ਚੋਰੀ ਮਿਲੀ ਸੀ ਉਥੇ ਹੁਣ ਕੰਵਲ ਦਾ ਘਰ ਹੈ। ਉਹ ਖੂਹ ਭਾਵੇਂ ਬੇਆਬਾਦ ਹੋ ਗਿਐ ਪਰ ਪੂਰਨਮਾਸ਼ੀ ਵਿਚ ਆਬਾਦ ਹੈ।

ਉਸੇ ਖੂਹ ਦੀ ਮੌਣ ਉਤੇ ਬਲਰਾਜ ਸਾਹਨੀ ਬੈਠਿਆ, ਕੰਵਲ ਬੈਠਿਆ ਤੇ ਮੈਂ ਵੀ ਬੈਠਾ। ਆਉਂਦੇ ਜਾਂਦੇ ਬਥੇਰੇ ਕਵੀ ਤੇ ਕਲਾਕਾਰ ਬੈਠੇ। ਉਹਦੀ ਨਿਸ਼ਾਨੀ ਅਜੇ ਵੀ ਕਾਇਮ ਹੈ। ਕਦੇ ਉਹ ਖੂਹ ਪਿੰਡੋਂ ਬਾਹਰਵਾਰ ਸੀ। ਹੁਣ ਪਿੰਡ ਏਨਾ ਫੈਲ ਗਿਆ ਹੈ ਕਿ ਉਹੀ ਖੂਹ ਪਿੰਡ ਦੇ ਕਾਫੀ ਅੰਦਰਵਾਰ ਆ ਗਿਆ ਹੈ। ......... (ਚਲਦਾ)

---

## ਵਿਅੰਗ

## ਮਹਿੰਗਾ ਸਿੰਘ ਦੀ ਪਾਕਿਸਤਾਨੀ ਕਿਤਾਬ

-ਰੋਹਿਤ ਸੋਨੀ ਸਾਦਿਕ-

ਟੀ ਵੀ ਦਾ ਸਵਿੱਚ ਔਨ ਕੀਤਾ ਹੀ ਸੀ ਕਿ ਸਾਹਮਣੇ ਉਹੀ ਕੁਝ ਚੱਲ ਰਿਹਾ ਸੀ, ਜਿਸ ਨੂੰ ਨਾ ਵੇਖਣ ਲਈ ਮੈਂ ਕੁਝ ਦਿਨਾਂ ਤੋਂ ਟੀ ਵੀ ਬੰਦ ਕਰ ਦਿੱਤਾ ਸੀ। ਟੀ ਵੀ ਵਾਲੇ ਮਹਿੰਗਾ ਸਿੰਘ ਦੀਆਂ ਮਾੜੀਆਂ ਆਦਤਾਂ, ਬੇਪਰਵਾਹੀ ਤੇ ਲੋਕਾਂ ਵੱਲੋਂ ਉਸ ਨੂੰ ਪਾਈ ਜਾਂਦੀ ਫਿਟ ਲਾਹਨਤ ਤੇ ਉਸ ਦੀ ਪਾਕਿਸਤਾਨੀ ਕਿਤਾਬ ਦੀਆਂ ਤਸਵੀਰਾਂ ਚਟਕਾਰੇ ਲੈ ਕੇ ਦਿਖਾ ਰਹੇ ਸਨ। ਪ੍ਰੇਸ਼ਾਨ ਹੋ ਕੇ ਮੈਂ ਫਿਰ ਟੀ ਵੀ ਬੰਦ ਕਰ ਦਿੱਤਾ ਅਤੇ ਸਿਰ ਚੜ੍ਹਾ ਕੇ ਬੈਠ ਗਿਆ। ਸੋਚਣ ਲੱਗਾ ਕਿ ਕੀ ਕੀਤਾ ਜਾਵੇ ਇਸ ਮਹਿੰਗਾ ਸਿੰਘ ਦੀਆਂ ਆਦਤਾਂ ਅਤੇ ਉਸ ਦੀ ਪਾਕਿਸਤਾਨੀ ਕਿਤਾਬ ਦਾ, ਪਰ ਮੈਂ ਹਮੇਸ਼ਾ ਵਾਂਗ ਅੱਜ ਵੀ ਬੇਵੱਸ ਸੀ, ਕੁਝ ਨਹੀਂ ਕਰ ਸਕਦਾ। ਸਿਰਫ ਟੀ ਵੀ ਬੰਦ ਕਰ ਸਕਦਾ ਸੀ।

ਮਹਿੰਗਾ ਸਿੰਘ ਸੀ ਤਾਂ ਮੇਰਾ ਮਿੱਤਰ, ਪਰ ਉਸ ਦੀਆਂ ਭੈੜੀਆਂ ਆਦਤਾਂ ਕਾਰਨ ਉਸ ਨੂੰ ਮਿੱਤਰ ਆਖਣ ਨੂੰ ਜੀਅ ਨਹੀਂ ਕਰਦਾ। ਕੀ ਕਰੀਏ, ਉਹਨੇ ਤਾਂ ਸ਼ਰਮ ਲਾਹ ਰੱਖੀ ਹੈ, ਆਪਾਂ ਉਹਦੇ ਜਿਹਾ ਨਹੀਂ ਬਣਨਾ। ਇਹੋ ਸੋਚ ਕੇ ਚੁੱਪ ਕਰ ਜਾਈਦਾ ਸੀ। ਮਹਿੰਗਾ ਸਿੰਘ ਸਿਰਫ ਨਾਂਅ ਦਾ ਮਹਿੰਗਾ ਨਹੀਂ ਸੀ। ਉਸ ਦੀਆਂ ਆਦਤਾਂ ਅਤੇ ਸੁਭਾਅ ਵੀ ਬਹੁਤ ਮਹਿੰਗੇ ਸਨ। ਉਹਦੇ ਨਾਲ ਕੀਤੀ ਸਹਿ-ਸੁਭਾਅ ਗੱਲ ਵੀ ਕਿਸੇ ਨੂੰ ਸਤੀ ਨਹੀਂ ਸੀ ਪੈਂਦੀ। ਮਹਿੰਗਾ ਸਿੰਘ ਇਸ ਵਾਰ ਵੀ ਲੋਕਾਂ ਨੂੰ ਝੂਠ ਤੂਫਾਨ ਬੋਲ-ਬੂਲ ਕੇ ਇਲੈਕਸ਼ਨ ਜਿੱਤ ਗਿਆ ਸੀ। ਲੋਕਾਂ ਨੇ ਉਹਦੀਆਂ ਗੱਲਾਂ ਵਿੱਚ ਆ ਕੇ ਉਸ ਨੂੰ ਬਥੇਰੀਆਂ ਵੋਟਾਂ ਪਾਈਆਂ ਸਨ। ਮੈਂ ਵੀ ਆਪਣਾ ਸਾਰਾ ਜ਼ੋਰ ਲਾ ਦਿੱਤਾ ਕਿ ਉਹ ਜਿੱਤ ਜਾਵੇ। ਸ਼ਾਇਦ ਕਿਤੇ ਲੋਕਾਂ ਦੀ ਸੇਵਾ ਭਾਵਨਾ, ਸਮਾਜ ਵਿਚਲੀਆਂ ਬੁਰਾਈਆਂ ਦੇ ਖਾਤਮੇ ਦਾ ਕਰਨ ਦਾ ਪ੍ਰਣ ਉਸ ਨੂੰ ਇੱਕ ਚੰਗਾ ਇਨਸਾਨ ਬਣਾ ਦੇਵੇ, ਪਰ ਕਮਲੀ ਦੇ ਭਾਗਾਂ ਵਿੱਚ ਸੁੱਖ ਕਿੱਥੇ? ਮਹਿੰਗਾ ਸਿੰਘ ਕੋਈ ਆਮ ਆਦਮੀ ਨਹੀਂ ਸੀ ਰਿਹਾ, ਉਹ ਮੰਤਰੀ ਬਣ ਗਿਆ ਸੀ। ਉਸ ਦੀ ਮਾਰੀ ਛਿੱਕ ਵੀ ਅਖਬਾਰਾਂ ਅਤੇ ਟੀ ਵੀ ਦੀਆਂ ਸੁਰਖੀਆਂ ਬਣ ਜਾਂਦੀ ਸੀ। ਅਖਬਾਰਾਂ ਵਾਲੇ ਇੱਕ-ਦੋ ਵਾਰ ਉਹਦੀ ਖਬਰ ਵੀ ਲਾ ਕੇ ਹਟ ਜਾਂਦੇ, ਪਰ ਟੀ ਵੀ ਵਾਲੇ ਪਤੰਦਰ ਬਾਦਲਾਂ ਦੀ ਬਸ ਵਾਂਗੂੰ ਹਰ ਪੰਜ-ਪੰਜ ਮਿੰਟ ਬਾਅਦ ਚਲਾਈ ਤੁਰੇ ਜਾਂਦੇ। ਹੋਰ ਕਿਸੇ ਨੂੰ ਮੌਕਾ ਹੀ ਨਹੀਂ ਦਿੰਦੇ ਸਨ। ਜਿਵੇਂ ਇਨ੍ਹਾਂ ਨੇ ਪੱਕਾ ਪਰਮਿਟ ਮਹਿੰਗਾ ਸਿੰਘ ਦੀਆਂ ਖਬਰਾਂ ਦਾ ਲਿਆ ਹੋਵੇ, ਪਰ ਮਹਿੰਗਾ ਸਿੰਘ ਸੀ ਕਿ ਉਹਦੀ ਸਿਹਤ 'ਤੇ ਕੋਈ ਅਸਰ ਨਹੀਂ ਹੋ ਰਿਹਾ ਸੀ। ਕੋਈ ਕੁਝ ਬੋਲੇ, ਕੋਈ ਕੁਝ ਆਖੀ ਜਾਵੇ।

ਮਹਿੰਗਾ ਸਿੰਘ ਮੁੱਢ ਤੋਂ ਅਜਿਹਾ ਨਹੀਂ ਸੀ, ਪਰ ਇੱਕ ਵਾਰ ਪਤਾ ਨਹੀਂ ਕਿਹੜੀ ਮਨਹੂਸ ਘੜੀ ਵਿੱਚ ਪਾਕਿਸਤਾਨ ਗਿਆ ਤੇ ਉਥੋਂ ਇੱਕ ਅਜਿਹੀ ਕਿਤਾਬ ਲੈ ਆਇਆ। ਵਾਪਸੀ ਉਤੇ ਸਫਰ ਦੌਰਾਨ ਕਿਤਾਬ ਪੜ੍ਹਦਿਆਂ ਪਤਾ ਨਹੀਂ ਉਸ ਕਿਤਾਬ 'ਚੋਂ ਅਜਿਹਾ ਕੀ ਪੜ੍ਹ ਲਿਆ ਕਿ ਉਸ ਦਿਨ ਤੋਂ ਬਾਅਦ ਉਸ ਕਿਤਾਬ ਦਾ ਖਹਿੜਾ ਹੀ ਨਹੀਂ ਛੱਡਿਆ। ਵਿਦਵਾਨ ਆਖਦੇ ਹਨ ਕਿ ਕਿਤਾਬ ਪੜ੍ਹਨੀ ਚੰਗੀ ਗੱਲ ਹੈ, ਪਰ ਅਸੀਂ ਕਿਹੜੀ ਕਿਤਾਬ ਪੜ੍ਹਦੇ ਹਾਂ, ਇਸ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਏ। ਬੰਦਾ ਕਿਤਾਬ ਪੜ੍ਹੇ, ਪਰ ਏਨੀ ਵੀ ਨਹੀਂ ਕਿ ਉਸ ਦਾ ਖਹਿੜਾ ਨਾ ਛੱਡੇ ਅਤੇ ਆਪਣੀਆਂ ਬਣਦੀਆਂ ਬਾਕੀ ਜ਼ਿੰਮੇਵਾਰੀਆਂ ਵੱਲ ਧਿਆਨ ਹੀ ਨਾ ਦੇਵੇ।

ਬੀਤੇ ਦਿਨੀਂ ਸੂਬੇ ਵਿੱਚ ਹੋਈਆਂ ਤਿੰਨ-ਚਾਰ ਮੰਦ-ਭਾਗੀਆਂ ਘਟਨਾਵਾਂ ਨੇ ਲੋਕਾਂ ਨੂੰ ਵਲੂੰਧਰ ਕੇ ਰੱਖ ਦਿੱਤਾ ਸੀ, ਪਰ ਉਹ ਸੀ ਕਿ ਉਹ ਆਪਣੇ ਵਿੱਚ ਮਸਤ ਸੀ। ਉਸ ਦੀਆਂ ਆਦਤਾਂ ਤੋਂ ਪ੍ਰੇਸ਼ਾਨ ਹੋ ਕੇ ਮੈਂ ਸੋਚਿਆ ਕਿ ਭਾਬੀ (ਮਹਿੰਗਾ ਸਿੰਘ ਦੇ ਘਰ ਵਾਲੀ) ਕੋਲ ਜਾ ਕੇ ਪਤਾ ਕਰਾਂ ਕਿ ਉਹ ਕੁਝ ਕਿਉਂ ਨਹੀਂ ਕਰਦੇ। ਇਸ ਦਾ ਪ੍ਰੋਗਰਾਮ ਬਣਾ ਕੇ ਮੈਂ ਮਹਿੰਗਾ ਸਿੰਘ ਦੇ ਘਰ ਦਾ ਕੁੰਡਾ ਜਾ ਖੜਕਾਇਆ। ਭਾਬੀ ਜੀ ਨੂੰ ਮਿਲਿਆ ਅਤੇ ਸਾਰੀ ਸਥਿਤੀ ਬਾਰੇ ਗੱਲ ਕੀਤੀ। ਭਾਬੀ ਜੀ ਆਪ ਅੱਗੋਂ ਹੰਝੂ ਵਹਾਉਣ ਲੱਗੇ, ਜਿਵੇਂ ਕਿਸੇ ਨੇ ਚਿਰਾਂ ਬਾਅਦ ਉਨ੍ਹਾਂ ਨਾਲ ਦੁੱਖ ਸਾਂਝਾ ਕੀਤਾ ਹੋਵੇ।

'ਕੀ ਦੱਸਾਂ ਵੀਰ ਜੀ, ਇਸ ਪਾਕਿਸਤਾਨੀ ਕਿਤਾਬ ਨੇ ਸਾਡਾ ਸਾਰਾ ਘਰ ਮੂਧਾ ਕਰ ਛੱਡਿਆ ਹੈ। ਜੇ ਮੈਂ ਉਹਦੇ ਬਾਰੇ ਕੁਝ ਕਹਿੰਦੀ ਹਾਂ ਤਾਂ ਸੂਈ ਕੁੱਤੀ ਵਾਂਗ ਚਾਰੇ ਪੈਰ ਚੁੱਕ ਪੈ ਜਾਂਦੇ ਹਨ। ਬੜਾ ਸਮਝਾਇਆ ਹੈ ਕਿ ਤੁਸੀਂ ਪੋਤੇ-ਦੋਹਤਿਆਂ ਵਾਲੇ ਹੋ ਗਏ ਹੋ, ਇਨ੍ਹਾਂ ਕਿਤਾਬਾਂ-ਕੁਤਾਬਾਂ ਵਿੱਚ ਕੁਝ ਨਹੀਂ ਰੱਖਿਆ। ਆਪਣੇ ਪਰਵਾਰ ਵੱਲ ਧਿਆਨ ਦਿਓ। ਚੱਲੋ ਕਿਤੇ ਕਿਤੇ ਜੇ ਪੜ੍ਹ ਵੀ ਲੈਣ ਤਾਂ ਮੈਂ ਨਹੀਂ ਰੋਕਦੀ, ਪਰ ਵੀਰ ਜੀ ਕੀ ਕਰਾਂ ਪਤਾ ਨਹੀਂ ਕਿਹੋ ਜਿਹੀ ਕਿਤਾਬ ਹੈ, ਜਿਹਦਾ ਕੋਈ ਚੈਪਟਰ ਖਤਮ ਹੋਣ ਵਿੱਚ ਹੀ ਨਹੀਂ ਆਉਂਦਾ।' ਭਾਬੀ ਜੀ ਭਾਵੁਕ ਹੋਏ ਮੇਰੇ ਮੂਹਰੇ ਆਪਣਾ ਦਰਦ ਬਿਆਨ ਕਰਦਿਆਂ ਅੱਗੇ ਬੋਲੇ, 'ਵੀਰ ਜੀ, ਖਸਮਾਂ ਨੂੰ ਖਾਵੇ ਪਰਵਾਰ, ਬੱਚੇ ਬਾਹਰ ਵਿਦੇਸ਼ਾਂ ਵਿੱਚ ਸੈਟ ਨੇ ਤੇ ਮੈਂ ਜਿਵੇਂ ਕਿਵੇਂ ਸਬਰ ਕਰ ਹੀ ਲਿਆ ਹੈ, ਪਰ ਉਨ੍ਹਾਂ ਲੋਕਾਂ ਦਾ ਕੀ ਕਸੂਰ ਹੈ, ਜਿਨ੍ਹਾਂ ਨੂੰ ਮੁੜ ਸੂਬੇ ਦੀ ਵਾਗਡੋਰ ਫੜਾ ਛੱਡੀ ਹੈ। ਕਿਨੀਆਂ ਵੱਡੀਆਂ ਘਟਨਾਵਾਂ ਹੋ ਗਈਆਂ, ਪਰ ਇਹ ਨੇ ਕਿ ਬੱਸ ਸਿਰਫ ਉਹ ਪਾਕਿਸਤਾਨੀ ਕਿਤਾਬ ਪੜ੍ਹਨ ਵਿੱਚ ਮਸ਼ਰੂਫ ਹਨ। ਪਤਾ ਨਹੀਂ ਉਹਦੇ ਵਿੱਚੋਂ ਕਿਹੜਾ ਸੂਬੇ ਤੇ ਪਰਵਾਰ ਦੀ ਖੁਸ਼ਹਾਲੀ ਦਾ ਨੁਸਖਾ ਲੱਭਦੇ ਹਨ, ਜਿਹੜਾ ਇਨ੍ਹਾਂ ਨੂੰ ਅਜੇ ਮਿਲਿਆ ਨਹੀਂ।'

ਭਾਬੀ ਦਾ ਦੁੱਖ ਮੇਰੇ ਕੋਲੋਂ ਜਰ ਨਾ ਹੋਇਆ। ਉਹ ਵੀ ਮਹਿੰਗਾ ਸਿੰਘ ਦੀਆਂ ਇਨ੍ਹਾਂ ਆਦਤਾਂ ਮੂਹਰੇ ਬੇਵੱਸ ਨਜ਼ਰ ਆ ਰਹੇ ਸਨ। ਆਖਰੀ ਵਾਰੀ ਭਾਬੀ ਜੀ ਨੂੰ ਦਿਲਾਸਾ ਤੇ ਆਪਣੀ ਆਖਰੀ ਕੋਸ਼ਿਸ਼ ਕਰਨ ਦੇ ਇਰਾਦੇ ਨਾਲ ਮੈਂ ਭਾਬੀ ਜੀ ਨੂੰ ਕਿਹਾ, "ਭਾਬੀ ਜੀ, ਬਾਈ ਮਹਿੰਗਾ ਸਿੰਘ ਹੈ ਕਿੱਥੇ? ਮੈਂ ਕੋਸ਼ਿਸ਼ ਕਰ ਲੈਂਦਾ ਹਾਂ ਜੇ ਕਿਤੇ ਉਹ ਸਮਝ ਜਾਣ ਤਾਂ।"

"ਉਹ ਕਿਤਾਬ ਪੜ੍ਹ ਰਹੇ ਹਨ।" ਭਾਬੀ ਜੀ ਨੇ ਚੁੰਨੀ ਦੇ ਲੜ ਨਾਲ ਆਪਣੀਆਂ ਅੱਖਾਂ ਪੂੰਝਦੇ ਹੋਏ ਕਿਹਾ।

"ਕਿਹੜੇ ਕਮਰੇ ਵਿੱਚ ਹਨ?" ਮੈਂ ਸਵਾਲ ਕੀਤਾ।

"ਕਮਰੇ ਕਮਰੇ ਵਿੱਚ ਕਿੱਥੇ, ਉਹ ਤਾਂ ਕਿਤਾਬ ਪੜ੍ਹਨ ਸ਼ਿਮਲੇ ਗਏ ਹੋਏ ਹਨ।"

'ਫੜ ਲਓ ਭੂੰਡ ਦੀਆਂ ਲੱਤਾਂ' ਸਾਹਿਬ ਬਹਾਦਰ ਨੂੰ ਸ਼ਿਮਲੇ ਵਿੱਚ ਜਾ ਕੇ ਕੌਣ ਲੱਭੇ ਕਿ ਉਹ ਕਿਹੜੀ ਪਹਾੜੀ 'ਤੇ, ਕਿਹੜੇ ਹੋਟਲ ਦੇ ਕਿਹੜੇ ਕਮਰੇ ਵਿੱਚ ਬੈਠੇ ਕਿਤਾਬ ਪੜ੍ਹਦੇ ਹਨ। ਇਹ ਤਾਂ ਆਪਣੇ ਵੱਸੋਂ ਬਾਹਰ ਦੀ ਗੱਲ ਹੈ, ਪਰ ਚੱਲੋ। ਕਿਤਾਬ ਦਾ ਚੈਪਟਰ ਪੂਰਾ ਹੋਵੇ ਜਾਂ ਨਾ ਹੋਵੇ, ਜਿਹੜੇ ਪੰਜਾਂ ਸਾਲਾਂ ਲਈ ਮੰਤਰੀ ਜੀ ਬਣੇ ਹਨ, ਉਹ ਪੰਜ ਸਾਲ ਤਾਂ ਕਦੇ ਨਾ ਕਦੇ ਪੂਰੇ ਹੋ ਹੀ ਜਾਣਗੇ। ਇਹ ਸੋਚ ਕੇ ਮੈਂ ਆਪਣੇ ਘਰ ਵੱਲ ਨੂੰ ਚਾਲੇ ਪਾ ਦਿੱਤੇ।

---

## ਨਵੇਂ ਸਮੇਂ ਦੇ ਸਾਕ

-ਜੱਗਾ ਸਿੰਘ ਆਦਮਕੇ

ਤਿੰਨ ਕੁ ਦਹਾਕੇ ਪਹਿਲਾਂ ਵਿਆਹ ਨਾਲ ਸਬੰਧਤ ਪਹਿਲੀ ਰਸਮ ਸਾਕ (ਸ਼ਗਨ) ਕੀਤੀ ਜਾਂਦੀ ਸੀ। ਸਾਕ ਕਰਨ ਦੀ ਇਹ ਰਸਮ ਕੁੜੀ ਵਾਲਿਆਂ ਵੱਲੋਂ ਮੁੰਡੇ ਦੇ ਘਰ ਜਾ ਕੇ ਅਦਾ ਕੀਤੀ ਜਾਂਦੀ ਸੀ। ਵਿਚੋਲੇ ਵੱਲੋਂ ਪਾਈ ਦੱਸ ਅਨੁਸਾਰ ਕੁੜੀ ਵਾਲਿਆਂ ਵੱਲੋਂ ਮੁੰਡੇ ਤੇ ਮੁੰਡੇ ਨਾਲ ਸਬੰਧਤ ਦੂਸਰੇ ਪੱਖ ਦੀ ਜਾਂਚ ਕਰਨ ਤੋਂ ਬਾਅਦ ਪਸੰਦ ਆਉਣ 'ਤੇ ਰਿਸ਼ਤੇ ਲਈ ਹਾਂ ਕਰ ਦਿੱਤੀ ਜਾਂਦੀ। ਇਸ ਤੋਂ ਬਾਅਦ ਦੋਵਾਂ ਧਿਰਾਂ ਵੱਲੋਂ ਸਾਕ ਕਰਨ ਲਈ ਕੋਈ ਦਿਨ ਮਿਥਿਆ ਜਾਂਦਾ। ਇਸ ਦਿਨ ਕੁੜੀ ਵਾਲਿਆਂ ਵੱਲੋਂ ਖਾਸ ਰਿਸ਼ਤੇਦਾਰ ਮੁੰਡੇ ਵਾਲਿਆਂ ਦੇ ਘਰ ਸਾਕ ਕਰਨ ਲਈ ਪਹੁੰਚਦੇ ਹਨ। ਉਦੋਂ ਤੱਕ ਮੁੰਡੇ ਤੇ ਕੁੜੀ ਨੇ ਇਕ ਦੂਸਰੇ ਨੂੰ ਵੇਖਿਆ ਨਹੀਂ ਸੀ ਹੁੰਦਾ। ਸਾਕ (ਸ਼ਗਨ) ਵਾਲੇ ਨਿਰਧਾਰਤ ਦਿਨ ਮੁੰਡੇ ਦੇ ਘਰ ਵਿਆਹ ਵਰਗਾ ਮਾਹੌਲ ਹੁੰਦਾ ਸੀ। ਸਬੰਧਤ ਘਰ ਵਿੱਚ ਪੂਰੀ ਰੌਣਕ ਹੁੰਦੀ ਸੀ। ਘਰ ਨੂੰ ਇਸ ਦਿਨ ਨੂੰ ਮੁੱਖ ਰੱਖਦਿਆਂ ਲਿੱਪਿਆ ਪੋਚਿਆ ਜਾਂਦਾ ਸੀ। ਮੁੰਡੇ ਵਾਲਿਆਂ ਵੱਲੋਂ ਰਿਸ਼ਤੇਦਾਰਾਂ ਅਤੇ ਪਿੰਡ ਦੇ ਪਤਵੰਤਿਆਂ ਨੂੰ ਇਸ ਮੌਕੇ ਸੱਦਾ ਦਿੱਤਾ ਜਾਂਦਾ ਸੀ। ਇਸ ਦਿਨ ਸਾਕ ਵਾਲੇ ਘਰ ਦੇ ਬਨੇਰੇ 'ਤੇ ਮੰਜੇ ਜੋੜ ਕੇ ਸਪੀਕਰ ਵਜਾਇਆ ਜਾਂਦਾ ਸੀ। ਮੁੰਡੇ ਵਾਲੇ ਘਰ ਇਕੱਠੀਆਂ ਹੋਈਆਂ ਔਰਤਾਂ ਵੱਲੋਂ ਮੁੰਡੇ, ਮੁੰਡੇ ਦੇ ਪਰਵਾਰ ਅਤੇ ਵਿਚੋਲੇ ਦੀ ਪ੍ਰਸ਼ੰਸਾ ਵਾਲੇ ਗੀਤ ਗਾਏ ਜਾਂਦੇ ਸਨ।

ਸਾਕ ਕਰਨ ਦੀ ਰਸਮ ਵੇਲੇ ਸਾਕ ਵਾਲੇ ਮੁੰਡੇ ਨੂੰ ਕੁਰਸੀ ਉਪਰ ਬੈਠਾਇਆ ਜਾਂਦਾ ਸੀ, ਜਿਸ ਦੇ ਸਾਹਮਣੇ ਮੇਜ਼ ਡਾਹਿਆ ਹੁੰਦਾ ਸੀ। ਇਸ ਸਮੇਂ ਔਰਤਾਂ ਵੱਲੋਂ ਗੀਤ ਗਾਇਆ ਜਾਂਦਾ:

ਚੰਨਣ ਦੀ ਚੌਂਕੀ ਮੈਂ ਡਾਹੀ ਵੀਰਾ,
ਉਤੇ ਬੈਠਾ ਵੇ ਤੂੰ।
ਮੁੱਖ ਤਾਂ ਉਚਾ ਚੁੱਕ ਵੇ,
ਤੇਰੇ ਸਹੁਰੇ ਨੂੰ ਦਿਖਾ ਦੇ ਮੂੰਹ।

ਇਸ ਦੇ ਨਾਲ ਇਸ ਮੌਕੇ ਨੂੰ ਪਰਮ-'ਤਮਾ ਵੱਲੋਂ ਸਿਰਜਿਆ ਮੌਕਾ ਸਮਝ ਕੇ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਗੀਤ ਵੀ ਗਾਏ ਜਾਂਦੇ:

ਚੜ੍ਹਦੇ ਕੰਨੀ ਨੂੰ ਬੈਠ ਕੇ ਵੀਰਾ
ਵੇ ਕੋਈ ਓਧਰੇ ਰੱਖੀਂ ਧਿਆਨ
ਅੱਜ ਖੁਸ਼ੀਆਂ ਮਨਾਉਂਦੇ ਦੇਵਤੇ
ਕੋਈ ਲੱਜਿਆ ਰੱਖੂ
ਵੇ ਵੀਰਨ ਪਿਆਰਿਆ ਵੇ, ਭਗਵਾਨ।

ਇਸ ਮਹੱਤਵ ਪੂਰਨ ਕਾਰਜ ਵਿੱਚ ਵਿਚੋਲੇ ਦੀ ਅਹਿਮ ਭੂਮਿਕਾ ਹੁੰਦੀ ਸੀ, ਇਸ ਕਰਕੇ ਔਰਤਾਂ ਵੱਲੋਂ ਇਸ ਸਮੇਂ ਗਾਏ ਜਾਂਦੇ ਗੀਤਾਂ ਵਿੱਚ ਵਿਚੋਲੇ ਦਾ ਜ਼ਿਕਰ ਤੇ ਪ੍ਰਸ਼ੰਸਾ ਵੀ ਕੀਤੀ ਜਾਂਦੀ:

ਤੇਰਾ ਵੇ ਵਿਚੋਲਿਆ ਪੁੱਤ ਜੀਵੇ
ਤੇ ਸਾਡਾ ਵਧੇ ਵੇ ਪਰਵਾਰ
ਅੱਜ ਹੱਥ, ਹੱਥ ਵਧ ਗਏ ਚੌਂਤਰੇ
ਕੋਈ ਗਜ਼, ਗਜ਼ ਵਧ ਗਈ ਵੇ
ਵੇ ਵਿਚੋਲਿਆ ਜੁੱਗ ਜਿਉਂਦਿਆਂ ਵੇ,
ਸਬਾਤ

ਸਾਕ ਕਰਨ (ਸ਼ਗਨ ਪਾਉਣ) ਦੀ ਰਸਮ ਕੁੜੀ ਦੇ ਰਿਸ਼ਤੇ ਦੇ ਕਿਸੇ ਬਜ਼ੁਰਗ ਵੱਲੋਂ ਨਿਭਾਈ ਜਾਂਦੀ। ਮੁੰਡੇ ਦੇ ਮੋਢੇ ਉਪਰ ਰੱਖੇ ਪਰਨੇ, ਤੌਲੀਏ ਵਿੱਚ ਕੁੜੀ ਵਾਲਿਆਂ ਵੱਲੋਂ ਲਿਆਂਦੇ ਪਤਾਸੇ, ਮਖਾਣੇ, ਸੁੱਕੇ ਮੇਵੇ, ਛੁਹਾਰੇ ਪਾਏ ਜਾਂਦੇ ਤੇ ਮੁੰਡੇ ਦੇ ਮੂੰਹ ਵਿੱਚ ਪਤਾਸੇ ਜਾਂ ਛੁਹਾਰੇ ਦਾ ਟੁਕੜਾ ਪਾਇਆ ਜਾਂਦਾ ਸੀ। ਇਸੇ ਕਾਰਨ ਇਸ ਰਸਮ ਨੂੰ ਕੁਝ ਥਾਵਾਂ 'ਤੇ ਛੁਹਾਰਾ ਲਾਉਣਾ ਜਾਂ ਲੱਗਣਾ ਵੀ ਕਿਹਾ ਜਾਂਦਾ ਸੀ। ਇਸ ਮੌਕੇ ਕੁੜੀ ਵਾਲਿਆਂ ਵੱਲੋ ਮੁੰਡੇ ਨੂੰ ਕੜਾ ਜਾਂ ਛਾਪ ਵਰਗਾ ਗਹਿਣਾ ਵੀ ਪਾਇਆ ਜਾਂਦਾ। ਇਸ ਸਮੇਂ ਔਰਤਾਂ ਵੱਲੋਂ ਗੀਤ ਗਾਇਆ ਜਾਂਦਾ:

ਸਾਡੀ ਵਾੜ ਪੁਰਾਣੀ ਸੀ,
ਉਹਦੇ 'ਤੇ ਅਸਰ ਪਿਆ।
ਪੋਤਾ ਬਾਬੇ ਦਾ ਮੰਗਿਆ,
ਝੋਲੀ ਉਹਦੇ ਸ਼ਗਨ ਪਿਆ।

ਸਾਕ ਕਰਨ ਆਏ ਕੁੜੀ ਵਾਲਿਆਂ ਵੱਲੋਂ ਸਲਾਮੀ ਦੇਣ ਤੋਂ ਬਾਅਦ ਮੁੰਡੇ ਦੇ ਪਰਵਾਰ ਵਾਲਿਆਂ ਦੇ ਪਰਵਾਰ, ਰਿਸ਼ਤੇਦਾਰਾਂ ਅਤੇ ਪਿੰਡ ਵਿੱਚੋਂ ਸਾਕ 'ਤੇ ਪਹੁੰਚੇ ਲੋਕਾਂ ਵੱਲੋਂ ਸ਼ਗਨ ਰੂਪੀ ਰਾਸ਼ੀ ਮੁੰਡੇ ਦੀ ਝੋਲੀ ਪਾਈ ਜਾਂਦੀ। ਸਾਕ ਸਮੇਂ ਆਏ ਲੋਕਾਂ ਨੂੰ ਕਾਗਜ਼ ਦੇ ਲਿਫਾਫਿਆਂ ਵਿੱਚ ਪਾਏ ਪਤਾਸੇ ਦਿੱਤੇ ਜਾਂਦੇ। ਘਰ ਦੇ ਦਰਵਾਜ਼ੇ ਅੱਗੇ ਪਤਾਸਿਆਂ ਦੇ ਲਿਫਾਫਿਆਂ ਵਾਲਾ ਟੋਕਰਾ ਲਈ ਬੈਠਾ ਵਿਅਕਤੀ ਹਰ ਕਿਸੇ ਨੂੰ ਪਤਾਸਿਆਂ ਵਾਲਾ ਲਿਫਾਫਾ ਫੜਾਉਂਦਾ। ਇਹ ਰਸਮ ਬੜੀ ਸਾਦੀ, ਘੱਟ ਖਰਚੀਲੀ ਤੇ ਅਰਥ ਭਰਪੂਰ ਹੁੰਦੀ ਸੀ।

ਸਮੇਂ ਨਾਲ ਵਿਆਹ ਦੀਆਂ ਹੋਰ ਰਸਮਾਂ ਰਿਵਾਜਾਂ ਵਿੱਚ ਆਈ ਤਬਦੀਲੀ ਦੇ ਨਾਲ ਇਸ ਰਸਮ ਵਿੱਚ ਵੀ ਤਬਦੀਲੀ ਆਈ ਹੈ। ਅੱਜ ਕੱਲ੍ਹ ਸਾਕ ਦੀ ਇਸ ਰਸਮ ਨੇ ਹੋਰ ਰੂਪ ਲੈ ਲਿਆ ਹੈ। ਇਹ ਰਸਮ ਉਲਟੀ ਹੋ ਗਈ ਹੈ, ਭਾਵ ਇਹ ਮੁੰਡੇ ਦੇ ਘਰ ਦੀ ਥਾਂ ਕੁੜੀ ਵਾਲਿਆਂ ਵੱਲ ਹੋਣ ਲੱਗੀ ਹੈ। ਮੁੰਡੇ ਕੁੜੀ ਵੱਲੋਂ ਇਕ ਦੂਸਰੇ ਨੂੰ ਵੇਖਣ ਅਤੇ ਪਸੰਦ ਆਉਣ 'ਤੇ ਮੁੰਡੇ ਵਾਲੇ ਨਿਰਧਾਰਤ ਦਿਨ ਕੁੜੀ ਵਾਲਿਆਂ ਦੇ ਘਰ ਸ਼ਗਨ ਪਾਉਣ ਜਾਂਦੇ ਹਨ। ਇਸ ਸਮੇਂ ਵੱਡੀ ਗਿਣਤੀ ਵਿੱਚ ਮੁੰਡੇ ਵਾਲਿਆਂ ਦੇ ਪਰਵਾਰਕ ਮੈਂਬਰ, ਸਕੇ ਸਬੰਧੀ ਅਤੇ ਰਿਸ਼ਤੇਦਾਰ ਬਰਾਤ ਵਾਂਗ ਆਉਂਦੇ ਹਨ। ਬਹੁਤ ਸਾਰੇ ਲੋਕਾਂ ਵੱਲੋਂ ਸ਼ਗਨ ਪਾਉਣ ਦਾ ਪ੍ਰੋਗਰਾਮ ਪੈਲੇਸਾਂ ਵਿੱਚ ਕੀਤਾ ਜਾਣ ਲੱਗਾ ਹੈ, ਜਿਸ ਦਾ ਕਾਫੀ ਸਾਰਾ ਖਰਚ ਹੁੰਦਾ ਹੈ। ਇਸ ਸਮੇਂ ਦੋਵਾਂ ਪਰਵਾਰਾਂ ਦਾ ਗਹਿਣਿਆਂ ਦਾ ਆਦਾਨ ਪ੍ਰਦਾਨ ਵੱਡੇ ਪੱਧਰ 'ਤੇ ਹੁੰਦਾ ਹੈ। ਖਾਣੇ ਆਦਿ ਉਪਰ ਕਾਫੀ ਖਰਚ ਹੁੰਦਾ ਹੈ। ਔਰਤਾਂ ਵੱਲੋਂ ਕੋਈ ਗੀਤ ਨਹੀਂ ਗਾਏ ਜਾਂਦੇ, ਸਗੋਂ ਕਈ ਵਾਰ ਡੀ ਜੇ ਵਜਾਇਆ ਜਾਂਦਾ ਜਾਂ ਆਰਕੈਸਟਰਾਂ ਨੂੰ ਬੁਲਾਇਆ ਜਾਂਦਾ ਹੈ।

---

## ਜਲ ਸੰਕਟ ਦੀ ਗੰਭੀਰ ਚੁਣੌਤੀ

-ਪ੍ਰੋ. ਸ਼ੋਇਬ ਜ਼ਫਰ-



ਭਾਰਤ ਵਿੱਚ ਸੰਸਾਰ ਦੀ 17 ਫੀਸਦੀ ਆਬਾਦੀ ਵੱਸਦੀ ਹੈ, ਪਰ ਪਾਣੀ ਦੇ ਸਰੋਤ ਲਗਭਗ ਚਾਰ ਫੀਸਦੀ ਹਨ। ਇਸ ਦੇ ਬਾਵਜੂਦ ਪਾਣੀ ਨੂੰ ਬਚਾਉਣ ਲਈ ਗੰਭੀਰ ਯਤਨ ਨਹੀਂ ਹੋ ਰਹੇ। ਦੇਸ਼ ਵਿੱਚ ਪਾਣੀ ਬਚਾਉਣ ਦੀ ਕੋਈ ਸਮੁਚਿਤ ਪ੍ਰਣਾਲੀ ਅਜੇ ਵਿਕਸਿਤ ਨਹੀਂ ਕੀਤੀ ਜਾ ਸਕੀ। ਇਸ ਸਮੱਸਿਆ ਦੀ ਸਭ ਤੋਂ ਵੱਡੀ ਵਜ੍ਹਾ ਪਾਣੀ ਦਾ ਡਿੱਗਦਾ ਪੱਧਰ ਹੈ।

ਯੂਨੈਸਕੋ ਦੀ ਇਕ ਰਿਪੋਰਟ ਮੁਤਾਬਕ ਪਿਛਲੇ 10 ਸਾਲਾਂ ਵਿੱਚ ਪਾਣੀ ਦਾ ਪੱਧਰ 65 ਪ੍ਰਤੀਸ਼ਤ ਤੱਕ ਡਿੱਗਿਆ ਹੈ। ਜ਼ਮੀਨੀ ਪਾਣੀ ਦੀ ਵਰਤੋਂ ਦੇ ਮਾਮਲੇ ਵਿੱਚ ਭਾਰਤ ਦੁਨੀਆ ਵਿੱਚ ਪਹਿਲੇ ਨੰਬਰ 'ਤੇ ਹੈ। ਭਾਰਤ ਵਿੱਚ ਧਰਤੀ ਹੇਠਲੇ ਸਾਫ ਪਾਣੀ ਦੇ ਜ਼ਿਆਦਾਤਰ ਹਿੱਸਿਆਂ ਦੀ ਵਰਤੋਂ ਹੋ ਚੁੱਕੀ ਹੈ। ਭਾਰਤ ਵਿੱਚ ਸਾਲਾਨਾ ਖਪਤ ਲਈ ਜ਼ਰੂਰਤ ਜਿੰਨਾ ਪਾਣੀ ਪ੍ਰਾਪਤ ਨਹੀਂ ਹੋ ਰਿਹਾ। ਵਿਸ਼ਵ ਬੈਂਕ ਦੇ ਪਿਛਲੇ ਚਾਰ ਸਾਲ ਦੇ ਅੰਕੜਿਆਂ ਮੁਤਾਬਕ ਘਰੇਲੂ, ਖੇਤੀ ਅਤੇ ਉਦਯੋਗਿਕ ਪ੍ਰਯੋਗ ਲਈ ਹਰ ਵਰ੍ਹੇ 361 ਮਿਲੀਅਨ ਕਿਊਬਿਕ ਮੀਟਰ ਪਾਣੀ ਦੀ ਵਰਤੋਂ ਹੁੰਦੀ ਹੈ। ਪਾਣੀ ਦੀ ਸਮੱਸਿਆ ਵਧਣ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਅੱਧੇ ਤੋਂ ਜ਼ਿਆਦਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਮੁੱਖ ਰੂਪ ਵਿੱਚ ਉਦਯੋਗਾਂ ਅਤੇ ਸੀਵਰੇਜ ਦੇ ਨਾਲ ਹੀ ਕੀਟਨਾਸ਼ਕ ਦਵਾਈਆਂ ਦੀ ਵਧ ਰਹੀ ਵਰਤੋਂ ਨੇ ਵੀ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕੀਤਾ ਹੈ, ਜਿਸ ਨਾਲ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਫੈਲਣ ਦਾ ਖਤਰਾ ਵੀ ਵਧ ਗਿਆ ਹੈ।

ਕੇਂਦਰੀ ਭੂਮੀ ਜਲ ਬੋਰਡ ਦੀ ਰਿਪੋਰਟ ਮੁਤਾਬਕ ਦੁਨੀਆ ਦਾ ਹਰ ਦਸਵਾਂ ਪਿਆਸਾ ਵਿਅਕਤੀ ਭਾਰਤ ਦੇ ਪਿੰਡਾਂ ਵਿੱਚ ਰਹਿੰਦਾ ਹੈ। ਪਾਣੀ ਦੀ ਸਮੱਸਿਆ ਸੰਭਾਲ ਦੀ ਕਮੀ ਕਾਰਨ ਵਧਦੀ ਜਾ ਰਹੀ ਹੈ। ਕੁਦਰਤ ਨੇ ਭਾਰਤ ਨੂੰ ਵੱਡੀ ਮਾਤਰਾ ਵਿੱਚ ਪਾਣੀ ਦਾ ਤੋਹਫਾ ਦਿੱਤਾ ਹੈ, ਪਰ ਇਸ ਦੀ ਸੰਭਾਲ ਨਾ ਹੋਣ ਕਾਰਨ ਅੱਜ ਅਜਿਹਾ ਸਮਾਂ ਵੇਖਣਾ ਪੈ ਰਿਹਾ ਹੈ। ਧਰਤੀ ਹੇਠਲੇ ਪਾਣੀ ਦਾ ਪੱਧਰ ਪਿਛਲੇ ਦੋ ਦਹਾਕਿਆਂ ਵਿੱਚ ਲਗਭਗ ਤਿੰਨ ਗੁਣਾ ਥੱਲੇ ਚੱਲਾ ਗਿਆ ਹੈ।

ਇਹ ਸਮੁੱਚੀ ਦੁਨੀਆ ਲਈ ਸਮੱਸਿਆ ਬਣਦਾ ਜਾ ਰਿਹਾ ਹੈ। ਇਕ ਅੰਦਾਜ਼ੇ ਮੁਤਾਬਕ ਦੁਨੀਆ ਦੀ 40 ਫੀਸਦੀ ਆਬਾਦੀ 2050 ਤੱਕ ਜਲ ਸੰਕਟ ਦੀ ਲਪੇਟ ਵਿੱਚ ਹੋਵੇਗੀ। ਲਗਾਤਾਰ ਵਧਦੇ ਤਾਪਮਾਨ ਤੇ ਮੌਸਮ ਦੇ ਅਚਾਨਕ ਬਦਲਾਅ ਕਾਰਨ ਨਦੀਆਂ, ਤਲਾਬ ਅਤੇ ਝਰਨੇ ਸੁੱਕ ਰਹੇ ਹਨ। 2025 ਤੱਕ ਭਾਰਤ ਗੰਭੀਰ ਜਲ ਸੰਕਟ ਵਾਲਾ ਦੇਸ਼ ਬਣ ਜਾਵੇਗਾ, ਭਾਵੇਂ ਅੱਜ ਵੀ ਇਹ ਸੰਕਟ ਘੱਟ ਗੰਭੀਰ ਨਹੀਂ ਹੈ। ਬਦਲਦੇ ਮੌਸਮ ਦੇ ਮਿਜਾਜ਼ ਨੇ ਇਸ ਸਮੱਸਿਆ ਵਿੱਚ ਹੋਰ ਵਾਧਾ ਕੀਤਾ ਹੈ। ਹਰ ਸਾਲ ਗੰਦੇ ਪਾਣੀ ਦੀ ਵਰਤੋਂ ਤੇ ਉਚਿਤ ਸਾਫ ਸਫਾਈ ਦੀ ਕਮੀ ਕਾਰਨ 3,15,000 ਤੋਂ ਜ਼ਿਆਦਾ ਬੱਚੇ ਮਰ ਜਾਂਦੇ ਹਨ। ਦੁਨੀਆ ਭਰ ਵਿੱਚ ਕੁਪੋਸ਼ਣ ਦੇ ਅੱਧੇ ਤੋਂ ਵੱਧ ਕੇਸਾਂ ਦੀ ਵਜ੍ਹਾ ਗੰਦਾ ਪਾਣੀ ਹੈ। 2030 ਤੱਕ ਦੁਨੀਆ ਦੀ ਆਬਾਦੀ 850 ਕਰੋੜ ਅਤੇ 2050 ਤੱਕ 970 ਕਰੋੜ ਹੋਣ ਦਾ ਅਨੁਮਾਨ ਹੈ, ਪਰ ਪਾਣੀ ਦੀ ਵਧਦੀ ਖਪਤ ਨੂੰ ਲੈ ਕੇ ਕਿਸੇ ਕਿਸਮ ਦੀ ਤਿਆਰੀ ਨਜ਼ਰ ਨਹੀਂ ਆ ਰਹੀ। ਪਰਵਾਰਾਂ ਦੀ ਵਧਦੀ ਆਮਦਨ ਅਤੇ ਉਦਯੋਗਾਂ ਦੇ ਵਿਸਥਾਰ ਕਾਰਨ ਪਾਣੀ ਦੀ ਘਰੇਲੂ ਅਤੇ ਉਦਯੋਗਿਕ ਮੰਗ ਵਧਦੀ ਜਾ ਰਹੀ ਹੈ। ਦੇਸ਼ ਵਿੱਚ ਖੇਤੀ ਲਈ ਲਗਭਗ 70 ਫੀਸਦੀ ਅਤੇ ਘਰੇਲੂ ਲੋੜਾਂ ਲਈ 80 ਫੀਸਦੀ ਜ਼ਮੀਨੀ ਪਾਣੀ ਦੀ ਵਰਤੋਂ ਹੋ ਰਹੀ ਹੈ।

ਪਾਣੀ ਦੀ ਸਮੱਸਿਆ ਗੰਭੀਰ ਹੋਣ ਦਾ ਇਕ ਵੱਡਾ ਕਾਰਨ ਇਹ ਹੈ ਕਿ ਸਾਡੇ ਦੇਸ਼ ਵਿੱਚ ਪਾਣੀ ਦੀ ਵਰਤੋਂ ਮਨਮਾਨੇ ਢੰਗ ਨਾਲ ਕੀਤੀ ਜਾਂਦੀ ਹੈ। ਪਾਣੀ ਦੀ ਦੁਰਵਰਤੋਂ ਰੋਕਣ ਦੀ ਠੋਸ ਨੀਤੀ ਬਣਾਉਣ ਦੀ ਫਿਕਰ ਕਿਸੇ ਨੂੰ ਵੀ ਨਹੀਂ ਜਾਪਦੀ। ਇਕ ਵਿਚਾਰ ਇਹ ਦਿੱਤਾ ਜਾਂਦਾ ਹੈ ਕਿ ਪਾਣੀ ਦੇ ਵਪਾਰੀਕਰਨ ਨਾਲ ਇਸ ਦੀ ਦੁਰਵਰਤੋਂ ਰੁਕੇਗੀ। ਅਜਿਹਾ ਕਰਨ ਨਾਲ ਲੋਕ ਪਾਣੀ ਦੀ ਕੀਮਤ ਸਮਝਣਗੇ ਅਤੇ ਬਹੁਤ ਧਿਆਨ ਨਾਲ ਵਰਤਣਗੇ, ਪਰ ਇਹ ਵਿਚਾਰ ਠੀਕ ਨਹੀਂ ਹੈ ਕਿਉਂਕਿ ਪਾਣੀ ਦੀ ਹਰ ਕਿਸੇ ਨੂੰ ਹਰ ਸਮੇਂ ਲੋੜ ਹੈ। ਮਨੁੱਖੀ ਹੋਂਦ ਲਈ ਹੀ ਇਹ ਸਭ ਤੋਂ ਜ਼ਰੂਰੀ ਤੱਤ ਮੰਨਿਆ ਜਾਂਦਾ ਹੈ। ਇਸ ਲਈ ਦੁਰਵਰਤੋਂ ਰੋਕਣ ਲਈ ਪਾਣੀ ਦੇ ਵਪਾਰੀਕਰਨ ਦੀ ਥਾਂ ਹੋਰ ਸਾਧਨ ਵਰਤੇ ਜਾਣ। ਜ਼ਮੀਨ ਹੇਠਲੇ ਪਾਣੀ ਦੀ ਕਮੀ ਨੂੰ ਸਿਰਫ ਬਾਰਿਸ਼ ਦੀ ਕਮੀ ਨਾਲ ਜੋੜਿਆ ਨਹੀਂ ਜਾ ਸਕਦਾ, ਸਗੋਂ ਕੁਦਰਤੀ ਸਰੋਤਾਂ ਦਾ ਸੁੱਕਣਾ ਤੇ ਕੁਦਰਤ ਨੂੰ ਨੁਕਸਾਨ ਪਹੁੰਚਾ ਕੇ ਕੀਤਾ ਜਾ ਰਿਹਾ ਵਿਕਾਸ ਇਸ ਡਿੱਗਦੇ ਪੱਧਰ ਲਈ ਜ਼ਿੰਮੇਵਾਰ ਹੈ। ਸਾਡੇ ਦੇਸ਼ ਦੀ ਆਬਾਦੀ ਸਵਾ ਸੌ ਕਰੋੜ ਤੋਂ ਵੱਧ ਹੈ। ਭੂ ਵਿਗਿਆਨੀਆਂ ਦਾ ਮੰਨਮਾ ਹੈ ਕਿ 2025-26 ਤੱਕ ਪਾਣੀ ਦੀ ਉਪਲੱਬਧਾ ਘੱਟ ਕੇ ਨੂੰ1200 ਕਿਊਬਿਕ ਮੀਟਰ ਰਹਿ ਜਾਵੇਗੀ। ਵਿਸ਼ਵ ਬੈਂਕ ਦਾ ਕਹਿਣਾ ਹੈ ਕਿ ਭਾਰਤ ਵਿੱਚ 48 ਫੀਸਦੀ ਇਲਾਕੇ ਵਿੱਚ ਪਾਣੀ ਦੀ ਸਮੱਸਿਆ ਹੈ ਜਿਨ੍ਹਾਂ ਵਿੱਚੋਂ 24 ਫੀਸਦੀ ਖੇਤਰਾਂ ਦਾ ਪਾਣੀ ਬਹੁਤ ਜ਼ਹਿਰੀਲਾ ਹੋ ਚੁੱਕਾ ਹੈ।

ਦੁਨੀਆ ਦੇ ਕਈ ਵਿਕਾਸਸ਼ੀਲ ਦੇਸ਼ਾਂ ਵਿੱਚ ਸਰਕਾਰ ਅਤੇ ਆਮ ਲੋਕਾਂ ਦੀ ਹਿੱਸੇਦਾਰੀ ਨਾਲ ਪਾਣੀ ਦੇ ਸਰੋਤਾਂ ਵਿੱਚ ਵਾਧੇ ਦੀਆਂ ਮਿਸਾਲਾਂ ਸਾਹਮਣੇ ਆਈਆਂ ਹਨ। ਭਾਰਤ ਵਿੱਚ ਬਾਰਿਸ਼ ਹੀ ਪਾਣੀ ਦਾ ਪ੍ਰਮੁੱਖ ਸਾਧਨ ਹੈ। ਰਾਜਸਥਾਨ ਵਿੱਚ ਮੀਂਹ ਦੇ ਪਾਣੀ ਨੂੰ ਸੁਰੱਖਿਅਤ ਰੱਖਣ ਦਾ ਕੰਮ ਬਿਨਾਂ ਕਿਸੇ ਸਰਕਾਰੀ ਮਦਦ ਦੇ ਸਮਾਜਿਕ ਪੱਧਰ 'ਤੇ ਸਦੀਆਂ ਤੋਂ ਹੋ ਰਿਹਾ ਹੈ। ਧਾਰਮਿਕ ਸਥਾਨਾਂ ਕੋਲ ਤਲਾਅ ਤੇ ਖੂਹ ਬਣਾਉਣ ਦੀ ਰਵਾਇਤ ਪੁਰਾਣੇ ਜ਼ਮਾਨੇ ਤੋਂ ਚੱਲੀ ਆ ਰਹੀ ਹੈ, ਪਰ ਅੱਜ ਅਸੀਂ ਧਰਤੀ ਤੋਂ ਜਿੰਨਾ ਪਾਣੀ ਲੈਂਦੇ ਹਾਂ, ਓਨਾ ਵਾਪਸ ਦੇਣ ਦੀ ਕੋਸ਼ਿਸ਼ ਨਹੀਂ ਕਰ ਰਹੇ। ਰੋਜ਼ਾਨਾ ਦੀ ਜ਼ਿੰਦਗੀ ਵਿੱਚ ਪਾਣੀ ਦੀ ਵਾਧੂ ਵਰਤੋਂ ਰੋਕ ਕੇ ਵੀ ਅਸੀਂ ਕਾਫੀ ਪਾਣੀ ਬਚਾ ਸਕਦੇ ਹਾਂ। ਪਾਣੀ ਪ੍ਰਤੀ ਸਾਨੂੰ ਆਪਣੀ ਸੋਚ ਬਦਲਣੀ ਹੀ ਪਵੇਗੀ।

**CN Forklift Training Center**

Counterbalance All Types | Walkie pallet Low Lift | Electric Motor Narrow Aisle Reach | Cherry Order Picker

License $69 Toll Free: 1 855 230 0001

7033 Telford Way, Unit #4, Mississauga, ON L5S 1V4

When You Need Re certified License & Training First Call to us

Cell: 416 726 6206 Tel: 905 405 0001

NC Dhawan, Certified Instructor

**INTERMODAL DIVISION OF EVCRO INC**

WANTED! OWNER OPERATORS

Qualifications: Minimum 2 years experience, Minimum 21 years of age with a clean abstract & CVOR.

- Payment Weekly
- Direct Deposit
- Safety Bonus Program
- Fuel surcharge paid
- Container division paid per mile (additional paid on train units).

New rates!!!!

Call Matt, or Wayne at 1-800-265-8526

**Action Kitchen & Bath Inc**

MANUFACTURE OF FINE CUSTOM KITCHEN AND BATH VANITIES

BUY DIRECT FROM THE FACTORY AND SAVE

ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਓ

SPECIAL DISCOUNT FOR CONTRACTORS

Custom Kitchen & Vanities ● Granite Countertops

Complete Kitchen & Bathroom Renovations

3D Computer Design

We will beat any written quote by 10%

Call for FREE In-Home Estimate

905-799-7277 or 1-800-536-2480

Mon - Fri : 9am to 6pm Sat: 11am - 4pm

Sun: APPOINTMENT ONLY

actionkitchen@live.ca

www.actionkitchen.ca

8 Starthern Ave, Unit 1 & 2, Brampton (South of Steeles facing Dixie)

**JOSHI LAW OFFICE**

Barrister, Solicitor & Notary Public

info@joshilawoffice.com | joshilawoffice.com

- Immigration
- Real Estate / Commercial Law
- Affidavit / Power of Attorney

6921 Steels Ave. W. Unit 11, Etobicoke, ON

Rakesh M. Joshi B.A., LL.B 416-213-8600

**Best Insurance Rates**

Auto - Home - Business

Dir: 647-400-2949

ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ

Discounts upto 35% on Auto & Home

Amanpreet S. Batth

Address: 1550 South Gateway Rd. Suite 220 Mississauga, ON L4W 5G6

**INSURANCE**

- Home
- Auto
- Business
- Trucking
- Life Insurance
- Commercial

647-206-2452

Sukhwinder K Singh

CONNEX 7050A Bramalea Rd, Unit # 13, Mississauga, ON L5S 1T1

**ALLKIND INSURANCE**

NOW HIRING !!!

SUPER VISA INSURANCE

VISITOR INSURANCE

- LIFE INSURANCE
- MORTGAGE INSURANCE
- CRITICAL ILLNESS INS
- DISABILITY INSURANCE
- TRAVEL INS
- FUNERAL INSURANCE
- RESP & TFSA & RRSP

SIMRAN SAINI 416.994.7272

www.allkindinsurance.com

**NEED A LAWYER ??**

Red Seal NOTARY

**KAUR LAW OFFICE**

REAL ESTATE LAWYER

- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION

- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER

- Child & Spousal support
- Custody & Access
- Divorce
- Equalization

BUSINESS LAW

- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE

- Wills
- Certificate of Estate Trustee with/without Will
- Power of attorney for Property & Personal Care

MANJEET KAUR

LL.B., (London UK) Barrister, Solicitor & Notary Public

Tel : 905-454-0099

Fax: 905-454-2234

2575 Steeles Ave. E., Unit 1,Brampton, ON L6T 5T1

**SEHMBI RENOVATIONS**

ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ

- Custom Kitchen Cabinets
- Completly Furnished
- Legal Basement
- Painting & Flooring

ਵਾਜਿਬ ਕੀਮਤ ਤੇ ਸਮੇਂ ਸਿਰ ਕੰਮ

Jaswant Sehmbi: 647.524.0885

**HELPING YOUR PLAN TODAY......FOR TOMORROW**

- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP

JATINDERBIR S BAJWA, Insurance Broker

Dir: 647-928-4990 www.ufsinsurance.com

# 25-831 Bovarid Dr. W. Brampton,ON,L6X0T9

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ

- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ

ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ

ਹੁਣੇ ਹੀ ਕਾਲ ਕਰੋ

75% ਤੱਕ ਆਪਣਾ ਕਰਜ਼ਾ ਮਾਫ ਕਰਾਓ,

ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ

ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ

Late Evening and Weekends Appointments Available

1888 864 3131

Jasbir Singh Hundal, Qualified Credit Counsellor

ਕਰਜ਼ੇ ਦੀ ਸਿਰਦਰਦੀ ?

www.MakeMeDebtFree.ca

416-502-3100

Unit #20 - 7015 Tranmere Drive Mississauga, ON L5S 1T7

**ASIAN FOOD CENTRE**



FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*

*HEALTHY EATING*

SERVING FROM 10 LOCATIONS IN ALL THE GTA AREA:

10 Westmore Drive, Etobicoke ON M9V-3Z7, 416-740-3262

2120 North park Drive, Brampton ON L6S 0C9, 905-793-1338

10510 Torbram Road, Brampton, 905-790-0030

308 Eddystone Ave, North York ON M3N-1H7, 416-740-3360

621 Wanless drive, # 122, Brampton ON L7A 0A9, 905-495-3336

284 Orenda Road #13, Brampton ON L6T 5S3, 905-450-9167

10 Pannahill Dr, Brampton, 905 913-8017

80 Pertosa Drive, Brampton ON L5X-5E9, 905-460-0009

1075 Ceremonial Drive, Mississauga ON L5R 2Z4, 905-502-1600

21 Lacoste Blvd, Brampton, ON L6P 2K2, 905 794-8109

